ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 20 | Issue 113| 6 to 12 March, 2024 | Ph.: (510) 240-5949 | Email: asrtimes@gmail.com



# ਵਿਧਾਨ ਸਭਾ 'ਚ ਜ਼ੂਰਗੀ ਹੈ ਮਰਿਆਦਾ ਦਾ ਜਿੰਦਰਾ

## ਬਜਟ ਇਜਲਾਸ ਦੌਰਾਨ ਮਿਹਣੋ ਮਿਹਣੀ ਹੋਈਆਂ ਸੱਤਾਧਾਰੀ ਤੇ ਵਿਰੋਧੀ ਧਿਰ

### ਲੋਕ ਮੁੱਦਿਆਂ ਦੀ ਥਾਂ ਨਿੱਜੀ ਦੂਸ਼ਣਬਾਜੀ ਹੋਈ ਭਾਰੂ

**ਬਲਰਾਜ ਪੰਨੂੰ**

ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਵਿੱਚ ਮਿਆਰੋਂ ਹੀਣੀ ਸਿਆਸਤ ਦੇ ਨਮੂਨੇ ਵੇਖਣ ਨੂੰ ਮਿਲੇ। ਕਿਧਰੇ ਇਹ ਰਣਨੀਤੀ ਦਾ ਹਿਸਾ ਤਾਂ ਨਹੀਂ ? ਕਿਧਰੇ ਇਹ ਬਦਲਾ ਲਊ ਤਰੀਕਾ ਤਾਂ ਨਹੀਂ, ਕਿਉਂਕਿ ਤੁਹਾਨੂੰ ਯਾਦ ਹੋਣੈ ਕਿ ਰਾਜਪਾਲ ਦਾ ਭਾਸ਼ਣ ਸੀ, ਉਸ ਦਿਨ ਵਿਰੋਧੀ ਧਿਰ ਏਨੀ ਹਾਵੀ ਹੋਈ ਸੀ ਕਿ ਛੱਤੀ ਪੰਨਿਆਂ ਦੇ ਭਾਸ਼ਣ ਵਿੱਚੋਂ ਰਾਜਪਾਲ ਨੂੰ ਇੱਕ ਪੰਨਾ ਵੀ ਨਹੀਂ ਸੀ ਪੜ੍ਹਨ ਦਿੱਤਾ ਗਿਆ। ਹਾਵੀ ਸੀ ਵਿਰੋਧੀ ਧਿਰ ਉਸ ਦਿਨ। ਕਹਿੰਦੇ ਨੇ ਉਸ ਦਿਨ ਪੰਦਰਾਂ ਕੁ ਮਿੰਟ ਦੀ ਮੁੱਖ ਮੰਤਰੀ ਨੇ ਇੱਕ ਮੀਟਿੰਗ ਰੱਖੀ ਤੇ ਕਿਹਾ ਕਿ ਸੱਤਾਧਾਰੀ ਧਿਰ ਨੂੰ ਵਿਰੋਧੀ ਧਿਰ 'ਤੇ ਹਾਵੀ ਹੋਣਾ ਚਾਹੀਦਾ ਹੈ। ਕੀ ਇਹ ਉਸ ਦਿਨ ਦੀ ਗੱਲ ਦਾ ਜਵਾਬ ਸੀ ? ਪ੍ਰਤਾਪ ਸਿੰਘ ਬਾਜਵਾ ਨੇ ਕੋਈ ਪਹਿਲੀ ਵਾਰ ਕਟਾਕਸ਼ ਨਹੀਂ ਸੀ ਕੀਤਾ ਕਿ ਸੀ.ਐਮ. ਸਾਹਿਬ ਨੂੰ ਸਾਰੀਆਂ ਹੱਦਾਂ ਤੋੜਨੀਆਂ ਪਈਆਂ। ਉਨ੍ਹਾਂ ਨੇ ਸਪੀਕਰ ਸਾਹਿਬ ਨੂੰ ਜਿੰਦਰਾ ਦਿੱਤਾ ਕਿ ਸੰਸਦ ਦੇ ਅੰਦਰਲੀ ਸਾਈਡ 'ਤੇ ਇਹ ਜਿੰਦਰਾ ਮਾਰ ਦਿੱਤਾ ਜਾਵੇ ਤਾਂ ਕਿ ਵਿਰੋਧੀ ਧਿਰ ਬਾਹਰ ਨਾ ਜਾ ਸਕੇ। ਕੀ ਤੁਹਾਨੂੰ ਨਹੀਂ ਲੱਗਦਾ ਕਿ ਸਾਡੇ ਸੀ.ਐਮ. ਸਾਹਿਬ ਨੂੰ ਵੀ ਮਰਿਆਦਾ ਦੇ ਜਿੰਦਰੇ ਦਾ ਪੱਲਾ ਨਹੀਂ ਸੀ ਛੱਡਣਾ ਚਾਹੀਦਾ। ਬਹਿਸ ਕਰੋ, ਇਲਜ਼ਾਮ ਲਗਾਓ, ਇਹ ਰਾਜਨੀਤੀ ਵਿੱਚ ਹੁੰਦਾ ਆਇਐ, ਪਰ ਉਸਾਰੂ ਬਹਿਸ ਕਰੋ, ਜਿਹੜੀ ਲੋਕਾਂ ਦੇ ਹੱਕ ਵਿੱਚ ਹੋਵੇ।

ਬਹਿਸਾਂ ਹੁੰਦੀਆਂ ਆਈਆਂ ਨੇ, ਪਰ ਇਹ ਇੱਕ ਨਵੇਂ ਤਰੀਕੇ ਦੀ ਤੂੰ ਤੂੰ ਮੈਂ ਮੈਂ ਹੋਈ। ਕਹਿੰਦੇ ਨੇ ਜਦੋਂ ਬੇਅੰਤ ਸਿੰਘ ਸੀ.ਐਮ. ਸੀ ਬਹਿਸ ਤਾਂ ਉਦੋਂ ਵੀ ਹੋਈ ਸੀ ਤੇ ਕਹਿੰਦੇ ਨੇ ਕਿ ਵਿਰੋਧੀ ਧਿਰ ਦੇ ਦੋ ਐਮ.ਐਲ.ਏ. ਕੁੱਟੇ ਗਏ ਸੀ। ਬਿਕਰਮ ਸਿੰਘ ਮਜੀਠੀਆ ਅਤੇ ਰਾਣਾ ਗੁਰਜੀਤ ਆਮ ਗਾਲ੍ਹੋ ਗਾਲ੍ਹੀ ਹੁੰਦੇ ਰਹੇ ਨੇ। 2002 ਦੇ ਵਿੱਚ ਕੈਪਟਨ ਅਮਰਿੰਦਰ ਸਿੰਘ ਜਦੋਂ ਮੁੱਖ ਮੰਤਰੀ ਬਣੇ ਸੀ ਤਾਂ ਇੱਕ ਵਾਰੀ ਸੈਸ਼ਨ ਦੇ ਵਿੱਚ ਉਹਨਾਂ ਨੇ ਪ੍ਰਕਾਸ਼ ਸਿੰਘ ਬਾਦਲ ਨੂੰ 'ਤੂੰ- ਤੂੰ' ਲਫ਼ਜ਼ ਵਰਤੇ ਸੀ ਤੇ ਲੋਕਾਂ ਵੱਲੋਂ ਇਸ ਦੀ ਨਿੰਦਾ ਵੀ ਕੀਤੀ ਗਈ ਸੀ ਪਰ ਕੈਪਟਨ ਸਾਹਿਬ ਦੇ ਮੁੱਖ ਮੰਤਰੀ ਵਜੋਂ ਕਾਰਜਕਾਲ ਦੇ ਆਖ਼ਰੀ ਸਾਲ ਦੇ ਵਿੱਚ ਬਾਦਲ ਸਾਹਿਬ ਨੇ ਵੀ ਕੈਪਟਨ ਨੂੰ 'ਤੂੰ' ਲਫ਼ਜ਼ ਵਰਤਿਆ ਸੀ ਤੇ ਸ਼ਾਇਦ ਪ੍ਰਕਾਸ਼ ਸਿੰਘ ਬਾਦਲ ਵੱਲੋਂ ਇਹ ਪਹਿਲੀ ਵਾਰ ਸੀ ਕਿਉਂਕਿ ਉਹ ਹਮੇਸ਼ਾ ਸਾਹਮਣੇ ਖੜੇ ਬੰਦੇ ਨੂੰ ਵੀ 'ਤੁਸੀਂ' ਕਹਿ ਕੇ ਸੰਬੋਧਨ ਕਰਦੇ ਸੀ। ਸਰਕਾਰਾਂ ਦਾ ਕੰਮ ਹੁੰਦਾ ਹੈ ਕਿ ਆਪਣੀ ਤਾਰੀਫ਼ ਕਰਨੀ ਤੇ ਵਿਰੋਧੀ ਧਿਰ ਸਰਕਾਰ ਦੀਆਂ ਕਮੀਆਂ ਨੂੰ ਉਜਾਗਰ ਕਰਦੀ ਹੈ ਤੇ ਲੋਕਾਂ ਸਾਹਮਣੇ ਰੱਖਦੀ ਹੈ। ਪਰ ਹੈਰਾਨੀ ਉਦੋਂ ਹੋਈ ਜਦੋਂ ਸੀ.ਐਮ. ਸਾਹਿਬ ਨੇ ਇਹ ਕਹਿ ਦਿੱਤਾ ਕਿ ਮੈਂ ਤੁਹਾਨੂੰ ਵਾਕਆਊਟ ਨਹੀਂ ਕਰਨ ਦੇਵਾਂਗਾ, ਇਹ ਕਿਹੜੀ ਪਿਰਤ ਹੈ ?

ਕੀ ਪੰਜਾਬ ਦੀ ਸਿਆਸਤ ਦਿਸ਼ਾਹੀਣ ਹੋ ਗਈ ਹੈ ? ਸਿਆਸਤ ਨਾ ਕਹਿ ਕੇ ਇਸ ਨੂੰ ਸ਼ਰੀਕੇਬਾਜ਼ੀ ਕਹਿਣਾ ਸ਼ੁਰੂ ਕਰ ਦੇਈਏ। ਭਾਵੇਂ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਨ੍ਹਾਂ ਦੀ ਵਜ਼ਾਰਤ ਦੇ ਮੰਤਰੀ ਅਨੇਕਾਂ ਵਾਰ ਇਹ ਦਾਅਵਾ ਕਰ ਚੁੱਕੇ ਹਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿਚੋਂ ਬੇਰੁਜ਼ਗਾਰੀ , ਨਸ਼ੇ ਅਤੇ ਹੋਰ ਸਮੱਸਿਆਵਾਂ ਦੂਰ ਕਰਨ ਦੇ ਯਤਨ ਕਰ ਰਹੀ ਹੈ, ਪਰ ਇਹ ਹੀਲੇ ਵਸੀਲੇ, ਇਸ਼ਤਿਹਾਰਾਂ ਦੇ ਵਿੱਚ ਹੀ ਲੋਕ ਪੜ੍ਹਦੇ ਰਹੇ ਨੇ। ਜ਼ਮੀਨੀ ਪੱਧਰ 'ਤੇ ਦਾਅਵੇ ਦਾ ਚੌਥਾ ਹਿੱਸਾ ਜ਼ਰੂਰ ਨਜ਼ਰ ਆਉਂਦੈ। ਭਾਵੇਂ ਕਿ ਅਖ਼ਬਾਰਾਂ ਦੀਆਂ ਸੁਰਖ਼ੀਆਂ ਫੇਰ ਬਣ ਗਈਆਂ ਨੇ ਕਿ ਸੂਬੇ ਦਾ ਬਜਟ ਪਹਿਲੀ ਵਾਰ 2 ਲੱਖ ਕਰੋੜ ਨੂੰ ਪਾਰ ਹੋਇਆ ਹੈ। ਇਸ ਬਜਟ ਦੇ ਵਿੱਚ ਸਰਕਾਰ ਨੇ ਆਪਣੀਆਂ ਕੁਝ ਪੁਰਾਣੀਆਂ ਯੋਜਨਾਵਾਂ ਦਾ ਵੀ ਜ਼ਿਕਰ ਕਰਕੇ ਇਹ ਜਤਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਅਸੀਂ ਪੰਜਾਬ ਦੇ ਲਈ ਬਹੁਤ ਕੁਝ ਕਰ ਰਹੇ ਹਾਂ। ਸਭ ਤੋਂ ਵੱਡਾ ਪੰਜਾਬ ਦਾ ਜੋ ਮਸਲਾ ਹੁੰਦਾ ਹੈ ਕਿ ਬਿਜਲੀ ਫ੍ਰੀ, ਉਹ ਕਹਿੰਦੇ ਨੇ ਕਿ 300 ਯੂਨਿਟ ਪ੍ਰਤੀ ਮਹੀਨਾ ਫ੍ਰੀ ਹੀ ਰਹੇਗੀ। ਸਭ ਤੋਂ ਜ਼ਿਆਦਾ ਬਜਟ ਸਿੱਖਿਆ ਦੇ ਲਈ ਕੱਢਿਆ ਗਿਆ ਹੈ। ਇਹ 16,987 ਕਰੋੜ ਦੀ ਰਕਮ ਹੈ। ਪੰਜਾਬ ਦੇ ਸਿਰ ਐਸ ਸਮੇਂ 2025 ਤੱਕ ਕਰਜ਼ੇ ਦੀ ਰਕਮ ਤਿੰਨ ਲੱਖ ਪੰਜਾਹ ਹਜ਼ਾਰ ਕਰੋੜ ਹੋਣ ਦੀ ਸੰਭਾਵਨਾ ਹੈ। ਕੀ ਸਰਕਾਰ ਕਰਜ਼ੇ ਦੇ ਲਿਹਾਜ਼ ਨਾਲ ਹੀ ਚੱਲੇਗੀ ? ਕੋਈ ਟੈਕਸ ਨਹੀਂ, ਇਥੋਂ ਤੱਕ ਕਿ ਬਜਟ ਸਪੀਚ ਵੀ ਅਧੂਰੀ ਜਿਹੀ ਲੱਗਦੀ ਹੈ ਕਿਉਂਕਿ ਵੇਰਵਾ ਹੋਣਾ ਚਾਹੀਦਾ ਸੀ ਕਿ ਇਸ ਸਮੇਂ ਪੰਜਾਬ ਦੀ ਸਥਿਤੀ ਕੀ ਹੈ ?, ਪੰਜਾਬ ਦੀ ਆਰਥਿਕਤਾ ਦੀ ਹਾਲਤ ਕੀ ਹੈ ? ਜੇ ਸਕੀਮਾਂ ਐਲਾਨ ਕੀਤੀਆਂ ਨੇ ਤਾਂ ਪੈਸਾ ਕਿਥੋਂ ਆਵੇਗਾ ? ਇਹ ਸਭ ਕੁਝ ਨਹੀਂ ਦੱਸਿਆ ਗਿਆ ਹਾਲਾਂ ਕਿ ਕਦੇ ਸਮਾਂ ਸੀ ਜਦੋਂ ਮੁੱਖ ਮੰਤਰੀ ਸਾਹਿਬ ਗੱਲਾਂ ਕਰਦੇ ਸੀ, ਕਿ ਮੈਂ ਰੇਤ ਮਾਫੀਆ, ਕੇਬਲ ਮਾਫੀਆ ਅਤੇ ਪਤਾ ਨਹੀਂ ਕਿਹੜੇ ਕਿਹੜੇ ਮਾਫੀਆ ਤੋਂ ਪੰਜਾਬ ਦਾ ਪੈਸਾ ਬਚਾ ਲੈਣਾ। ਖ਼ੈਰ ਮਾਫੀਆ ਤਾਂ ਪੂਰਾ ਵਧ ਫੁੱਲ ਰਿਹਾ ਹੈ, ਤੇ ਪੈਸੇ ਬਚਾਉਣ ਵਾਲੀ ਗੱਲ ਵੀ ਨਹੀਂ ਹੋਈ। ਇੱਕ ਖਾਸ ਗੱਲ ਹੋਰ ਹੈ ਕਿ ਹਮੇਸ਼ਾ ਹੀ ਬਜਟ ਸੈਸ਼ਨ ਦੇ ਵਿੱਚ ਕਿਸਾਨਾਂ ਦੀਆਂ ਖੁਦਕਸ਼ੀਆਂ ਵਰਗੀਆਂ ਘਟਨਾਵਾਂ ਦੇ ਲਈ ਇੱਕ ਰਾਹਤ ਰਕਮ ਰੱਖੀ ਜਾਂਦੀ ਸੀ ਪਰ ਇਸ ਬਜਟ ਦੇ ਵਿੱਚ ਐਹੋ ਜਿਹੀਆਂ ਘਟਨਾਵਾਂ ਵਾਪਰ ਜਾਣ 'ਤੇ ਰਾਹਤ ਦੀ ਰਕਮ ਦੀ ਕੋਈ ਗੱਲ ਨਹੀਂ ਕੀਤੀ ਗਈ। ਕੀ ਪੰਜਾਬ ਦੇ ਕਿਸਾਨਾਂ ਦੀਆਂ ਖੁਦਕਸ਼ੀਆਂ ਰੁਕ ਗਈਆਂ ਨੇ ? ਜਾਂ ਅਖ਼ਬਾਰਾਂ ਵਾਲਿਆਂ ਦੇ ਕੋਲ ਜਗ੍ਹਾ ਹੀ ਨਹੀਂ, ਉਨ੍ਹਾਂ ਦਾ ਦੁੱਖ ਜ਼ਾਹਿਰ ਕਰਨ ਦੇ ਲਈ। ਮੇਰਾ ਖਿਆਲ ਹੈ ਕਿ ਜੇ ਇਹ ਪਾਲਿਸੀ ਨਹੀਂ ਰਹੀ ਤਾਂ ਸਰਕਾਰ ਨੂੰ ਇਹ ਕਲੀਅਰ ਕਰ ਦੇਣਾ ਚਾਹੀਦਾ ਹੈ। ਮਿਹਣਿਆਂ ਦੇ ਲਈ ਭਾਵੇਂ ਸਾਡੇ ਮੁੱਖ ਮੰਤਰੀ ਸਾਹਿਬ ਦਾ ਬੀ.ਪੀ. ਕਾਫ਼ੀ ਵਧ ਜਾਂਦਾ ਹੈ ਤੇ ਬੌਂਦਲੇ ਸਾਡੇ ਵਿੱਤ ਮੰਤਰੀ ਵੀ ਫਿਰਦੇ ਹਨ ਕਹਿੰਦੇ " ਕੀ ਅਸੀਂ 11 ਕਰੋੜ ਔਰਤਾਂ ਨੂੰ ਫ੍ਰੀ ਬੱਸ ਸਫ਼ਰ ਦੇ ਰਹੇ ਹਾਂ" ਭਲੇ ਮਾਣਸੋ ਤਿੰਨ ਕਰੋੜ ਜਨਸੰਖਿਆ ਵਾਲੇ ਸੂਬੇ ਵਿੱਚ 11 ਕਰੋੜ ਔਰਤਾਂ ਕਿਵੇਂ ਹੋ ਸਕਦੀਆਂ ਨੇ ? ਚੱਲੋ ਖ਼ੈਰ, ਇਹ ਤਾਂ ਜ਼ਬਾਨ ਦੀ ਤਿਲਕਣ ਹੈ, ਫਿਸਲ ਵੀ ਸਕਦੀ ਹੈ। ਪਰ ਆਪ ਸਰਕਾਰ ਦੀ ਇਹ ਤਾਂ ਜਬਾਨ ਪੱਕੀ ਸੀ ਕਿ ਅਸੀਂ ਪੰਜਾਬ ਦੀਆਂ ਔਰਤਾਂ ਨੂੰ ਇੱਕ ਹਜ਼ਾਰ ਰੁਪਇਆ ਮਹੀਨਾ ਦੇਣ ਦਾ ਵਾਅਦਾ ਕਰਦੇ ਹਾਂ। ਪੰਜਾਬ ਦੀਆਂ ਬੀਬੀਆਂ ਬੜੀਆਂ ਖੁਸ਼ ਸੀ, ਜਿਸ ਦਿਨ ਦਿੱਲੀ ਦੇ ਵਿੱਚ ਇੱਕ ਹਜ਼ਾਰ ਰੁਪਇਆ ਦੇਣ ਦਾ ਐਲਾਨ ਹੋਇਆ,ਪਰ ਪੰਜਾਬ ਦੇ ਬਜਟ ਵਿੱਚ ਇਸ ਗੱਲ ਦਾ ਜ਼ਿਕਰ ਨਾ ਹੋਣਾ ਪੰਜਾਬ ਦੀਆਂ ਬੀਬੀਆਂ ਲਈ ਵੱਡਾ ਸਦਮਾ ਹੈ। ਚੱਲੋ ਖ਼ੈਰ, ਇਹ ਤਾਂ ਹਾਸੇ ਵਾਲੀ ਗੱਲ ਹੈ ਪਰ ਸਦਮੇ ਵਾਲੀ ਗੱਲ ਸੱਚੀ ਹੈ।

ਮੁੱਕਦੀ ਗੱਲ ਇਹ ਹੈ ਕਿ ਪੰਜਾਬ ਦੇ ਲੋਕਾਂ ਨੂੰ ਕਿਵੇਂ ਪਤਾ ਲੱਗੇ ਕਿ ਉਨ੍ਹਾਂ ਦੀ ਸਟੇਟ ਕਿੰਨੀ ਕੁ ਵਧ ਫੁੱਲ ਰਹੀ ਹੈ ਜਾਂ ਕਿ ਸਿਰਫ਼ ਸਰਕਾਰਾਂ ਹੀ ਵਧ ਫੁੱਲ ਰਹੀਆਂ ਨੇ। ਦੁਚਿੱਤੀ ਦੇ ਵਿੱਚ ਨੇ ਲੋਕ। ਫ੍ਰੀ ਵਾਲੀ ਪੰਜਾਲੀ ਮੇਰਾ ਖ਼ਿਆਲ ਹੈ ਕਿ ਪੰਜਾਬ ਦੇ ਉਹਨਾਂ ਲੋਕਾਂ ਨੂੰ ਲਾਹ ਕੇ ਸੁੱਟ ਦੇਣੀ ਚਾਹੀਦੀ ਹੈ ਜੋ ਆਰਥਿਕ ਪੱਖੋਂ ਚੰਗੇ ਸਹਿੰਦੇ ਲੋਕ ਨੇ। ਇਹ ਸਹੂਲੀਅਤ ਸਿਰਫ਼ ਉਹੀ ਲੈਣ ਜਿਨ੍ਹਾਂ ਨੂੰ ਜ਼ਰੂਰਤ ਹੈ ਪਰ ਸਰਕਾਰਾਂ ਨੇ ਇੱਕੋ ਰੱਸਾ ਰੱਖਿਆ ਰੱਜਿਆਂ ਨੂੰ ਰਜਾ ਰਹੇ ਨੇ, ਨਿਕੰਮਿਆਂ ਕਰ ਰਹੀਆਂ ਨੇ ਪੰਜਾਬ ਦੇ ਲੋਕਾਂ ਨੂੰ ਇਹ ਸਿਆਸਤ ਰੂਪੀ ਜੋਕਾਂ।

ਅਮਰੀਕੀ ਰਾਸ਼ਟਰਪਤੀ ਚੋਣਾਂ

## ਬਾਈਡੇਨ ਤੇ ਸਾਬਕਾ ਰਾਸ਼ਟਰਪਤੀ ਟਰੰਪ ਹੋਣਗੇ ਆਹਮੋ ਸਾਹਮਣੇ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਅਹਿਮ ਪ੍ਰਾਇਮਰੀ ਬੈਲਟ ਦੀ ਲੜਾਈ 'ਚ ਐਗਜ਼ਿਟ ਪੋਲ ਦੀਆਂ ਭਵਿੱਖਬਾਣੀਆਂ ਦੇ ਨਾਲ-ਨਾਲ ਸਾਰਿਆਂ ਦੀਆਂ ਭਵਿੱਖਬਾਣੀਆਂ ਵੀ ਸੱਚ ਹੋ ਗਈਆਂ ਹਨ। ਇਹ ਤੈਅ ਹੈ ਕਿ ਰਾਸ਼ਟਰਪਤੀ ਜੋਅ ਬਾਈਡੇਨ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਸਾਲ ਨਵੰਬਰ 'ਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ 'ਚ ਇੱਕ ਵਾਰ ਫਿਰ ਤੋਂ ਆਹਮੋ-ਸਾਹਮਣੇ ਹੋਣਗੇ। 6 ਮਾਰਚ ਨੂੰ ਹੋਈਆਂ 16 ਸਟੇਟ ਪ੍ਰਾਇਮਰੀਜ਼ ਵਿੱਚ ਹੁਣ ਤੱਕ ਸਾਹਮਣੇ ਆਏ ਰਿਪਬਲਿਕਨ ਪ੍ਰਾਈਮਰੀਜ਼ ਦੇ ਨਤੀਜਿਆਂ ਵਿੱਚ ਟਰੰਪ ਨੇ ਸ਼ਾਨਦਾਰ ਜਿੱਤ ਦਰਜ ਕੀਤੀ ਹੈ। ਜਦੋਂ ਕਿ ਡੈਮੋਕਰੇਟਸ ਦੇ ਸਬੰਧ ਵਿੱਚ ਬਾਈਡੇਨ ਅੱਗੇ ਹਨ। ਵਰਜੀਨੀਆ, ਵਰਮੌਂਟ, ਉੱਤਰੀ ਕੈਰੋਲੀਨਾ, ਆਇਓਵਾ, ਟੈਨੇਸੀ, ਅਰਕਨਸਾਸ, ਟੈਕਸਾਸ, ਓਕਲਾਹੋਮਾ, ਅਲਾਬਾਮਾ, ਕੋਲੋਰਾਡੋ, ਮੈਸੇਚਿਉਸੇਟਸ ਅਤੇ ਮਿਨੇਸੋਟਾ ਵਿੱਚ



ਬਾਈਡੇਨ ਨੇ ਜਿੱਤ ਦੀ ਘੰਟੀ ਵਜਾਈ। ਬਾਈਡੇਨ ਨੂੰ ਅਮਰੀਕੀ ਸਮੋਆ ਵਿੱਚ ਹਾਰ ਮਿਲੀ ਸੀ। ਟਰੰਪ ਨੇ ਵਰਜੀਨੀਆ, ਉੱਤਰੀ ਕੈਰੋਲੀਨਾ, ਟੈਨੇਸੀ, ਅਰਕਾਨਸਾਸ, ਟੈਕਸਾਸ, ਅਲਾਬਾਮਾ, ਮਿਨੇਸੋਟਾ, ਕੋਲੋਰਾਡੋ, ਮੈਸਾਚੁਸੇਟਸ ਅਤੇ ਓਕਲਾਹੋਮਾ ਵਿੱਚ ਰਿਪਬਲਿਕਨ ਪ੍ਰਾਇਮਰੀ ਬੈਲਟ ਜਿੱਤੇ ਹਨ। ਉੱਤਰੀ ਕੈਰੋਲੀਨਾ ਵਿੱਚ ਹਾਲਾਂਕਿ ਟਰੰਪ 9 ਪ੍ਰਤੀਸ਼ਤ ਦੀ ਸਭ ਤੋਂ ਛੋਟੀ ਬੜ੍ਹਤ ਨਾਲ ਬਾਹਰ ਆਏ। ਸਾਰੇ 16 ਰਾਜਾਂ ਵਿੱਚ ਬੀਤੇ ਦਿਨ ਮੰਗਲਵਾਰ ਨੂੰ ਪ੍ਰਾਇਮਰੀ ਬੈਲਟ ਦੀ ਲੜਾਈ ਹੋਈ।

ਪ੍ਰਾਇਮਰੀ ਬੈਲਟ ਤੋਂ ਇਲਾਵਾ ਟੈਕਸਾਸ, ਕੈਲੀਫੋਰਨੀਆ ਅਤੇ ਅਲਾਬਾਮਾ ਵਰਗੇ ਰਾਜਾਂ ਵਿੱਚ ਸੈਨੇਟ, ਹਾਊਸ ਅਤੇ ਗਵਰਨਰ ਲਈ ਰਿਪਬਲਿਕਨ ਉਮੀਦਵਾਰ ਵੀ ਡਾਊਨ ਬੈਲਟ ਰਾਹੀਂ ਚੁਣੇ ਜਾਂਦੇ ਹਨ। ਓਲਡ ਪਾਰਟੀ (ਜੀਓਪੀ) ਦੇ ਉਮੀਦਵਾਰ 16 ਰਾਜਾਂ ਵਿੱਚ ਕੁੱਲ 854 ਰਿਪਬਲਿਕਨ ਡੈਲੀਗੇਟਾਂ ਦੇ ਸਮਰਥਨ ਲਈ ਮੁਕਾਬਲਾ ਕਰਨਗੇ। ਇਸ ਲਈ ਇਸ ਨੂੰ ਸੁਪਰ ਮੰਗਲਵਾਰ ਕਿਹਾ ਜਾਂਦਾ ਹੈ। ਸੁਪਰ ਮੰਗਲਵਾਰ ਵਿੱਚ ਕਾਮਯਾਬ ਹੋਣ ਵਾਲੀਆਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਸਬੰਧਤ ਪਾਰਟੀਆਂ ਦੀ ਤਰਫ਼ੋਂ ਪ੍ਰਧਾਨਗੀ ਦੇ ਉਮੀਦਵਾਰ ਵਜੋਂ ਅੰਤਿਮ ਲੜਾਈ ਲਈ ਨਾਮਜ਼ਦ ਕੀਤੇ ਜਾਣ ਦੀ ਸੰਭਾਵਨਾ ਵੱਧ ਹੈ। ਦੋਵਾਂ ਪਾਰਟੀਆਂ ਦੀ ਤਰਫੋਂ ਪ੍ਰਧਾਨਗੀ ਦੀ ਉਮੀਦਵਾਰੀ ਦੀ ਉਮੀਦ ਰੱਖਣ ਵਾਲੇ ਬਾਕੀ ਉਮੀਦਵਾਰ ਮੁਕਾਬਲੇ ਤੋਂ ਹਟ ਜਾਣਗੇ।

## ਕੈਨੇਡਾ ਨੇ ਇੱਕ ਵਾਰ ਫਿਰ 'ਮੰਦੀ' ਨੂੰ ਦਿਤੀ ਮਾਤ

ਟੋਰਾਂਟੋ/ਏ.ਟੀ.ਨਿਊਜ਼ : ਕੈਨੇਡਾ ਦੀ ਅਰਥਵਿਵਸਥਾ ਮੰਦੀ ਵਰਗੇ ਹਾਲਾਤ ਤੋਂ ਦੂਰ ਹੁੰਦੀ ਮਹਿਸੂਸ ਹੋਈ, ਜਦੋਂ ਬੀਤੇ ਵਰ੍ਹੇ ਦੀ ਚੌਥੀ ਤਿਮਾਹੀ ਦੌਰਾਨ ਮੁਲਕ ਦੀ ਜੀ.ਡੀ.ਪੀ. ਵਿੱਚ ਇੱਕ ਫ਼ੀਸਦੀ ਵਾਧਾ ਹੋਣ ਦੇ ਅੰਕੜੇ ਸਾਹਮਣੇ ਆਏ। ਆਰਥਿਕ ਵਿਕਾਸ ਵਿੱਚ ਆਈ ਤੇਜ਼ੀ ਮਾਹਰਾਂ ਵੱਲੋਂ ਲਗਾਏ ਜਾ ਰਹੇ ਕਿਆਸਿਆਂ ਤੋਂ ਬਿਲਕੁਲ ਉਲਟ ਹੈ ਕਿਉਂਕਿ ਤੀਜੀ ਤਿਮਾਹੀ ਦੌਰਾਨ ਜੀ.ਡੀ.ਪੀ. ਬੁਰੀ ਤਰ੍ਹਾਂ ਡਾਵਾਂਡੋਲ ਰਹੀ। ਮੁਲਕ ਦੇ ਕੁਲ ਘਰੇਲੂ ਉਤਪਾਦ ਭਾਵ ਜੀ.ਡੀ.ਪੀ. ਵਿੱਚ ਲਗਾਤਾਰ ਤੀਜੇ ਸਾਲ ਵਾਧਾ ਹੋਇਆ ਹੈ ਪਰ ਵਾਧੇ ਦੀ ਰਫ਼ਤਾਰ 2016 ਤੋਂ ਬਾਅਦ ਸਭ ਤੋਂ ਹੇਠਲੇ ਪੱਧਰ 'ਤੇ ਚਲੀ ਗਈ। ਇਸ ਮਿਆਦ ਦੌਰਾਨ ਸਾਲ 2020 ਨੂੰ ਸ਼ਾਮਲ ਨਹੀਂ ਕੀਤਾ ਗਿਆ ਜਦੋਂ ਕੋਰੋਨਾ ਮਹਾਮਾਰੀ ਕਾਰਨ ਹਾਲਾਤ ਬਦਤਰ ਹੋ ਗਏ ਸਨ। ਆਰਥਿਕ ਮਾਹਰਾਂ ਨੇ ਅੱਗੇ ਕਿਹਾ ਕਿ ਘਰੇਲੂ ਮੰਗ ਦਾ ਜ਼ਿਕਰ ਕੀਤਾ ਜਾਵੇ ਤਾਂ ਇਸ ਵਿਚ 2023 ਦੀ ਚੌਥੀ ਤਿਮਾਹੀ ਦੌਰਾਨ 0.2 ਫ਼ੀਸਦੀ ਦੀ ਕਮੀ ਦਰਜ ਕੀਤੀ ਗਈ ਜਦਕਿ ਤੀਜੀ ਤਿਮਾਹੀ ਦੌਰਾਨ 0.2 ਫ਼ੀਸਦੀ ਵਾਧਾ ਹੋਇਆ ਸੀ।

# ਅਮਰੀਕਾ ਸਿਰ ਕਰਜ਼ਾ 34.14 ਖ਼ਰਬ ਡਾਲਰ ਤੱਕ ਪਹੁੰਚਿਆ

## ਡਿਮਨ ਦੀ ਚਿਤਾਵਨੀ ਕਿ ਅਮਰੀਕਾ ਦੇ ਵਧੇ ਕਰਜ਼ੇ ਕਾਰਨ ਸੰਸਾਰ ਦਾ ਅਰਥਚਾਰਾ ਪੈ ਸਕਦੈ ਸੰਕਟ ਵਿੱਚ






ਦੁਨੀਆਂ ਦੇ ਸਭ ਤੋਂ ਵੱਡੇ ਅਰਥਚਾਰੇ ਸੰਯੁਕਤ ਰਾਜ ਅਮਰੀਕਾ ਦੇ ਵਧਦੇ ਕਰਜ਼ੇ ਬਾਰੇ ਹਾਕਮ ਧਿਰ ਦੀਆਂ ਚਿੰਤਾਵਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਦੁਨੀਆਂ ਦੇ ਸਭ ਤੋਂ ਵੱਡੇ ਅਮਰੀਕੀ ਬੈਂਕ ਜੇਪੀ ਮੌਰਗਨ ਚੇਸ ਦੇ ਮੌਜੂਦਾ ਮੁਖੀ ਜੇਮੀ ਡਿਮਨ ਨੇ ਪਿਛਲੇ ਦਿਨੀਂ ਚਿਤਾਵਨੀ ਦੇ ਕੇ ਕਿਹਾ ਕਿ ਅਮਰੀਕਾ ਦਾ ਮਣਾਮੂੰਹੀਂ ਵਧਿਆ ਕਰਜ਼ ਗੁਬਾਰਾ ਆਉਂਦੇ ਸਮੇਂ ਫਟ ਸਕਦਾ ਹੈ ਤੇ ਇਹ ਆਪਣੇ ਕਲਾਵੇ ਵਿੱਚ ਪੂਰੇ ਸੰਸਾਰ ਦੇ ਅਰਥਚਾਰੇ ਨੂੰ ਲੈ ਸਕਦਾ ਹੈ। ਜ਼ਿਕਰਯੋਗ ਹੈ ਕਿ ਇਸ ਵੇਲ਼ੇ ਅਮਰੀਕਾ ਦਾ ਕਰਜ਼ਾ 34.14 ਖਰਬ ਡਾਲਰ ਨੂੰ ਪਹੁੰਚ ਚੁੱਕਾ ਹੈ ਤੇ ਇਹ ਅਮਰੀਕਾ ਦੀ ਕੁੱਲ ਘਰੇਲੂ ਪੈਦਾਵਾਰ ਦਾ 120% ਹੈ।

ਅਜਿਹਾ ਨਹੀਂ ਕਿ ਅਮਰੀਕੀ ਅਰਥਚਾਰੇ ਬਾਰੇ ਅਜਿਹੀ ਸੁਰ ਹੁਣੇ ਸਾਹਮਣੇ ਆਈ ਹੈ। ਨਵੰਬਰ 2023 ਵਿੱਚ ਹੀ ਪ੍ਰਸਿੱਧ ਰੇਟਿੰਗ ਏਜੰਸੀ ਮੂਡੀਸ ਨੇ ਅਮਰੀਕਾ ਦੀ ਦੇਣਦਾਰੀ ਦਰਜਾਬੰਦੀ ਸਥਿਰ ਤੋਂ ਘਟਾਕੇ ਮਨਫੀ ਕਰ ਦਿੱਤੀ ਸੀ ਤੇ ਪਹਿਲੋਂ ਅਗਸਤ ਵਿੱਚ ਫਿੱਚ ਏਜੰਸੀ ਨੇ ਇਹ 111 ਤੋਂ ਘਟਾਕੇ 11+ ਕਰ ਦਿੱਤੀ ਸੀ। ਅਮਰੀਕਾ ਦਾ ਵਧ ਰਿਹਾ ਕਰਜ਼ਾ ਤੇ ਇਸ ਗੁਬਾਰੇ ਦੇ ਫਟਣ ਦੀਆਂ ਕਿਆਸਰਾਈਆਂ ਅਸਲ ਵਿੱਚ ਅਜੋਕੇ ਸਰਮਾਏਦਾਰਾ ਢਾਂਚੇ ਦੇ ਨਿਘਰ ਜਾਣ ਦੀ ਹੀ ਉੱਘੜਵੀਂ ਨਿਸ਼ਾਨੀ ਹੈ।

### ਕਿਉਂ ਵਧ ਰਿਹਾ ਹੈ ਅਮਰੀਕਾ ਸਿਰ ਕਰਜ਼ਾ ?

ਦੁਨੀਆਂ ਭਰ ਵਿੱਚ ਆਰਥਿਕ ਮਾਹਿਰਾਂ ਦੇ ਇੱਕ ਹਿੱਸੇ ਵੱਲੋਂ ਅਮਰੀਕਾ ਦੇ ਕਰਜ਼ੇ ਦੇ ਐਨਾ ਵਧਣ ਪਿੱਛੇ ਤਿੰਨ ਮਦਾਂ ਉੱਪਰ ਵਧੇ ਖਰਚੇ ਨੂੰ ਜਿੰਮੇਵਾਰ ਦੱਸਿਆ ਜਾ ਰਿਹਾ ਹੈ। ਇਹ ਮਦਾਂ ਹਨ; ਪਹਿਲਾ, ਅਮਰੀਕਾ ਵਿੱਚ ਕਾਰਪੋਰੇਟਾਂ ਨੂੰ ਖਰਬਾਂ ਡਾਲਰਾਂ ਦੀਆਂ ਦਿੱਤੀਆਂ ਸਬਸਿਡੀਆਂ ਤੇ ਕਰ ਛੋਟਾਂ, ਦੂਸਰਾ ਦਿਵਾਲੀਆ ਹੋਏ ਬੈਂਕਾਂ ਨੂੰ ਬਚਾਉਣ ਲਈ ਉਹਨਾਂ ਨੂੰ ਜਾਰੀ ਕੀਤੀਆਂ ਰਕਮਾਂ ਤੇ ਤੀਸਰਾ ਫੌਜੀ ਖਰਚਿਆਂ ਵਿੱਚ ਰਿਕਾਰਡ ਤੋੜ ਵਾਧਾ। ਓਬਾਮਾ ਦੀ ਹਕੂਮਤ ਦੌਰਾਨ 2011 ਵਿੱਚ ਜਦ ਕਰਜ਼ਾ ਹੱਦ ਵਧਾਈ ਗਈ ਸੀ, ਉਦੋਂ ਤੋਂ ਲੈਕੇ 2023 ਤੱਕ ਕਾਰਪੋਰੇਟ ਕਰਾਂ ਵਿੱਚ 60% ਗਿਰਾਵਟ ਆਈ ਹੈ। ਦੂਜੇ ਪਾਸੇ, ਸਿਰਫ਼ 2022 ਵਿੱਚ ਹੀ ਅਮਰੀਕੀ ਸਰਕਾਰ ਨੇ ਫੌਜੀ ਖਰਚਿਆਂ ਉੱਤੇ 1 ਖਰਬ ਅਮਰੀਕੀ ਡਾਲਰ ਤੋਂ ਵੱਧ ਖਰਚਾ ਕੀਤਾ। ਬੀਤੇ ਦੋ ਸਾਲਾਂ ਵਿੱਚ ਹੀ ਸਾਮਰਾਜੀ ਅਮਰੀਕਾ ਵੱਲੋਂ ਯੂਕਰੇਨ ਨੂੰ ਅਰਬਾਂ ਡਾਲਰ ਦੇ ਹਥਿਆਰ ਵੀ ਭੇਜੇ ਗਏ ਹਨ। ਜਾਹਰ ਹੈ ਐਨੇ ਵੱਡੇ ਫੌਜੀ ਖਰਚੇ ਸਾਮਰਾਜੀ ਅਮਰੀਕਾ ਵੱਲੋਂ ਦੁਨੀਆਂ ਭਰ ਵਿੱਚ ਆਪਣੀ ਧੌਂਸ ਕਾਇਮ ਰੱਖਣ ਲਈ ਕੀਤੇ ਜਾਂਦੇ ਹਨ ਜਿਸ ਤਹਿਤ ਅਤਿ-ਆਧੁਨਿਕ ਹਥਿਆਰ ਬਣਾਉਣੇ, ਸਾਮਰਾਜੀ ਦਬਦਬੇ ਲਈ ਲੜੀਆਂ ਜਾਂਦੀਆਂ ਜੰਗਾਂ, ਦੁਨੀਆਂ ਭਰ ਵਿੱਚ ਕਾਇਮ ਆਪਣੇ ਫੌਜੀ ਅੱਡਿਆਂ ਦੀ ਸੰਭਾਲ ਆਦਿ ਦਾ ਖਰਚਾ ਸ਼ਾਮਲ ਹੈ। ਅਸਲ ਵਿੱਚ ਇਹਨਾਂ ਤਿੰਨਾਂ ਮਦਾਂ ਉੱਤੇ ਖਰਚੇ ਵਧਣ ਪਿੱਛੇ ਮੂਲ ਕਾਰਨ ਸਰਮਾਏ ਉੱਤੇ ਮੁਨਾਫੇ ਦੀ ਦਰ ਦਾ ਕਾਫੀ ਹੇਠਾਂ ਆਉਣਾ ਹੈ। ਮੁਨਾਫੇ ਦੀ ਦਰ ਦੇ ਕਾਫੀ ਹੇਠਾਂ ਆਉਣ ਤੇ ਆਰਥਿਕ ਸੰਕਟ ਦੇ ਸਿਰ ਉੱਤੇ ਮੰਡਰਾਉਣ ਦਾ ਹੀ ਪ੍ਰਗਟਾਵਾ ਦੁਨੀਆਂ ਭਰ ਵਿੱਚ ਸਾਮਰਾਜੀ ਖਹਿਭੇੜ ਦੇ ਵਧੇਰੇ ਤਿੱਖੇ ਹੋਣ ਵਿੱਚ ਨਿੱਕਲ਼ਿਆ ਹੈ ਜਿਸ ਨੇ ਅਮਰੀਕਾ ਨੂੰ ਆਪਣੇ ਮੁਨਾਫੇ ਦੇ ਇੱਕ ਅਹਿਮ ਸਰੋਤ, ਇਹਦੇ ਅਧਾਰ ਖੇਤਰਾਂ ਵਿੱਚ ਚੀਨ-ਰੂਸ ਧੁਰੀ ਦੇ ਦਖਲ ਨੂੰ ਰੋਕਣ ਲਈ ਫੌਜੀ ਖਰਚੇ ਵਧਾਉਣ ਵੱਲ ਧੱਕਿਆ ਹੈ। ਇਹਨਾਂ ਡਿੱਗ ਰਹੇ ਮੁਨਾਫਿਆਂ ਨੂੰ ਬਹਾਲ ਕਰਨ ਲਈ ਹੀ ਅਮਰੀਕੀ ਸਰਕਾਰ ਨੇ ਅਜਾਰੇਦਾਰ ਸਰਮਾਏ ਨੂੰ ਕਰਾਂ ਵਿੱਚ ਵੱਡੀ ਰਾਹਤ ਦਿੱਤੀ ਹੈ, ਉਸਨੂੰ ਸਬਸਿਡੀਆਂ ਦਿੱਤੀਆਂ ਹਨ, ਬੈਂਕਾਂ ਨੂੰ ਡੁੱਬਣ ਤੋਂ ਬਚਾਉਣ ਲਈ ਅਰਬਾਂ ਡਾਲਰ ਜਾਰੀ ਕੀਤੇ ਹਨ। ਦੂਜੇ ਪਾਸੇ, ਇਸ ਵਧੇ ਖਰਚੇ ਨੂੰ ਪੂਰਨ ਲਈ ਅਮਰੀਕੀ ਸਰਕਾਰ ਆਮ ਲੋਕਾਂ ਨੂੰ ਮਿਲਦੀਆਂ ਸਹੂਲਤਾਂ ਉੱਤੇ ਕੱਟ ਲਾ ਰਹੀ ਹੈ, ਲੋਕਾਂ ਸਿਰ ਬੋਝ ਵਧਾ ਰਹੀ ਹੈ। ਸਰਕਾਰ ਦੀ ਕਰਜ਼ਾ ਹੱਦ ਨੂੰ ਵਧਾਉਣ ਬਹਾਨੇ ਡੈਮੋਕ੍ਰੇਟ ਤੇ ਰਿਪਬਲਿਕਨ ਪਾਰਟੀ ਦੀ ਆਪਸੀ ਸਹਿਮਤੀ ਨਾਲ਼ ਅਮਰੀਕੀ ਸਰਕਾਰ ਨੇ ਪਿਛਲੇ ਸਾਲ ਵਿੱਤੀ ਜਿੰਮੇਵਾਰੀ ਐਕਟ ਪਾਸ ਕੀਤਾ ਜਿਸ ਤਹਿਤ ਅਗਲੇ ਸਮੇਂ ਵਿੱਚ ਗੈਰ ਫ਼ੌਜੀ ਖਰਚਿਆਂ ਨੂੰ ਘਟਾਉਣਾ ਸਰਕਾਰ ਦੀ ਜਿੰਮੇਵਾਰੀ ਹੋਵੇਗੀ। 2024 ਤੇ 2025 ਲਈ ਇਸ ਐਕਟ ਤਹਿਤ ਇੱਕ ਹੱਦ ਤੋਂ ਵੱਧ ਗੈਰ ਫ਼ੌਜੀ ਖਰਚਿਆਂ ਉੱਤੇ ਸਰਕਾਰ ਖਰਚ ਨਹੀਂ ਕਰ ਸਕਦੀ। 30 ਅਰਬ ਅਮਰੀਕੀ ਡਾਲਰ ਜੋ ਲੋਕ ਭਲਾਈ ਸਕੀਮਾਂ ਉੱਤੇ ਖਰਚੇ ਜਾਣੇ ਸਨ ਤੇ ਕਰੋਨਾ ਕਾਲ ਤੋਂ ਵਰਤੇ ਨਹੀਂ ਗਏ ਸਨ, ਉਹ ਹੁਣ ਇਹਨਾਂ ਸਕੀਮਾਂ ਲਈ ਨਹੀਂ ਵਰਤੇ ਜਾ ਸਕਦੇ। ਇੰਝ ਹੀ ਹੋਰ ਕਈ ਤਰੀਕਿਆਂ ਨਾਲ਼ ਇਸ ਐਕਟ ਰਾਹੀਂ ਲੋਕਾਂ ਉੱਤੇ ਖਰਚ ਹੋਣ ਵਾਲ਼ੀ ਰਕਮ ਉੱਤੇ ਅਮਰੀਕੀ ਸਰਕਾਰ ਨੇ ਕਾਟ ਲਾਈ ਹੈ। ਇਸ ਦਾ ਸਿੱਧਾ-ਸਿੱਧਾ ਮਤਲਬ ਗਰੀਬੀ, ਮਹਿੰਗਾਈ ਨਾਲ਼ ਜੂਝ ਰਹੀ ਅਮਰੀਕੀ ਲੋਕਾਈ ਉੱਤੇ ਬੋਝ ਹੋਰ ਵਧਣ ਵਾਲ਼ਾ ਹੈ।

(ਬਾਕੀ ਸਫ਼ਾ 30 'ਤੇ)

## ਭਾਰਤ 'ਤੇ ਵੀ ਅਮਰੀਕੀ ਅਰਥਚਾਰੇ ਦੇ ਸੰਕਟ ਦਾ ਪਵੇਗਾ ਪ੍ਰਭਾਵ

ਭਾਰਤੀ ਆਰਥਿਕਤਾ ਸੰਸਾਰ ਆਰਥਿਕਤਾ ਖਾਸ ਕਰਕੇ ਅਮਰੀਕਾ ਨਾਲ ਜੁੜੀ ਹੋਈ ਹੈ। ਇਹ ਜੋੜ ਵਸਤਾਂ/ਸੇਵਾਵਾਂ ਦੇ ਵਪਾਰ ਅਤੇ ਵਿੱਤੀ ਸਰਮਾਏ ਦੇ ਲੈਣ-ਦੇਣ ਨਾਲ ਬਣਿਆ ਹੋਇਆ ਹੈ। ਭਾਰਤ ਦੀ ਕੁੱਲ ਸਾਲਾਨਾ ਆਮਦਨ ਦਾ ਅੱਧੇ ਤੋਂ ਵੱਧ ਹਿੱਸਾ ਕੌਮਾਂਤਰੀ ਗੇੜ ਵਿੱਚ ਸ਼ਾਮਿਲ ਹੋ ਕੇ ਗੁਜ਼ਰਦਾ ਹੈ।

ਸੰਸਾਰ ਆਰਥਿਕਤਾ ਦੇ ਚੰਗੇ ਅਤੇ ਬੁਰੇ ਪ੍ਰਭਾਵ ਭਾਰਤ ਉੱਪਰ ਕੌਮਾਂਤਰੀ ਵਪਾਰ ਅਤੇ ਗਲੋਬਲ ਵਿੱਤੀ ਸਰਮਾਏ ਦੇ ਸਰਹੱਦਾਂ ਤੋਂ ਪਾਰੋਂ ਦਾਖ਼ਲ ਹੋ ਜਾਂਦੇ ਹਨ। ਜੇ ਗਲੋਬਲ ਆਰਥਿਕਤਾ ਦਾ ਰੁਝਾਨ ਮੰਦੀ ਵੱਲ ਹੈ ਤਾਂ ਭਾਰਤ ਵੱਲੋਂ ਬਾਹਰ ਭੇਜਣ ਵਾਲੀਆਂ ਵਸਤਾਂ ਅਤੇ ਸੇਵਾਵਾਂ ਦੀ ਮੰਗ ਘਟ ਜਾਵੇਗੀ। ਬਰਾਮਦ ਘਟਣ ਜਾਂ ਇਸ ਵਿੱਚ ਖੜੋਤ ਆਉਣ ਨਾਲ ਦੇਸ਼ ਦੀ ਸਮਰੱਥਾ ਬਾਹਰਲੇ ਦੇਸ਼ਾਂ ਤੋਂ ਸਮਾਨ ਦਰਾਮਦ ਕਰਨ ਵਿੱਚ ਘਟ ਜਾਂਦੀ ਹੈ। ਸੰਸਾਰ ਆਰਥਿਕਤਾ ਵਿਚ ਮੰਦੀ ਨੂੰ ਇਸ ਦ੍ਰਿਸ਼ਟੀਕੋਣ ਤੋਂ ਦੇਖਿਆ ਜਾ ਸਕਦਾ ਹੈ। ਸੰਸਾਰ ਆਰਥਿਕਤਾ 2004 ਤੋਂ ਸੰਕਟਗ੍ਰਸਤ ਹੋਈ ਅਤੇ ਇਸ ਤੋਂ ਬਾਹਰ ਨਹੀਂ ਨਿਕਲ ਸਕੀ। 2020-21 ਦੌਰਾਨ ਕੋਵਿਡ-19 ਨੇ ਸਾਰੇ ਦੇਸ਼ਾਂ ਦੀ ਆਮਦਨ ਘਟਾ ਦਿੱਤੀ, ਭਾਰਤ ਦੀ ਆਮਦਨ ਲਗਭਗ 7% ਘਟ ਗਈ ਸੀ ਅਤੇ ਬੇਰੁਜ਼ਗਾਰੀ ਵਿੱਚ ਚੋਖਾ ਵਾਧਾ ਹੋਇਆ ਸੀ। 2021-22 ਵਿੱਚ ਇਸ ਤੋਂ ਬਾਹਰ ਆਉਣ ਦੀ ਪ੍ਰਕਿਰਿਆ ਸ਼ੁਰੂ ਹੋਈ ਅਤੇ 2022-23 ਵਿੱਚ ਆਮਦਨ ਵਿੱਚ 6-7% ਦਾ ਵਾਧਾ ਦਰਜ ਕੀਤਾ ਗਿਆ। ਹੁਣ 2024 ਵਿੱਚ ਗਲੋਬਲ ਰੁਝਾਨ ਮੰਦੀ ਵੱਲ ਹਨ, ਇਸ ਕਰ ਕੇ ਇਸ ਦੇ ਬੁਰੇ ਪ੍ਰਭਾਵਾਂ ਤੋਂ ਦੇਸ਼ ਬਚ ਨਹੀਂ ਸਕਦਾ। ਇਸ ਕਰ ਕੇ 2024-25 ਵਿੱਚ ਦੇਸ਼ ਦੀ ਕੁੱਲ ਆਮਦਨ 5 ਟ੍ਰਿਲੀਅਨ ਡਾਲਰ ਹਾਸਲ ਕਰਨਾ ਅਸੰਭਵ ਹੈ। ਜੇ ਆਰਥਿਕਤਾ 6.5% ਜਾਂ 7% ਸਾਲਾਨਾ ਦਰ ਨਾਲ ਤਰੱਕੀ ਕਰਦੀ ਹੈ ਅਤੇ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਿਆ ਪਿਛਲੇ ਸਾਲਾਂ ਵਾਂਗ 1.5-2.0% ਹੇਠਾਂ ਆਉਂਦਾ ਹੈ ਤਾਂ ਬੜੀ ਮੁਸ਼ਕਿਲ ਨਾਲ ਦੇਸ਼ ਦੀ ਕੁੱਲ ਆਮਦਨ 3.8 ਟ੍ਰਿਲੀਅਨ ਡਾਲਰ (2023) ਤੋਂ ਵਧ ਕੇ 2024-25 ਵਿੱਚ 3.9 ਟ੍ਰਿਲੀਅਨ ਡਾਲਰ ਜਾਂ ਇਸ ਤੋਂ ਮਾਮੂਲੀ ਵਧ ਸਕਦੀ ਹੈ। ਇਸ ਕਰ ਕੇ 5 ਟ੍ਰਿਲੀਅਨ ਡਾਲਰ ਦਾ ਟੀਚਾ ਪ੍ਰਾਪਤ ਕਰਨਾ ਮੁਸ਼ਕਿਲ ਹੋਵੇਗਾ। ਪ੍ਰਸਿੱਧ ਅਰਥ ਸ਼ਾਸਤਰੀ ਡਾਕਟਰ ਸੁੱਚਾ ਸਿੰਘ ਗਿਲ ਦਾ ਕਹਿਣਾ ਹੈ ਕਿ ਸੰਸਾਰ ਆਰਥਿਕਤਾ ਦੇ ਡਾਵਾਂਡੋਲ ਹੋਣ ਨਾਲ ਭਾਰਤ 'ਤੇ ਪੈਣ ਵਾਲੇ ਪ੍ਰਭਾਵ ਦਾ ਪਰਛਾਵਾਂ ਟੈਕਨੀਕਲ ਕੰਪਨੀਆਂ ਵੱਲੋਂ ਨੌਕਰੀਆਂ ਤੋਂ ਕੱਢੇ ਜਾਣ ਵਾਲਿਆਂ ਦੇ ਵੇਰਵਿਆਂ ਤੋਂ ਮਿਲਦਾ ਹੈ।

(ਬਾਕੀ ਸਫ਼ਾ 30 'ਤੇ)

# ਗੁਰਮਤਿ, ਸਾਹਿਤ ਅਤੇ ਪੱਤਰਕਾਰੀ ਦੇ ਸੁਮੇਲ ਗਿਆਨੀ ਗੁਰਦਿੱਤ ਸਿੰਘ ਜੀ ਦੇ 101ਵੇਂ ਜਨਮ ਦਿਨ 'ਤੇ ਸਮਾਗਮ








ਸਰੀ ਡੈਲਟਾ/ਏ.ਟੀ.ਨਿਊਜ਼ : ਲੋਕ ਵਿਰਸੇ ਅਤੇ ਧਰਮ-ਚਿੰਤਨ ਦਾ ਸੁਮੇਲ ਗਿਆਨੀ ਗੁਰਦਿੱਤ ਸਿੰਘ ਜੀ ਪੰਜਾਬੀ ਸਾਹਿਤ ਦਰਵੇਸ਼ ਵਿਦਵਾਨ ਸਨ। ਉਹ ਬਹੁਪੱਖੀ, ਬਹੁਪਸਾਰੀ, ਬਹੁਰੰਗੀ ਅਤੇ ਬਹੁਮੰਤਵੀ ਸ਼ਖ਼ਸੀਅਤ ਦੇ ਮਾਲਕ ਸਨ। ਉਹ ਗੁਰਮਤਿ ਦੇ ਧਾਰਨੀ, ਸਿੱਖ ਸੋਚ ਦੇ ਮੁੱਦਈ, ਸਿੱਖ ਧਰਮ ਦੇ ਪ੍ਰਤੀਬੱਧ ਅਤੇ ਗੁਰਬਾਣੀ ਦੇ ਖੋਜੀ ਵਿਆਖਿਆਕਾਰ ਸਨ। ਗਿਆਨੀ ਗੁਰਦਿੱਤ ਸਿੰਘ ਜੀ ਦਾ ਕੋਤਰ ਸੌਵਾਂ ਜਨਮ ਦਿਨ ਗੁਰਦੁਆਰਾ ਸਾਹਿਬ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਡੈਲਟਾ ਵਿਖੇ ਮਨਾਇਆ ਗਿਆ।

ਇਹ ਸਮਾਗਮ ਗਿਆਨੀ ਦਿੱਤ ਸਿੰਘ ਸਾਹਿਤ ਸਭਾ ਕੈਨੇਡਾ ਦੇ ਸਹਿਯੋਗ ਨਾਲ ਉਤਸ਼ਾਹ ਪੂਰਵਕ ਰੂਪ ਵਿੱਚ ਕਰਵਾਇਆ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੀਆਂ ਸੰਗਤਾਂ ਅਤੇ ਪ੍ਰਬੰਧਕਾਂ ਨੇ ਗਿਆਨੀ ਜੀ ਦੀ ਇਤਿਹਾਸਿਕ ਦੇਣ ਨੂੰ ਚੇਤੇ ਕੀਤਾ। ਗੁਰਦੁਆਰਾ ਸਾਹਿਬ ਵਿਖੇ ਬੋਲਦਿਆਂ ਗਿਆਨੀ ਦਿੱਤ ਸਿੰਘ ਸਾਹਿਤ ਸਭਾ ਕੈਨੇਡਾ ਦੇ ਪ੍ਰਤਿਨਿਧ ਡਾ. ਗੁਰਵਿੰਦਰ ਸਿੰਘ ਨੇ ਗਿਆਨੀ ਗੁਰਦਿੱਤ ਸਿੰਘ ਜੀ ਦੇ ਜੀਵਨ ਇਤਿਹਾਸ, ਗੁਰਬਾਣੀ ਦੇ ਨਾਲ ਡੂੰਘੇ ਸਬੰਧਾਂ, ਪੰਜਾਬੀ ਪੱਤਰਕਾਰੀ ਲਈ ਯੋਗਦਾਨ, ਸਿੱਖ ਸੰਸਥਾਵਾਂ ਅਤੇ ਪੰਜਾਬੀ ਸੰਸਥਾਵਾਂ ਦੇ ਸਥਾਪਨਾ ਵਿੱਚ ਭੂਮਿਕਾ ਅਤੇ ਉਹਨਾਂ ਦੀ ਪੰਜਾਬੀ ਵਿਰਸੇ ਤੇ ਸੱਭਿਆਚਾਰ ਲਈ ਦੇਣ ਵਾਲੇ ਵਿਚਾਰ ਸਾਂਝੇ ਕੀਤੇ।

ਉਹਨਾਂ ਕਿਹਾ ਕਿ ਜਿੱਥੇ ਗਿਆਨੀ ਗੁਰਦਿੱਤ ਸਿੰਘ ਜੀ ਸਿੱਖ ਇਤਿਹਾਸ ਅਤੇ ਗੁਰਬਾਣੀ ਨੂੰ ਸਹੀ ਰੂਪ ਵਿੱਚ ਪੇਸ਼ ਕਰਨ ਵਾਲੀ ਸ਼ਖਸੀਅਤ ਸਨ, ਉੱਥੇ ਉਹਨਾਂ ਬਾਰੇ ਕਿਤਾਬ ਲਿਖਵਾਉਣ ਲਈ 'ਬਲਦੇਵ ਸੜਕਨਾਮਾ' ਦੀ ਚੋਣ ਕਰਨਾ ਗਲਤ ਹੈ, ਜਿਸਨੇ 'ਸੂਰਜ ਦੀ ਅੱਖ' ਨਾਵਲ (25 ਹਜਾਰ ਡਾਲਰ ਦਾ ਢਾਹਾਂ ਅਵਾਰਡ ਲੈਣ ਵਾਲਾ) ਰਾਹੀਂ ਸਿੱਖ ਇਤਿਹਾਸ ਨੂੰ ਨਾ ਸਿਰਫ ਵਿਗਾੜਿਆ ਹੈ, ਬਲਕਿ ਇਸ ਪ੍ਰਤੀ ਨਫਰਤ ਦਾ ਵੀ ਪ੍ਰਗਟਾਵਾ ਕੀਤਾ ਹੈ। ਦੁਖਦਾਈ ਗੱਲ ਇਹ ਹੈ ਕਿ ਅਖੌਤੀ ਵਿਦਵਾਨ ਸਰੀ, ਕੈਨੇਡਾ ਸਮੇਤ ਵੱਖ-ਵੱਖ ਸਟੇਜਾਂ ਤੋਂ ਬਲਦੇਵ ਸੜਕਨਾਮੇ ਦੀ ਗਿਆਨੀ ਗੁਰਦਿੱਤ ਸਿੰਘ ਬਾਰੇ ਕਿਤਾਬ ਗੁਰਮੁਖੀ ਅਤੇ ਸ਼ਾਹਮੁਖੀ ਵਿੱਚ ਛਪਾ ਕੇ ਵੰਡੀ ਜਾ ਰਹੇ ਹਨ, ਜੋ ਕਿ ਮੰਦਭਾਗਾ ਵਰਤਾਰਾ ਹੈ। ਗਿਆਨੀ ਗੁਰਦਿੱਤ ਸਿੰਘ ਜੀ ਨੇ ਆਪਣੀ 83 ਸਾਲ ਦੀ ਉਮਰ ਤੋਂ ਵੀ ਵੱਧ ਲਗਪਗ 100 ਪੁਸਤਕਾਂ, ਕਿਤਾਬਚੇ, ਲੇਖ ਅਤੇ ਟਰੈਕਟ ਖੁਦ ਲਿਖੇ/ਸੰਪਾਦਤ ਕੀਤੇ। ਗਿਆਨੀ ਗੁਰਦਿੱਤ ਸਿੰਘ ਬਹੁ-ਪੱਖੀ, ਬਹੁਰੰਗੀ, ਗਿਆਨਵਾਨ ਅਤੇ ਵਿਦਵਾਨ ਗਿਆਨੀ ਜੀ ਦੁਆਰਾ ਲਿਖੀਆਂ ਹੋਈਆਂ ਤਿੰਨ ਕਿਤਾਬਾਂ ਸਾਹਿਤ ਜਗਤ ਵਿੱਚ ਸ਼ਾਹਕਾਰ ਵਜੋਂ ਜਾਣੀਆਂ ਜਾਂਦੀਆਂ ਹਨ: ਮੇਰਾ ਪਿੰਡ, ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਮੁੰਦਾਵਣੀ। ਸ੍ਰੀ ਗੁਰੂ ਗ੍ਰੰਥ ਸਾਹਿਬ ਗਿਆਨੀ ਜੀ ਦੇ ਜੀਵਨ ਦਾ ਕੇਂਦਰੀ ਧੁਰਾ ਰਿਹਾ ਹੈ। ਉਹ ਗਿਆਨ ਦੇ ਭੰਡਾਰ ਅਤੇ ਸਿੱਖ ਧਰਮ ਦੇ ਪਹਿਰੇਦਾਰ ਬਣਕੇ ਨਿਤਰੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਖਾਲਸੇ ਦੇ ਤਿੰਨ ਸੌ ਸਾਲਾਂ ਨੂੰ ਸਮਰਪਿਤ 50 ਕਿਤਾਬਾਂ ਦਾ ਸੰਪਾਦਨ ਕੀਤਾ। ਗਿਆਨੀ ਜੀ ਪੰਜਾਬ ਵਿਧਾਨ ਪਰਿਸ਼ਦ ਦੇ 1958 ਤੋਂ 1961 ਤੱਕ ਮੈਂਬਰ ਰਹੇ। ਉਹਨਾਂ ਦੇ ਨਿੱਗਰ ਉਪਰਾਲੇ ਕਰਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਸਿੱਖਾਂ ਦੇ ਪੰਜਵੇ ਤਖ਼ਤ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਥਾਪਨਾ ਹੋਈ। ਇਸ ਤੋਂ ਇਲਾਵਾ ਉਨ੍ਹਾਂ ਨੇ ਮੋਹਾਲੀ, ਚੰਡੀਗੜ੍ਹ ਅਤੇ ਦਿੱਲੀ ਵਿਖੇ ਗੁਰੂ ਗ੍ਰੰਥ ਸਾਹਿਬ ਵਿਦਿਆ ਕੇਂਦਰ ਸਥਾਪਤ ਕੀਤੇ। ਉਨ੍ਹਾਂ ਨੇ ਆਪਣੇ ਗਿਆਨ ਨੂੰ ਸਿੱਖ ਸਮਾਜ ਦੀ ਬਿਹਤਰੀ ਲਈ ਵਰਤਿਆ, ਜਿਸ ਨੂੰ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ। ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਡੈਲਟਾ ਅਤੇ ਗਿਆਨੀ ਦਿੱਤ ਸਿੰਘ ਸਹਿਤ ਸਭਾ ਕੈਨੇਡਾ ਗਿਆਨੀ ਗੁਰਦਿੱਤ ਸਿੰਘ ਜੀ ਦੇ ਕੋਤਰਵੇਂ ਜਨਮ ਦਿਨ 'ਤੇ ਸਮਾਗਮ ਉਲੀਕਣ ਲਈ ਵਧਾਈ ਦੇ ਪਾਤਰ ਹਨ।



# ਇਜ਼ਰਾਈਲ ਹਮਾਸ ਟਕਰਾਓ
# ਭੁੱਖਮਰੀ ਨਾਲ ਲੋਕਾਂ ਦੀ ਜੰਗ

## .ਗਾਜ਼ਾ ਵਿੱਚ ਮਨੁੱਖ ਵੱਲੋਂ 21ਵੀਂ ਸਦੀ ਦੀ ਕੀਤੀ ਗਈ ਸਭ ਤੋਂ ਭੈੜੀ ਤਬਾਹੀ

## .ਗਾਜ਼ਾ 'ਚ ਆਪਣੇ ਬੱਚਿਆਂ ਦੀ ਭੁੱਖ ਮਿਟਾਉਣ ਲਈ ਪਸ਼ੂਆਂ ਦੇ ਚਾਰੇ ਦੀ ਵਰਤੋਂ ਲਈ ਮਜਬੂਰ ਨੇ ਮਾਪੇ : ਅਲਜੀਰੀਆ

ਨਿਊਜ਼ ਏਜੰਸੀ ਰਾਈਟਰਜ਼ ਦੇ ਮੁਤਾਬਿਕ ਲੰਘੀ 29 ਫਰਵਰੀ ਨੂੰ .ਗਾਜ਼ਾ 'ਤੇ ਆਈ ਤਬਾਹੀ ਦੇ ਪੈਮਾਨੇ ਨੂੰ ਗ੍ਰਾਫਿਕ ਤੌਰ 'ਤੇ ਦੇਖਿਆ ਗਿਆ ਸੀ, ਜਦੋਂ 100 ਤੋਂ ਵੱਧ ਲੋਕ ਮਾਰੇ ਗਏ ਅਤੇ 700 ਤੋਂ ਵੱਧ ਜ਼ਖਮੀ ਹੋਏ ਸਨ। ਖ਼ਬਰ ਇਹ ਹੈ ਕਿ .ਗਾਜ਼ਾ ਦੇ ਲੋਕ ਜੋ ਕਿ ਮੁਸੀਬਤ ਦਾ ਪਿਛਲੇ ਕੁਝ ਮਹੀਨਿਆਂ ਤੋਂ ਲਗਾਤਾਰ ਸਾਹਮਣਾ ਕਰਦੇ ਆ ਰਹੇ ਹਨ ਤੇ ਰਾਹਤ ਸਮੱਗਰੀ ਨਾਲ ਭਰੇ ਟਰੱਕਾਂ ਦੀ ਉਡੀਕ ਕਰ ਰਹੇ ਸਨ। ਉਸ ਸਮੇਂ ਇਜ਼ਰਾਈਲੀ .ਫੌਜ ਵੱਲੋਂ ਹਮਲਾ ਕਰ ਦਿੱਤਾ ਗਿਆ। ਮਨੁੱਖਤਾਵਾਦੀ ਸਹਾਇਤਾ ਦੇ ਲਈ



ਬੇਚੈਨ ਲੋਕਾਂ ਦੇ ਉੱਤੇ ਇਜ਼ਰਾਈਲ ਦਾ ਇਸ ਤਰ੍ਹਾਂ ਕਰਨਾ, ਉਸ ਦਾ ਇੱਕ ਨੀਵਾਂ ਪੱਧਰ ਦਰਸਾਉਂਦੇ। ਸਥਾਨਕ ਅਧਿਕਾਰੀਆਂ ਨੇ ਨਿਹੱਥੀ ਭੀੜ ਦੇ ਉੱਤੇ ਗੋਲੀ ਬਾਰੀ ਕਰਨ ਲਈ ਆਈ.ਟੀ.ਐਫ ਨੂੰ ਦੋਸ਼ੀ ਠਹਿਰਾਇਆ ਹੈ। ਜਦੋਂ ਕਿ ਇਜ਼ਰਾਈਲ ਦਾ ਕਹਿਣਾ ਹੈ ਕਿ ਸੈਨਾ ਨੇ ਭਾਜੜ ਰੋਕਣ ਲਈ ਹਥਿਆਰਾਂ ਦੀ ਵਰਤੋਂ ਕੀਤੀ।

ਇਜ਼ਰਾਈਲ ਨੇ 7 ਅਕਤੂਬਰ ਦੇ ਅੱਤਵਾਦੀ ਹਮਲੇ ਨੂੰ ਲੈ ਕੇ ਹਮਾਸ ਦੇ ਖ਼ਿਲਾਫ਼ ਬਦਲਾ ਅਤੇ ਬੇਰਹਿਮੀ ਦੀ ਜੋ ਜੰਗ ਸ਼ੁਰੂ ਕੀਤੀ ਸੀ, ਉਹ ਜੰਗ ਇਸ ਹਫ਼ਤੇ 6ਵੇਂ ਮਹੀਨੇ ਵਿੱਚ ਦਾਖਲ ਹੋ ਗਈ ਹੈ ਅਤੇ ਹੁਣ ਤੱਕ .ਗਾਜ਼ਾ ਵਿੱਚ ਮਰਨ ਵਾਲੇ ਲੋਕਾਂ ਦੀ ਗਿਣਤੀ 30 ਹਜ਼ਾਰ ਨੂੰ ਪਾਰ ਕਰ ਗਈ ਹੈ। ਬਹੁਤ ਘੱਟ ਉਮੀਦ ਹੈ ਕਿ ਭਵਿੱਖ ਵਿੱਚ ਇਜ਼ਰਾਈਲ ਇਸ ਦੁਸ਼ਮਣੀ ਨੂੰ ਖਤਮ ਕਰਨ ਦਾ ਕੋਈ ਇਰਾਦਾ ਰੱਖਦਾ ਹੈ। ਅਮਰੀਕੀ ਰੱਖਿਆ ਮੰਤਰੀ ਜਨਰਲ ਲੋਇਡ ਆਸਟਿਨ ਨੇ ਪਿਛਲੇ ਹਫ਼ਤੇ ਅਮਰੀਕੀ ਸੰਸਦ ਮੈਂਬਰਾਂ ਨੂੰ ਦੱਸਿਆ ਕਿ 7 ਅਕਤੂਬਰ ਦੇ ਹਮਲੇ ਤੋਂ ਬਾਅਦ ਇਜ਼ਰਾਈਲ ਨੇ 25 ਹਜ਼ਾਰ ਤੋਂ ਵੱਧ ਫਲਸਤੀਨੀ ਔਰਤਾਂ ਅਤੇ ਬੱਚਿਆਂ ਨੂੰ ਮਾਰਿਆ ਹੈ।

ਦੁਨੀਆਂ ਦੇ ਵਿੱਚ ਕਿਤੇ ਵੀ ਯੁੱਧ ਚੱਲ ਰਿਹਾ ਹੁੰਦਾ ਤਾਂ ਉਸ ਵਿੱਚ ਸ਼ਾਮਲ ਦੋਵੇਂ ਪੱਖ ਇੱਕ ਦੂਜੇ ਨੂੰ ਕਟਹਿਰੇ ਵਿੱਚ ਖੜ੍ਹਾ ਕਰਦੇ ਹਨ। ਇਜ਼ਰਾਈਲੀ ਸਰਹੱਦ ਅੰਦਰ ਵੜ ਕੇ ਜਦੋਂ ਹਮਾਸ ਨੇ ਹਮਲਾ ਕੀਤਾ ਸੀ ਤਾਂ ਬਹੁਤ ਸਾਰੇ ਦੇਸ਼ਾਂ ਨੇ ਇਸ ਦੀ ਨਿੰਦਾ ਕੀਤੀ ਸੀ। ਇਜ਼ਰਾਈਲ ਨੇ ਜਵਾਬੀ ਹਮਲੇ ਨੂੰ ਬਚਾਅ ਦੀ ਕੋਸ਼ਿਸ਼ ਕਿਹਾ ਸੀ ਪਰ ਬਾਅਦ ਵਿੱਚ ਯੁੱਧ ਨੇ ਜਿਵੇਂ ਦੀ ਸ਼ਕਲ ਅਖ਼ਤਿਆਰ ਕੀਤੀ, ਉਸ ਤੋਂ ਇਜ਼ਰਾਈਲ ਦੀਆਂ ਗਤੀਵਿਧੀਆਂ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਲੰਘੇ ਦਿਨਾਂ ਦੇ ਵਿੱਚ ਜਿਸ ਤਰੀਕੇ ਨਾਲ ਭੁੱਖ ਦਾ ਸਾਹਮਣਾ ਕਰ ਰਹੇ ਗਾਜਾ ਵਾਸੀ ਮਨੁੱਖੀ ਮਦਦ ਦਾ ਇੰਤਜ਼ਾਰ ਕਰ ਰਹੇ ਸਨ, ਉਸ ਸਮੇਂ ਬੇਰਹਿਮੀ ਵਰਤਣਾ ਨਿੰਦਣਯੋਗ ਹੈ। ਇਜ਼ਰਾਈਲੀ ਸੈਨਿਕਾਂ ਦੀ ਅਜਿਹੀ ਕਾਰਵਾਈ ਦੇ ਉੱਤੇ ਅਮਰੀਕਾ ਤੇ ਫਰਾਂਸ ਨੇ ਵੀ ਚਿੰਤਾ ਪ੍ਰਗਟਾਈ। ਬ੍ਰਾਜੀਲ, ਜਰਮਨੀ ਤੇ ਸੰਯੁਕਤ ਰਾਸ਼ਟਰ ਦੇ ਮੁਖੀ ਨੇ ਵੀ ਨਿੰਦਾ ਕਰਦੇ ਹੋਏ ਇਸ ਦੀ ਜਾਂਚ ਦੀ ਮੰਗ ਕੀਤੀ। ਇਸ ਦੇ ਬਾਵਜੂਦ ਇਜ਼ਰਾਈਲ ਦੇ ਵਿੱਚ ਕੋਈ ਨਰਮਾਈ ਨਹੀਂ ਦਿੱਖ ਰਹੀ। ਸਵਾਲ ਇਹ ਉੱਠਦਾ ਹੈ ਕਿ ਤਮਾਮ ਦੇਸ਼ਾਂ ਦੀ ਸਹਿਮਤੀ ਦੇ ਨਾਲ ਜਿਹੜੇ ਅੰਤਰਰਾਸ਼ਟਰੀ ਨਿਯਮ ਤੇ ਕਾਨੂੰਨ ਬਣਾਏ ਗਏ ਹਨ ਕੀ ਉਹ ਖਤਮ ਹੋ ਗਏ ਹਨ। ਅੰਤਰਰਾਸ਼ਟਰੀ ਕਾਨੂੰਨਾਂ ਦੇ ਮੁਤਾਬਿਕ ਤਾਂ ਇਹ ਮਿਥਿਆ ਗਿਆ ਕਿ ਕਿਹੜੀ ਧਿਰ 'ਤੇ ਹਮਲਾ ਕਰਨਾ ਤੇ ਕਿਥੇ ਨਹੀਂ ਕਰਨਾ ਤੇ ਕਿਹੜੇ ਹਾਲਾਤਾਂ ਦੇ ਵਿੱਚ ਕਰਨਾ। ਨਿਯਮ ਤੇ ਕਾਨੂੰਨਾਂ ਵਿੱਚ ਤਾਂ ਇਹ ਵੀ ਹੈ ਕਿ ਆਮ ਲੋਕਾਂ, ਹਸਪਤਾਲਾਂ, ਸਕੂਲਾਂ ਤੇ ਰਹਿਣ ਵਾਲੀ ਜਗ੍ਹਾ ਦੇ ਨੇੜੇ ਹਮਲਾ ਕਰਨ ਦੀ ਮਨਾਹੀ ਹੈ ਪਰ ਜੋ ਇਜ਼ਰਾਇਲ ਹੁਣ ਤੱਕ ਫਲਸਤੀਨ 'ਤੇ ਹਮਲੇ ਨੂੰ ਆਪਣੀ ਜਵਾਬੀ ਕਾਰਵਾਈ ਦੱਸਦਾ ਰਿਹਾ, ਕੀ ਉਹ ਭੁੱਖ ਦੇ ਨਾਲ ਲਾਚਾਰ ਲੋਕਾਂ 'ਤੇ ਇਸ ਤਰਾਂ ਦੀ ਗੋਲਾਬਾਰੀ ਨੂੰ ਸਹੀ ਠਹਿਰਾਅ ਸਕਦੈ ?

ਇਸੇ ਦੌਰਾਨ ਸੰਯੁਕਤ ਰਾਸ਼ਟਰ ਦੇ ਤਿੰਨ ਸੀਨੀਅਰ ਅਧਿਕਾਰੀਆਂ ਨੇ ਸੁਰੱਖਿਆ ਕੌਂਸਲ ਨੂੰ .ਗਾਜ਼ਾ ਪੱਟੀ ਵਿੱਚ ਆਉਣ ਵਾਲੇ ਕਾਲ ਦੀ ਚਿਤਾਵਨੀ ਦਿੱਤੀ ਅਤੇ ਇੱਕ ਖੇਤਰ ਵਿੱਚ ਮਾਨਵਤਾਵਾਦੀ ਤਬਾਹੀ ਨੂੰ ਰੋਕਣ ਲਈ ਤੁਰੰਤ ਕਾਰਵਾਈ ਦੀ ਅਪੀਲ ਕੀਤੀ, ਜਿੱਥੇ ਪ੍ਰੀਸ਼ਦ ਦੇ ਬਹੁਤ ਸਾਰੇ ਮੈਂਬਰਾਂ ਨੇ ਭੁੱਖ ਨੂੰ ਯੁੱਧ ਦੇ ਹਥਿਆਰ ਵਜੋਂ ਵਰਤਣ ਦਾ ਦੋਸ਼ ਲਗਾਇਆ।

.ਗਾਜ਼ਾ ਵਿੱਚ ਭੋਜਨ ਦੀ ਅਸੁਰੱਖਿਆ ਬਾਰੇ ਕੌਂਸਲ ਨੂੰ ਜਾਣਕਾਰੀ ਦਿੰਦੇ ਹੋਏ ਫੂਡ ਐਂਡ ਐਗਰੀਕਲਚਰ ਆਰ.ਗੇਨਾਈਜ਼ੇਸ਼ਨ (ਐਫਏਓ) ਦੇ ਡਿਪਟੀ ਡਾਇਰੈਕਟਰ-ਜਨਰਲ ਮੌਰੀਜ਼ੀਓ ਮਾਰਟੀਨਾ ਨੇ ਕਿਹਾ ਕਿ ਕਾਲ



ਦਾ ਖ਼ਤਰਾ ਰੋਜ਼ਾਨਾ ਵਧਦਾ ਜਾ ਰਿਹਾ ਹੈ। .ਗਾਜ਼ਾ ਦੀ ਸਮੁੱਚੀ ਆਬਾਦੀ ਸੰਕਟ ਜਾਂ ਇਸ ਤੋਂ ਵੀ ਬਦਤਰ ਹੋਣ ਦਾ ਅੰਦਾਜ਼ਾ ਲਗਾਇਆ ਗਿਆ ਹੈ।

ਇਸ ਮੌਕੇ ਵਰਲਡ ਫੂਡ ਪ੍ਰੋਗਰਾਮ (ਡਬਲਯੂ.ਐੱਫ.ਪੀ.) ਦੇ ਡਿਪਟੀ ਐਗਜ਼ੀਕਿਊਟਿਵ ਡਾਇਰੈਕਟਰ ਕਾਰਲ ਸਕਾਉ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਕੁਝ ਨਹੀਂ ਬਦਲਦਾ, ਤਾਂ ਉੱਤਰੀ .ਗਾਜ਼ਾ ਵਿੱਚ ਕਾਲ ਆਉਣ ਵਾਲਾ ਹੈ।

ਸੁਰੱਖਿਆ ਕੌਂਸਲ ਦੀ ਮੀਟਿੰਗ ਵਿੱਚ ਅਲਜੀਰੀਆ ਦੇ ਪ੍ਰਤੀਨਿਧੀ ਨੇ ਭੋਜਨ ਸੁਰੱਖਿਆ ਅਤੇ ਸਨਮਾਨ ਵਿਚਕਾਰ ਸਬੰਧ ਨੂੰ ਉਜਾਗਰ ਕਰਦੇ ਹੋਏ ਮਾਨਵਤਾਵਾਦੀ ਜੰਗਬੰਦੀ ਦੀ ਮੰਗ ਕੀਤੀ। ਉਸ ਨੇ ਕਿਹਾ ਕਿ .ਗਾਜ਼ਾ ਵਿੱਚ ਮਾਪੇ ਆਪਣੇ ਬੱਚਿਆਂ ਦੀ ਭੁੱਖ ਮਿਟਾਉਣ ਲਈ ਪਸ਼ੂਆਂ ਦੇ ਚਾਰੇ ਦੀ ਵਰਤੋਂ ਕਰ ਰਹੇ ਹਨ। ਸਲੋਵੇਨੀਆ ਦੇ ਨੁਮਾਇੰਦੇ ਨੇ ਕਿਹਾ ਕਿ .ਗਾਜ਼ਾ ਦੀ ਸਮੁੱਚੀ ਆਬਾਦੀ ਦੁਨੀਆ ਭਰ ਵਿੱਚ ਸ਼੍ਰੇਣੀਬੱਧ ਖੁਰਾਕੀ ਅਸੁਰੱਖਿਆ ਦੇ ਸਭ ਤੋਂ ਵੱਧ ਹਿੱਸੇ ਦਾ ਸਾਹਮਣਾ ਕਰ ਰਹੀ ਹੈ।

ਚੀਨ ਦੇ ਪ੍ਰਤੀਨਿਧੀ ਨੇ ਇਜ਼ਰਾਈਲ ਨੂੰ ਇੱਕ ਕਾਬਜ਼ ਸ਼ਕਤੀ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਕਿਹਾ। ਫਰਾਂਸ ਦੇ ਪ੍ਰਤੀਨਿਧੀ ਨੇ ਕਿਹਾ ਕਿ .ਗਾਜ਼ਾ ਵਿੱਚ ਮਨੁੱਖਤਾਵਾਦੀ ਸਥਿਤੀ ਸਮਝ ਤੋਂ ਬਾਹਰ ਹੈ। ਯੂਨਾਈਟਿਡ ਕਿੰਗਡਮ ਦੇ ਪ੍ਰਤੀਨਿਧੀ ਨੇ .ਗਾਜ਼ਾ ਵਿੱਚ ਇੱਕ ਨਿਰਾਸ਼ਾਜਨਕ ਸਥਿਤੀ ਦਾ ਹਵਾਲਾ ਦਿੱਤਾ ਜੋ ਦਿਨ-ਬ-ਦਿਨ ਵਿਗੜਦੀ ਜਾ ਰਹੀ ਹੈ ਉਸਨੇ ਸੰਘਰਸ਼ ਦੀਆਂ ਸਾਰੀਆਂ ਧਿਰਾਂ ਨੂੰ ਤੁਰੰਤ ਲੜਾਈ ਬੰਦ ਕਰਨ ਲਈ ਕਿਹਾ। ਉਸਨੇ ਇਜ਼ਰਾਈਲ ਨੂੰ .ਗਾਜ਼ਾ ਵਿੱਚ ਵਧੇਰੇ ਸਹਾਇਤਾ ਦੀ ਆਗਿਆ ਦੇਣ ਦੀ ਅਪੀਲ ਕੀਤੀ ।

ਇਸ ਮੌਕੇ ਜਾਪਾਨ ਦੇ ਨੁਮਾਇੰਦੇ ਨੇ ਕਿਹਾ ਕਿ .ਗਾਜ਼ਾ ਵਿੱਚ 'ਸੇਵ ਦ ਚਿਲਡਰਨ' ਲਈ ਇੱਕ ਸਹਾਇਤਾ ਕਰਮਚਾਰੀ ਨੇ ਲੋਕਾਂ ਨੂੰ ਜਾਨਵਰਾਂ ਦੇ ਭੋਜਨ ਅਤੇ ਦਰਖਤਾਂ ਦੇ ਪੱਤੇ ਖਾਂਦੇ ਦੇਖਿਆ। ਉਸ ਨੇ ਲੋਕਾਂ ਨੂੰ ਚੂਹਿਆਂ ਦੁਆਰਾ ਪਹਿਲਾਂ ਹੀ ਖਾ ਚੁੱਕੇ ਭੋਜਨ ਨੂੰ ਖੋਖਲਾ ਕਰਦੇ ਦੇਖਿਆ। .ਗਾਜ਼ਾ ਨੂੰ ਵਾਧੂ ਐਮਰਜੈਂਸੀ ਸਹਾਇਤਾ ਦੀ ਆਪਣੀ ਸਰਕਾਰ ਦੇ ਐਲਾਨ ਨੂੰ ਦੱਸਦੇ ਹੋਏ ਉਸਨੇ ਕਿਹਾ ਕਿ ਸੰਘਰਸ਼ ਦੀਆਂ ਸਾਰੀਆਂ ਧਿਰਾਂ ਨੂੰ ਅੰਤਰਰਾਸ਼ਟਰੀ ਮਾਨਵਤਾਵਾਦੀ ਕਾਨੂੰਨ ਦਾ ਸਨਮਾਨ ਕਰਨਾ ਚਾਹੀਦਾ ਹੈ।

.ਗਾਜ਼ਾ ਦੇ ਵਿੱਚ ਜਿਸ ਤਰੀਕੇ ਦੇ ਨਾਲ ਮਨੁੱਖਤਾ ਦਾ ਘਾਣ ਹੋ ਰਿਹਾ ਹੈ,ਪੂਰੀ ਦੁਨੀਆਂ ਭੁੱਖ ਨਾਲ ਤੜ.ਫ ਰਹੇ ਲੋਕਾਂ ਦੇ ਹੱਕ ਦੇ ਵਿੱਚ ਹਾਅ ਦਾ ਨਾਅਰਾ ਮਾਰ ਰਹੀ ਹੈ। ਢਿੱਡ ਦੇ ਪਿੱਛੇ ਲੋਕ ਆਪਣੀਆਂ ਜ਼ਿੰਦਗੀਆਂ ਗੁਆ ਰਹੇ ਨੇ। ਪਰ ਇਹ ਹਾਅ ਦੇ ਨਾਅਰੇ, ਇਹ ਬਿਆਨ ਦੇ ਕੇ ਅਸੀਂ ਆਪਣੇ ਆਪ ਨੂੰ ਸੁਰਖਰੂ ਨਹੀਂ ਕਰ ਸਕਦੇ, ਕਿਉਂਕਿ ਇਸ ਤੋਂ ਅੱਗੇ ਵੀ ਇਨਸਾਨੀਅਤ ਦੇ ਬਹੁਤ ਸਾਰੇ ਫਰਜ਼ ਬਣਦੇ ਹਨ।



# ਅਮਰੀਕਾ ਖ਼ਬਰਨਾਮਾ

## ਅਮਰੀਕਾ ਵਿੱਚ ਇੱਕ ਸਾਲ 'ਚ ਸਿੱਖਾਂ ਵਿਰੁੱਧ ਨ.ਫਰਤੀ ਅਪਰਾਧਾਂ 'ਚ 31 .ਫੀਸਦੀ ਹੋਇਆ ਵਾਧਾ

ਕੈਲੀਫ਼ੋਰਨੀਆ/ਏ.ਟੀ.ਨਿਊਜ਼ : ਅਮਰੀਕਾ 'ਚ ਰਹਿ ਰਹੇ ਭਾਰਤੀਆਂ 'ਚੋਂ ਸਿੱਖ ਭਾਈਚਾਰਾ ਸਭ ਤੋਂ ਵੱਧ ਹਮਲਿਆਂ ਦੀਆਂ ਘਟਨਾਵਾਂ ਦਾ ਸਾਹਮਣਾ ਕਰ ਰਿਹਾ ਹੈ। ਹਾਲ ਹੀ ਵਿੱਚ ਅਲਬਾਮਾ 'ਚ ਗੁਰਦੁਆਰੇ ਦੇ ਬਾਹਰ ਰਾਗੀ ਗਰੁੱਪ ਦੇ ਮੈਂਬਰ ਰਾਜ ਸਿੰਘ (29) ਦਾ 24 ਫਰਵਰੀ ਨੂੰ ਹਮਲਾਵਰਾਂ ਨੇ ਕਤਲ ਕਰ ਦਿੱਤਾ ਸੀ। ਉਥੇ ਹੀ ਅਮਰੀਕੀ ਜਾਂਚ ਏਜੰਸੀ ਐੱਫ.ਬੀ.ਆਈ. ਮੁਤਾਬਕ 2022 ਵਿੱਚ ਸਿੱਖਾਂ 'ਤੇ ਹਮਲਿਆਂ ਦੀਆਂ 151 ਘਟਨਾਵਾਂ ਹੋਈਆਂ, ਜੋ 2023 ਵਿੱਚ ਵੱਧ ਕੇ 198 ਹੋ ਗਈਆਂ। ਸਿੱਖਾਂ ਵਿਰੁੱਧ ਨ.ਫ਼ਰਤੀ ਅਪਰਾਧਾਂ ਦੇ ਮਾਮਲਿਆਂ ਵਿੱਚ 31 .ਫ਼ੀਸਦੀ ਵਾਧਾ ਹੋਇਆ ਹੈ।



ਅਮਰੀਕਾ ਦੇ ਨਿਊਯਾਰਕ, ਕੈਲੀਫੋਰਨੀਆ, ਨਿਊਜਰਸੀ, ਅਲਬਾਮਾ, ਵਾਸ਼ਿੰਗਟਨ ਅਤੇ ਸਿਆਟਲ ਵਿੱਚ ਸਿੱਖਾਂ ਵਿਰੁੱਧ ਸਭ ਤੋਂ ਵੱਧ ਕੇਸ ਦਰਜ ਕੀਤੇ ਗਏ ਹਨ। ਜਦੋਂ ਕਿ ਅਮਰੀਕਾ ਵਿੱਚ ਰਹਿ ਰਹੇ ਭਾਰਤੀ ਭਾਈਚਾਰਿਆਂ ਵਿਰੁੱਧ ਨ.ਫ਼ਰਤੀ ਅਪਰਾਧਾਂ ਦੇ ਕੁੱਲ ਮਾਮਲੇ 2022 ਵਿੱਚ 375 ਅਤੇ 2023 ਵਿੱਚ 520 ਸਨ। ਵਰਣਨਯੋਗ ਹੈ ਕਿ ਅਮਰੀਕਾ ਵਿੱਚ ਰਹਿੰਦੇ 50 ਲੱਖ ਭਾਰਤੀਆਂ ਵਿਚੋਂ ਸਿੱਖਾਂ ਦੀ ਆਬਾਦੀ 5 ਲੱਖ ਹੈ। ਅਮਰੀਕਾ ਵਿੱਚ ਸਿੱਖ ਗਲਤ ਪਛਾਣ ਦਾ ਵੀ ਸ਼ਿਕਾਰ ਹੋ ਜਾਂਦੇ ਹਨ। ਉਨ੍ਹਾਂ ਦੀ ਦਸਤਾਰ ਅਤੇ ਦਾੜ੍ਹੀ ਕਾਰਨ ਉਨ੍ਹਾਂ ਨੂੰ ਮੁਸਲਮਾਨ ਸਮਝ ਲਿਆ ਜਾਂਦਾ ਹੈ। ਕੁਝ ਘਟਨਾਵਾਂ ਵਿੱਚ ਹਮਲਾਵਰਾਂ ਨੇ ਪੁਲਿਸ ਕੋਲ ਇਸ ਗੱਲ ਦਾ ਖੁਲਾਸਾ ਕੀਤਾ ਹੈ।

## ਅਮਰੀਕਾ 'ਚ ਗੁਰਦੁਆਰੇ ਦੇ ਬਾਹਰ ਰਾਗੀ ਸਿੰਘ ਦੀ ਗੋਲੀਆਂ ਮਾਰ ਕੇ ਹੱਤਿਆ

ਚੰਡੀਗੜ੍ਹ/ਏ.ਟੀ.ਨਿਊਜ਼ : ਸ਼ੱਕੀ ਨ.ਫ਼ਰਤ ਅਪਰਾਧ ਵਿੱਚ 29 ਸਾਲਾ ਸਿੱਖ ਰਾਗੀ ਸਿੰਘ ਨੂੰ ਅਮਰੀਕਾ ਦੇ ਸੂਬੇ ਅਲਬਾਮਾ ਦੇ ਸੇਲਮਾ ਵਿੱਚ ਬੀਤੇ ਸ਼ਨਿਚਰਵਾਰ ਗੁਰਦੁਆਰੇ ਦੇ ਬਾਹਰ ਗੋਲੀ ਮਾਰ ਦਿੱਤੀ ਗਈ ਸੀ। ਰਾਜ ਸਿੰਘ, ਜਿਸ ਨੂੰ ਗੋਲਡੀ ਵੀ ਕਿਹਾ ਜਾਂਦਾ ਹੈ, ਯੂਪੀ ਦੇ ਬਿਜਨੌਰ ਜ਼ਿਲ੍ਹੇ ਦੇ ਪਿੰਡ ਟਾਂਡਾ ਸਾਹੂਵਾਲਾ ਦਾ ਰਹਿਣ ਵਾਲਾ ਸੀ। ਉਹ ਸਾਲ ਤੋਂ ਵੱਧ ਸਮੇਂ ਤੋਂ ਆਪਣੇ ਕੀਰਤਨੀ ਜਥੇ ਨਾਲ ਅਮਰੀਕਾ ਵਿੱਚ ਸੀ। ਗੋਲਡੀ ਨੂੰ ਅਣਪਛਾਤੇ ਵਿਅਕਤੀਆਂ ਨੇ ਉਸ ਸਮੇਂ ਗੋਲੀ ਮਾਰ ਦਿੱਤੀ ਜਦੋਂ ਉਹ ਗੁਰਦੁਆਰੇ ਦੇ ਬਾਹਰ ਖੜ੍ਹਾ ਸੀ। ਉਸ ਦੇ ਪਰਿਵਾਰ ਨੂੰ ਐਤਵਾਰ ਨੂੰ ਹਾਦਸੇ ਬਾਰੇ ਦੱਸਿਆ ਗਿਆ। ਪਰਿਵਾਰ ਨੇ ਦੱਸਿਆ,'ਸਾਨੂੰ ਰਿਸ਼ਤੇਦਾਰਾਂ ਨੇ ਘਟਨਾ ਬਾਰੇ ਸੂਚਿਤ ਕੀਤਾ ਗਿਆ ਸੀ। ਅਸੀਂ ਵਧੇਰੇ ਜਾਣਕਾਰੀ ਲਈ ਗੁਰਦੁਆਰਾ ਕਮੇਟੀ ਨਾਲ ਸੰਪਰਕ ਕੀਤਾ ਹੈ ਅਤੇ ਉਹ ਸਾਡੀ ਮਦਦ ਕਰ ਰਹੇ ਹਨ। ਅਸੀਂ ਆਪਣੀ ਸਰਕਾਰ ਨੂੰ ਇਨਸਾ.ਫ ਅਤੇ ਕਾਤਲਾਂ ਦੀ ਗ੍ਰਿ.ਫ਼ਤਾਰੀ ਲਈ ਵੀ ਅਪੀਲ ਕੀਤੀ ਹੈ।'



## ਹੇਲੀ ਨੇ ਵਾਸ਼ਿੰਗਟਨ ਡੀਸੀ 'ਚ ਇਤਿਹਾਸ ਸਿਰਜਿਆ

### ਟਰੰਪ ਨੂੰ ਹਰਾ ਕੇ ਪਹਿਲੀ ਪ੍ਰਾਇਮਰੀ ਜਿੱਤੀ



ਵਾਸ਼ਿੰਗਟਨ/ਏ.ਟੀ.ਨਿਊਜ਼ : ਨਿੱਕੀ ਹੇਲੀ ਨੇ ਅਮਰੀਕਾ ਵਿੱਚ ਰਾਸ਼ਟਰਪਤੀ ਚੋਣ ਲਈ ਰਿਪਬਲਿਕਨ ਉਮੀਦਵਾਰ ਦੀ ਚੋਣ ਪ੍ਰਕਿਰਿਆ ਦੇ ਹਿੱਸੇ ਵਜੋਂ ਵਾਸ਼ਿੰਗਟਨ ਡੀਸੀ (ਡਿਸਟ੍ਰਿਕਟ ਆਫ ਕੋਲੰਬੀਆ) ਦੀਆਂ ਪ੍ਰਾਇਮਰੀ ਚੋਣਾਂ ਵਿੱਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਹਰਾ ਕੇ 2024 ਦੀ ਚੋਣ ਪ੍ਰਚਾਰ ਮੁਹਿੰਮ ਦੌਰਾਨ ਆਪਣੀ ਪਹਿਲੀ ਜਿੱਤ ਹਾਸਲ ਕੀਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਇਤਿਹਾਸ ਸਿਰਜ ਦਿੱਤਾ ਕਿਉਂਕਿ ਰਿਪਬਲਿਕਨ ਰਾਸ਼ਟਰਪਤੀ ਉਮੀਦਵਾਰੀ ਦੀਆਂ ਪ੍ਰਾਇਮਰੀ ਚੋਣਾਂ ਜਿੱਤਣ ਵਾਲੀ ਉਹ ਪਹਿਲੀ ਮਹਿਲਾ ਹੈ।

ਹੇਲੀ ਦੀ ਇਸ ਜਿੱਤ ਨੇ ਅਸਥਾਈ ਤੌਰ 'ਤੇ ਟਰੰਪ ਦੀ ਜਿੱਤ ਦੇ ਸਿਲਸਿਲੇ ਨੂੰ ਰੋਕ ਦਿੱਤਾ ਹੈ ਪਰ ਸਾਬਕਾ ਰਾਸ਼ਟਰਪਤੀ ਨੂੰ ਇਸ ਹਫਤੇ ਦੇ ਸੁਪਰ ਟਿਊਜ਼ਡੇਅ 'ਚ ਵੱਡੀ ਗਿਣਤੀ ਵਿੱਚ ਡੈਲੀਗੇਟਾਂ (ਵੋਟਰਾਂ ਦੀ ਨੁਮਾਇੰਦਗੀ ਕਰਨ ਵਾਲੇ ਪਾਰਟੀ ਮੈਂਬਰਾਂ) ਦਾ ਸਮਰਥਨ ਮਿਲਣ ਦੀ ਸੰਭਾਵਨਾ ਹੈ।

ਸੁਪਰ ਟਿਊਜ਼ਡੇਅ ਅਮਰੀਕਾ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰਾਂ ਦੀ ਚੋਣ ਕਰਨ ਲਈ ਪ੍ਰਾਇਮਰੀ ਚੋਣ ਪ੍ਰਕਿਰਿਆ ਦਾ ਦਿਨ ਹੈ, ਜਦੋਂ ਜ਼ਿਆਦਾਤਰ ਰਾਜਾਂ ਵਿੱਚ ਪ੍ਰਾਇਮਰੀ ਅਤੇ ਕਾਕਸ ਚੋਣਾਂ ਹੁੰਦੀਆਂ ਹਨ।

*2020 ਵਿੱਚ ਚੋਣ ਨਤੀਜਿਆਂ ਨੂੰ ਉਲਟਾਉਣ ਦੀ ਕੋਸ਼ਿਸ਼ ਦਾ ਮਾਮਲਾ*

## ਟਰੰਪ ਵਿਰੁੱਧ ਮੁਕੱਦਮਾ ਚਲਾਉਣ ਬਾਰੇ .ਫੈਸਲਾ ਸੁਪਰੀਮ ਕੋਰਟ ਕਰੇਗੀ

ਸੈਕਰਾਮੈਂਟੋ, ਕੈਲੀ.ਫ਼ੋਰਨੀਆ/ ਹੁਸਨ ਲੜੋਆ ਬੰਗਾ : ਸੁਪਰੀਮ ਕੋਰਟ ਨੇ ਕਿਹਾ ਹੈ ਕਿ 2020 ਵਿੱਚ ਚੋਣ ਨਤੀਜੇ ਉਲਟਾਉਣ ਦੀ ਕੋਸ਼ਿਸ਼ ਦੇ ਮਾਮਲੇ ਵਿੱਚ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਵਿਰੁੱਧ ਮੁਕੱਦਮਾ ਚਲਾਇਆ ਜਾ ਸਕਦਾ ਹੈ ਜਾਂ ਨਹੀਂ, ਇਸ ਸਬੰਧੀ ਉਹ ਅਪ੍ਰੈਲ ਵਿੱਚ ਸੁਣਵਾਈ ਕਰੇਗੀ। ਸੁਪਰੀਮ ਕੋਰਟ ਦੀ ਇਸ ਸਹਿਮਤੀ ਨਾਲ ਸਾਬਕਾ ਰਾਸ਼ਟਰਪਤੀ ਵਿਰੁੱਧ ਇਸ ਸਾਲ ਨਵੰਬਰ ਵਿੱਚ ਹੋ ਰਹੀਆਂ ਆਮ ਚੋਣਾਂ ਤੋਂ ਪਹਿਲਾਂ ਮਾਮਲਾ ਨਿੱਬੜ ਜਾਣ ਦੀ ਸੰਭਾਵਨਾ ਬਣੀ ਹੈ। ਸੁਪਰੀਮ ਕੋਰਟ ਨੇ 22 ਅਪ੍ਰੈਲ ਤੋਂ ਸੁਣਵਾਈ ਕਰਨ ਦਾ ਫੈਸਲਾ ਕੀਤਾ ਹੈ ਕਿ ਕੀ ਕਿਸੇ ਰਾਸ਼ਟਰਪਤੀ ਵਿਰੁੱਧ ਆਪਣੇ ਕਾਰਜਕਾਲ ਦੌਰਾਨ ਕੀਤੇ ਵਿਵਹਾਰ ਕਾਰਨ ਅਪਰਾਧਕ ਦੋਸ਼ਾਂ ਤਹਿਤ ਮੁਕੱਦਮਾ ਚਲਾਇਆ ਜਾ ਸਕਦਾ ਹੈ ? ਸਮਝਿਆ ਜਾਂਦਾ ਹੈ ਕਿ ਸੁਪਰੀਮ ਕੋਰਟ ਦੀ ਸਹਿਮਤੀ ਸਾਬਕਾ ਰਾਸ਼ਟਰਪਤੀ ਦੀ ਜਿੱਤ ਹੈ ਜਿਸ ਨੇ ਹੇਠਲੀ ਅਦਾਲਤ ਦੇ ਨਿਰਨੇ ਨੂੰ ਚੁਣੌਤੀ ਦਿੱਤੀ ਹੈ ਜਿਸ ਅਦਾਲਤ ਨੇ ਆਪਣੇ ਨਿਰਨੇ ਵਿੱਚ ਕਿਹਾ ਸੀ ਕਿ ਰਾਸ਼ਟਰਪਤੀ ਨੂੰ ਮੁਕੱਦਮੇ ਤੋਂ ਛੋਟ ਨਹੀਂ ਹੈ। ਸੁਪਰੀਮ ਕੋਰਟ ਦੀ ਸਹਿਮਤੀ ਉਪਰੰਤ ਟਰੰਪ ਨੇ ਸੋਸ਼ਲ ਮੀਡੀਆ ਉੱਪਰ ਲਿਖਿਆ ਹੈ ਮੁਕੱਦਮੇ ਤੋਂ ਛੋਟ ਬਿਨਾਂ ਇੱਕ ਰਾਸ਼ਟਰਪਤੀ ਉਚਿਤ ਢੰਗ ਨਾਲ ਕੰਮ ਨਹੀਂ ਕਰ ਸਕਦਾ ਤੇ ਦੇਸ਼ ਦੇ ਹਿੱਤ ਵਿੱਚ ਨਿਰਨੇ ਨਹੀਂ ਲੈ ਸਕਦਾ।



## ਟੈਟੂ ਬਣਵਾਉਣਾ ਚਮੜੀ ਲਈ ਬਣ ਸਕਦਾ ਕੈਂਸਰ ਦਾ ਕਾਰਨ

### ਜਰਨਲ ਐਨਾਲਿਟਿਕਲ ਕੈਮਿਸਟਰੀ ਵਿੱਚ ਪ੍ਰਕਾਸ਼ਿਤ ਇੱਕ ਨਵੇਂ ਅਧਿਐਨ ਵਿੱਚ ਦਾਅਵਾ

ਨਿਊਯਾਰਕ/ਏ.ਟੀ.ਨਿਊਜ਼ : ਤੁਹਾਡੇ ਹੱਥ, ਪੈਰ, ਧੌਣ, ਢਿੱਡ ਅਤੇ ਇੱਥੋਂ ਤੱਕ ਕਿ ਸਰੀਰ ਦੇ ਕਿਸੇ ਵੀ ਹਿੱਸੇ 'ਤੇ ਬਣਾਏ ਜਾ ਰਹੇ ਰੰਗ-ਬਿਰੰਗੇ ਫੈਸ਼ਨੇਬਲ ਟੈਟੂ ਤੁਹਾਡੀ ਸਿਹਤ ਨੂੰ ਖ਼ਰਾਬ ਕਰ ਸਕਦੇ ਹਨ ਅਤੇ ਅਜਿਹੀ ਬਿਮਾਰੀ ਦੇ ਸਕਦੇ ਹਨ ਜੋ ਪੂਰੀ ਤਰ੍ਹਾਂ ਠੀਕ ਹੋ ਸਕਣੀ ਮੁਸ਼ਕਲ ਹੈ। ਜਰਨਲ ਐਨਾਲਿਟਿਕਲ ਕੈਮਿਸਟਰੀ ਵਿੱਚ ਪ੍ਰਕਾਸ਼ਿਤ ਇੱਕ ਨਵੇਂ ਅਧਿਐਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਟੈਟੂ ਦੀ ਸਿਆਹੀ 'ਚ ਮੌਜੂਦ ਕੈਮੀਕਲਜ਼ ਨਾਲ ਚਮੜੀ ਦੇ ਕੈਂਸਰ ਵਰਗੀ ਖ਼ਤਰਨਾਕ ਬਿਮਾਰੀ ਹੋਣ ਦੀ ਸੰਭਾਵਨਾ ਹੁੰਦੀ ਹੈ। ਇਸ ਤੋਂ ਇਲਾਵਾ ਇਹ ਇਮਿਊਨ ਸਿਸਟਮ ਨੂੰ ਕਮਜ਼ੋਰ ਕਰ ਸਕਦਾ ਹੈ ਅਤੇ ਸਰੀਰ ਦੇ ਅੰਗਾਂ ਨੂੰ ਵੀ ਨੁਕਸਾਨ ਪਹੁੰਚਾ ਸਕਦਾ ਹੈ। ਦੱਸਿਆ ਜਾ ਰਿਹਾ ਹੈ ਕਿ ਅਮਰੀਕਾ ਦੀ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਟੈਟੂ ਬਣਾਉਣ 'ਚ ਵਰਤੀ ਜਾਣ ਵਾਲੀ ਸਿਆਹੀ ਵਿੱਚ ਮੌਜੂਦ ਕੈਮੀਕਲਜ਼ ਦੀ ਨਿਗਰਾਨੀ ਸ਼ੁਰੂ ਕਰੇਗਾ।



**ਸਿਆਹੀ ਨਾਲ ਕਈ ਅੰਗਾਂ ਨੂੰ ਨੁਕਸਾਨ ਦਾ ਖ਼ਤਰਾ**

ਅਮਰੀਕਾ ਵਿੱਚ ਕੀਤੇ ਗਏ ਇਸ ਅਧਿਐਨ 'ਚ ਟੈਟੂ ਦੀ ਸਿਆਹੀ ਦੇ 54 ਨਮੂਨਿਆਂ ਦੀ ਜਾਂਚ ਕੀਤੀ ਗਈ। ਇਸ ਦੇ ਨਤੀਜਿਆਂ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ 'ਚੋਂ 90 .ਫ਼ੀਸਦੀ ਨਮੂਨਿਆਂ ਵਿੱਚ ਅਜਿਹੇ ਕੈਮੀਕਲ ਪਾਏ ਗਏ, ਜੋ ਸਿਹਤ ਲਈ ਹਾਨੀਕਾਰਕ ਹਨ। ਇਨ੍ਹਾਂ ਵਿਚੋਂ ਪਾਲੀਥੀਲੀਨ ਗਲਾਈਕਾਲ ਅਤੇ 2-ਫੇਨਾਕਸੀਥੇਨਾਲ ਵਰਗੇ ਕੈਮੀਕਲ ਸ਼ਾਮਲ ਹਨ। ਪਾਲੀਥੀਲੀਨ ਗਲਾਈਕਾਲ ਕਿਡਨੀ ਦੇ ਨੇਕ੍ਰਾਸਿਸ ਸਮੇਤ ਅੰਗਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਤਾਂ ਉਥੇ ਹੀ 2-ਫੇਨਾਕਸੀਥੇਨਾਲ ਨਰਵਸ ਸਿਸਟਮ ਨੂੰ ਪ੍ਰਭਾਵਤ ਕਰਦਾ ਹੈ। ਅਧਿਐਨ ਦੇ ਮੁਖੀ ਡਾ. ਜੌਹਨ ਸਵਾਰਕ ਨੇ ਕਿਹਾ ਕਿ ਟੈਟੂ ਦੀ ਸਿਆਹੀ ਬਣਾਉਣ ਵਾਲੀਆਂ ਕੰਪਨੀਆਂ ਆਪਣੀਆਂ ਪ੍ਰਕਿਰਿਆਵਾਂ ਨੂੰ ਬਿਹਤਰ ਬਣਾਉਣ ਲਈ ਇਨ੍ਹਾਂ ਕੈਮੀਕਲਾਂ ਦੀ ਵਰਤੋਂ ਕਰਦੀਆਂ ਹਨ।

ਡਾਕਟਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਟੈਟੂ ਬਣਵਾਉਣ ਤੋਂ ਪਹਿਲਾਂ ਸਾਵਧਾਨੀ ਵਰਤਣੀ ਚਾਹੀਦੀ ਹੈ। ਟੈਟੂ ਬਣਾਉਣ ਤੋਂ ਪਹਿਲਾਂ ਸਿਆਹੀ ਦੀ ਗੁਣਵੱਤਾ ਅਤੇ ਇਸਦੇ ਸਿਹਤ ਪ੍ਰਭਾਵਾਂ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ। ਟੈਟੂ ਬਣਾਉਣ ਲਈ ਅੰਗ ਦੇ ਅੰਦਰ ਸਿਆਹੀ ਪਾਈ ਜਾਂਦੀ ਹੈ, ਜੋ ਖ਼ੂਨ ਦੇ ਚਿੱਟੇ ਰਕਤਾਣੂਆਂ ਦੇ ਮੈਕਰੋਫੇਜ (ਬਾਕੀ ਸ.ਫ਼ਾ 30 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਕਾਲੀ ਦਲ ਵੱਲੋਂ ਰੁੱਸਿਆਂ ਨੂੰ ਮਨਾਉਣ ਦੀ ਕਵਾਇਦ

## ਸੁਖਬੀਰ ਅਤੇ ਢੀਂਡਸਾ ਵੱਲੋਂ ਪਾਈ ਸਿਆਸੀ ਸਾਂਝ ਦੇ ਮਾਇਨੇ

## ਕੀ ਬੀਬੀ ਜਗੀਰ ਕੌਰ ਵੀ ਕਰਨਗੇ ਅਕਾਲੀ ਦਲ ਵਿੱਚ ਵਾਪਸੀ?

ਪਟਿਆਲਾ/ਏ.ਟੀ.ਨਿਊਜ਼ : ਪੰਜਾਬ ਦੀ ਅਕਾਲੀ ਸਿਆਸਤ ਵਿੱਚ ਉਸ ਸਮੇਂ ਵੱਡੀਆਂ ਸਰਗਰਮੀਆਂ ਵੇਖਣ ਨੂੰ ਮਿਲੀਆਂ, ਜਦੋਂ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੀ ਅਪੀਲ 'ਤੇ ਅਕਾਲੀ ਦਲ ਸੰਯੁਕਤ ਦੇ ਮੁੱਖ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਅਕਾਲੀ ਦਲ ਬਾਦਲ ਵਿੱਚ ਮੁੜ ਵਾਪਸੀ ਕਰ ਲਈ। ਇਸ ਮੌਕੇ ਦੋਵਾਂ ਆਗੂਆਂ ਵੱਲੋਂ ਇਸ ਸਿਆਸੀ ਸਾਂਝ ਨੂੰ ਪੰਥ ਅਤੇ ਪੰਜਾਬ ਦੀ ਭਲਾਈ ਲਈ ਚੁੱਕਿਆ ਕਦਮ ਕਰਾਰ ਦਿੱਤਾ ਗਿਆ। ਇਸ ਵਿੱਚ ਕੋਈ ਦੋ ਰਾਇ ਨਹੀਂ ਹੈ ਕਿ ਪੰਜਾਬ ਅਤੇ ਸਿੱਖਾਂ ਨੂੰ ਤਕੜਾ ਰੱਖਣ ਦੇ ਲਈ, ਸਿਆਸਤ ਨੂੰ ਬੈਲੈਂਸ ਰੱਖਣ ਦੇ ਲਈ ਸੱਚੇ ਸੁੱਚੇ ਅਕਾਲੀ ਦਲ ਦੀ ਲੋੜ ਹਮੇਸ਼ਾ ਰਹੀ ਹੈ। ਜਿਥੋਂ ਤਕ ਗੱਲ ਸੁਖਦੇਵ ਸਿੰਘ ਢੀਂਡਸਾ ਦੀ ਹੈ, ਕਿਹਾ ਜਾਂਦਾ ਹੈ ਕਿ ਪਾਰਟੀ ਨੂੰ ਕੀ ਫ਼ਰਕ ਪਵੇਗਾ ਉਨ੍ਹਾਂ ਦੇ ਆਉਣ ਨਾਲ ? ਫ਼ਰਕ ਓਨਾ ਹੀ ਪਵੇਗਾ, ਜਿਨ੍ਹਾਂ ਉਨ੍ਹਾਂ ਦੇ ਬਾਹਰ ਜਾਣ ਨਾਲ ਪਿਆ ਸੀ। ਤੁਹਾਨੂੰ ਯਾਦ ਹੋਣੈ, ਕਿ ਅਕਾਲੀ ਪਾਰਟੀ ਵਿਚੋਂ ਬਾਹਰ ਜਾਣ ਸਮੇਂ ਉਨ੍ਹਾਂ ਨੇ ਕਿਹਾ ਸੀ ਕਿ ਸੁਖਬੀਰ ਬਾਦਲ ਨੂੰ ਅਕਾਲੀ ਪਾਰਟੀ ਦੀ ਭਲਾਈ ਦੇ ਲਈ ਪ੍ਰਧਾਨਗੀ ਤੋਂ ਹਟ ਜਾਣਾ ਚਾਹੀਦਾ ਹੈ। ਹੁਣ ਵੀ ਸੁਖਬੀਰ ਬਾਦਲ ਦੇ ਸਟਾਇਲ ਵਿੱਚ ਕੋਈ ਬਦਲਾਓ ਨਹੀਂ ਆਇਆ, ਕੀ ਢੀਂਡਸਾ ਨੇ ਆਪਣੇ ਆਪ ਨੂੰ ਬਦਲ ਲਿਆ ? ਅਸਲ ਦੇ ਵਿੱਚ ਗੱਲ ਇਹ ਹੈ ਕਿ ਢੀਂਡਸਾ ਨੇ ਜੋ ਪਾਰਟੀ ਬਣਾਈ ਸੀ, ਉਹ ਅੱਗੇ ਚੱਲੀ ਹੀ ਨਹੀਂ।

ਹਾਲ ਦੀ ਘੜੀ ਸੁਖਦੇਵ ਸਿੰਘ ਢੀਂਡਸਾ ਨੂੰ ਪਾਰਟੀ ਦਾ ਸਰਪ੍ਰਸਤ ਐਲਾਨ ਦਿੱਤਾ ਹੈ। ਖ਼ੁਸ਼ੀ ਹੋਈ ਕਿ ਸਿਆਸਤ ਦੇ ਬੋਹੜ ਦੇ ਨਾਲ ਕਦਮ ਨਾਲ ਕਦਮ ਮਿਲਾਉਣ ਵਾਲੇ ਇੱਕ ਸੁਚੱਜੇ, ਸੂਝਵਾਨ, ਨੀਤੀਵਾਨ ਨੂੰ ਮਾਣ ਸਨਮਾਨ ਦਿੱਤਾ ਗਿਆ ਪਰ ਖ਼ਬਰਾਂ ਤਾਂ ਇਹ ਵੀ ਨੇ ਕਿ ਪਰਮਿੰਦਰ ਸਿੰਘ ਢੀਂਡਸਾ ਨੂੰ ਸ਼ਾਇਦ ਸੰਗਰੂਰ ਤੋਂ ਟਿਕਟ ਮਿਲ ਜਾਵੇ। ਜੇ ਪਰਿਵਾਰ ਨੂੰ ਅੱਗੇ ਤੋਰਨ ਦੇ ਲਈ ਇਹੀ ਪੰਥ ਦੀ ਸੇਵਾ ਕਹੀ ਜਾਂਦੀ ਹੈ ਤਾਂ ਪੰਜਾਬ ਵਾਸੀਓ, ਪੰਥ ਦੀ ਸੇਵਾ ਹੋ ਰਹੀ ਹੈ। ਚਲੋ ਇੰਝ ਹੀ ਸਹੀ, ਅਕਾਲੀ ਦਲ ਤਕੜਾ ਹੋਵੇ, ਅਸੀਂ ਉਮੀਦ ਕਰਦੇ ਹਾਂ ਪਰ ਪੁਰਾਣੇ ਸਵਾਲ ਤਾਂ ਉੱਥੇ ਦੇ ਉੱਥੇ ਹੀ ਨੇ। ਕੀ ਢੀਂਡਸਾ ਸਾਹਿਬ ਪੁਰਾਣੀਆਂ ਸ਼ਰਤਾਂ 'ਤੇ ਕੰਮ ਕਰਨਗੇ ?

ਸਿਆਸੀ ਮਾਹਿਰ ਢੀਂਡਸਾ ਦੀ ਅਕਾਲੀ ਦਲ ਬਾਦਲ ਵਿੱਚ ਘਰ ਵਾਪਸੀ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਨਾਲ ਜੋੜ ਕੇ ਵੇਖ ਰਹੇ ਹਨ। ਜ਼ਿਕਰਯੋਗ ਹੈ ਕਿ ਸੁਖਬੀਰ ਬਾਦਲ ਨੇ





ਕੁਝ ਸਮਾਂ ਪਹਿਲਾਂ ਅਕਾਲੀ ਦਲ ਬਾਦਲ ਨਾਲੋਂ ਵੱਖ ਹੋਏ ਆਗੂਆਂ ਨੂੰ ਅਕਾਲੀ ਦਲ ਬਾਦਲ ਵਿੱਚ ਮੁੜ ਪਰਤਣ ਦੀ ਅਪੀਲ ਕੀਤੀ ਸੀ। ਹੁਣ ਸਭ ਦੀਆਂ ਨਜ਼ਰਾਂ ਬੀਬੀ ਜਗੀਰ ਕੌਰ ਵੱਲ ਲੱਗੀਆਂ ਹੋਈਆਂ ਹਨ ਕਿ ਬੀਬੀ ਜਗੀਰ ਕੌਰ ਵੀ ਅਕਾਲੀ ਦਲ ਬਾਦਲ ਵਿੱਚ ਵਾਪਸ ਆਉਂਦੇ ਹਨ ਜਾਂ ਨਹੀਂ ? ਵੈਸੇ ਬੀਬੀ ਜਗੀਰ ਕੌਰ ਕੁਝ ਮੀਟਿੰਗਾਂ ਅਟੈਂਡ ਵੀ ਕਰਦੀ ਰਹੀ ਹੈ,ਪਰ ਫ਼ਰਕ ਇਹ ਹੈ ਕਿ ਸੁਖਦੇਵ ਸਿੰਘ ਢੀਂਡਸਾ ਪਾਰਟੀ ਛੱਡ ਕੇ ਗਏ ਸਨ, ਪਰ ਬੀਬੀ ਨੂੰ ਪਾਰਟੀ ਵਿਚੋਂ ਕੱਢਿਆ ਗਿਆ ਸੀ। ਸੋ ਬੀਬੀ ਦੀ ਮੰਗ ਹੈ ਕਿ ਉਨ੍ਹਾਂ ਨੂੰ ਪਾਰਟੀ ਦੇ ਵਿੱਚ ਆਦਰ ਸਤਿਕਾਰ ਨਾਲ ਲਿਆਂਦਾ ਜਾਵੇ।

ਸਿਆਸੀ ਗਲਿਆਰਿਆਂ ਵਿੱਚ ਚਰਚਾ ਹੋ ਰਹੀ ਹੈ ਕਿ ਅਕਾਲੀ ਦਲ ਬਾਦਲ ਕਾਫ਼ੀ ਸਮੇਂ ਤੋਂ ਪੰਜਾਬ ਦੀ ਸੱਤਾ ਤੋਂ ਦੂਰ ਹੈ ਅਤੇ ਸੁਖਬੀਰ ਬਾਦਲ ਵੱਲੋਂ ਵੱਖ- ਵੱਖ ਸਮੇਂ ਦਿੱਤੇ ਜਾਂਦੇ ਬਿਆਨਾਂ ਤੋਂ ਅਕਸਰ ਉਹਨਾਂ ਦਾ ਸੱਤਾ ਤੋਂ ਦੂਰ ਹੋਣ ਦਾ ਦਰਦ ਵੀ ਝਲਕਦਾ ਦਿਖਾਈ ਦਿੰਦਾ ਹੈ। ਹੁਣ ਪੂਰੇ ਦੇਸ਼ ਵਿੱਚ ਲੋਕ ਸਭਾ ਚੋਣਾਂ ਹੋਣ ਵਾਲੀਆਂ ਹਨ, ਜਿਸ ਕਰਕੇ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਭਾਵੇਂ ਕਿ ਲੋਕ ਸਭਾ ਚੋਣਾਂ ਦਾ ਕੋਈ ਐਲਾਨ ਨਹੀਂ ਕੀਤਾ ਗਿਆ ਪਰ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ ਕਿ ਮਈ ਮਹੀਨੇ ਵਿੱਚ ਲੋਕ ਸਭਾ ਚੋਣਾਂ ਕਰਵਾਈਆਂ ਜਾ ਸਕਦੀਆਂ ਹਨ। ਲੋਕ ਸਭਾ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨ ਲਈ ਹੀ ਹੋਰਨਾਂ ਸਿਆਸੀ ਪਾਰਟੀਆਂ ਸਮੇਤ ਅਕਾਲੀ ਦਲ ਬਾਦਲ ਵੀ ਪੂਰੀ ਤਰ੍ਹਾਂ ਸਰਗਰਮ ਹੋ ਗਿਆ ਹੈ। ਇਸੇ ਦੌਰਾਨ ਸੁਖਬੀਰ ਬਾਦਲ ਵੱਲੋਂ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਪਾਰਟੀ ਛੱਡ ਕੇ ਗਏ ਸੀਨੀਅਰ ਆਗੂਆਂ ਨੂੰ ਮੁੜ ਪਾਰਟੀ ਵਿੱਚ ਸ਼ਾਮਲ ਕਰਨ ਲਈ ਯਤਨ ਕੀਤੇ ਜਾ ਰਹੇ ਹਨ।

ਪੰਜਾਬ ਵਿੱਚ ਵੱਡੀ ਗਿਣਤੀ ਵੋਟਰ ਅਜਿਹੇ ਹਨ, ਜਿਨ੍ਹਾਂ ਨੂੰ 'ਪੰਥਕ ਵੋਟਾਂ' ਕਿਹਾ ਜਾਂਦਾ ਹੈ। ਚੋਣ ਲੜ ਰਿਹਾ ਉਮੀਦਵਾਰ ਭਾਵੇਂ ਕੋਈ ਵੀ ਹੋਵੇ ਪਰ ਇਹ ਪੰਥਕ ਵੋਟਾਂ ਹਮੇਸ਼ਾ 'ਪੰਥ' ਦੇ ਨਾਂਅ 'ਤੇ ਪੈਂਦੀਆਂ ਹਨ ਅਤੇ ਲੰਬਾ ਸਮਾਂ ਇਹਨਾਂ ਪੰਥਕ ਵੋਟਾਂ ਦੇ ਸਹਾਰੇ ਅਕਾਲੀ ਦਲ ਸੱਤਾ ਦਾ ਸੁੱਖ ਮਾਣਦਾ ਰਿਹਾ ਹੈ। ਕੁਝ ਸਮੇਂ ਤੋਂ ਅਕਾਲੀ ਦਲ ਦੀਆਂ ਪੱਕੀਆਂ ਪੰਥਕ ਵੋਟਾਂ ਅਕਾਲੀ ਦਲ ਤੋਂ ਦੂਰ ਹੋਣੀਆਂ ਸ਼ੁਰੂ ਹੋ ਗਈਆਂ ਸਨ, ਜਿਸ ਦਾ ਲਾਹਾ ਲੈ ਕੇ ਹੀ ਆਮ ਆਦਮੀ ਪਾਰਟੀ ਪੰਜਾਬ ਵਿੱਚ ਸੱਤਾ ਵਿੱਚ ਆ ਗਈ ਸੀ। ਜੇ ਸੋਚਿਆ ਜਾਵੇ ਤਾਂ ਪੰਥ ਦੇ ਨਾਂਅ 'ਤੇ ਵੋਟ ਪਾਉਣ ਵਾਲੇ ਵੋਟਰਾਂ ਦੇ ਲਈ ਬੜਾ ਦੁਚਿੱਤੀ ਦਾ ਸਮਾਂ ਹੈ ਕਿਉਂਕਿ ਉਨ੍ਹਾਂ ਦੇ ਲਈ ਜਿਨ੍ਹਾਂ ਅਕਾਲੀਆਂ ਨੂੰ ਸੱਤਾ ਵਿੱਚ ਨਾ ਰਹਿਣ ਦਾ ਦੁੱਖ ਹੈ, ਉਸੇ ਤਰਾਂ ਦਾ ਦੁੱਖ ਕੁਝ ਪੰਥਕ ਵੋਟਰਾਂ ਨੂੰ ਹੈ। ਸੱਚਾਈ ਇਹ ਹੈ ਕਿ ਅਕਾਲੀਆਂ ਤੋਂ ਇਲਾਵਾ ਹੋਰ ਕੋਈ ਪੰਥਕ ਧਿਰ ਹੈ ਹੀ ਨਹੀਂ,ਜਿਸ ਕੋਲ ਏਜੰਡਾ ਹੋਵੇ , ਸਿੱਖਾਂ ਦੀ ਨਬਜ਼ ਪਹਿਚਾਨਣ ਦੀ ਰਮਜ਼ ਹੋਵੇ, ਤੇ ਆਖ਼ਰ ਬੇਬੱਸ ਹੋਏ ਤਕੜੀ ਚੋਣ ਨਿਸ਼ਾਨ 'ਤੇ ਹੀ ਠੱਪਾ ਲਗਾ ਦਿੰਦੇ ਨੇ। ਇਹ ਬੀਤੀਆਂ ਗੱਲਾਂ ਹੋ ਗਈਆਂ ਨੇ ਕਿ ਜਦੋਂ ਅਕਾਲੀ ਜਥੇ ਬਣਾਉਂਦੇ ਸੀ,ਪਿੰਡਾਂ ਵਿੱਚ ਜਾਂਦੇ ਸੀ, ਰੁੱਸਿਆਂ ਨੂੰ ਮਨਾਉਂਦੇ ਸੀ। ਕਿਥੇ ਗਈਆਂ ਉਹ ਪੰਥਕ ਵੋਟਾਂ, ਜੋ ਪ੍ਰਕਾਸ਼ ਸਿੰਘ ਬਾਦਲ ਨਾਲ ਜੇਲ੍ਹ ਵੀ ਤੁਰ ਜਾਂਦੇ ਸੀ,ਖ਼ੈਰ ਇਹ ਬੀਤੇ ਦੀਆਂ ਗੱਲਾਂ ਰਹਿ ਗਈਆਂ ਨੇ। ਕਹਿੰਦੇ ਨੇ ਕਿ ਕਈ ਬੰਦਿਆਂ ਦੀਆਂ ਮੱਥੇ ਦੀਆਂ ਲਕੀਰਾਂ ਹੀ ਏਵੇਂ ਦੀਆਂ ਹੁੰਦੀਆਂ ਨੇ, ਕਿ ਉਹ ਪੈਰਾਂ ਨਾਲ ਰਿਜ਼ਕ ਲੈ ਕੇ ਆਉਂਦੇ ਹਨ, ਤੇ ਦੁਨੀਆਂ ਤੋਂ ਰੁਖ਼ਸਤ ਹੋਣ ਸਮੇਂ ਨਾਲ ਹੀ ਲੈ ਜਾਂਦੇ ਹਨ। ਪ੍ਰਕਾਸ਼ ਸਿੰਘ ਬਾਦਲ ਵਰਗੀ ਸਹਿਣਸ਼ੀਲਤਾ,ਰੁੱਸਿਆਂ ਨੂੰ ਗੱਲ ਨਾਲ ਲਾਉਣਾ, ਅਗਲੇ ਦੇ ਘਰ ਤੱਕ ਪਹੁੰਚ ਕਰਨਾ,ਵਡਿਆ ਕੇ ਮਨਾ ਲੈਣਾ ਤੇ ਆਪਣੇ ਹੱਕ ਵਿੱਚ ਭੁਗਤਾਅ ਲੈਣ ਵਾਲੀਆਂ ਗੱਲਾਂ ਬਾਦਲ ਸਾਹਿਬ ਦੇ ਨਾਲ ਹੀ ਚਲੀਆਂ ਗਈਆਂ। ਉਮੀਦ ਹੈ ਕਿ ਅਕਾਲੀ ਜਿੰਦਾ ਰਹਿਣਗੇ ਕਿਉਂਕਿ ਉਮੀਦ ਦੇ ਸਿਰ 'ਤੇ ਹੀ ਦੁਨੀਆਂ ਚੱਲਦੀ ਹੈ।

### ਸ਼੍ਰੋਮਣੀ ਕਮੇਟੀ ਦੇ ਵਫ਼ਦ ਵੱਲੋਂ ਰਾਜਪਾਲ ਨਾਲ ਮੁਲਾਕਾਤ

## ਗੁਰਦੁਆਰੇ 'ਚ ਪੁਲਿਸ ਵੱਲੋਂ ਗੋਲੀਬਾਰੀ, ਡਿਬਰੂਗੜ੍ਹ ਵਿੱਚ ਨਜ਼ਰਬੰਦ ਨੌਜਵਾਨਾਂ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਉਠਾਏ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਕਮੇਟੀ ਦੇ ਇੱਕ ਉੱਚ ਪੱਧਰੀ ਵਫ਼ਦ ਨੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨਾਲ ਮੁਲਾਕਾਤ ਕਰ ਕੇ ਸੁਲਤਾਨਪੁਰ ਲੋਧੀ ਦੇ ਗੁਰਦੁਆਰੇ ਵਿੱਚ ਪੁਲਿਸ ਵੱਲੋਂ ਗੋਲੀਬਾਰੀ ਕਰਨ, ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਨਜ਼ਰਬੰਦ ਸਿੱਖ ਨੌਜਵਾਨਾਂ ਵੱਲੋਂ ਭੁੱਖ ਹੜਤਾਲ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਉਠਾਏ।

ਵਫ਼ਦ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ। ਵਫ਼ਦ ਵੱਲੋਂ ਰਾਜਪਾਲ ਨੂੰ ਤਿੰਨ ਵੱਖ-ਵੱਖ ਮੰਗ ਪੱਤਰ ਸੌਂਪੇ ਗਏ ਅਤੇ ਮਾਮਲਿਆਂ ਸਬੰਧੀ ਕਾਰਵਾਈ ਕਰਨ ਲਈ ਅਪੀਲ ਕੀਤੀ ਗਈ। ਮੁਲਾਕਾਤ ਉਪਰੰਤ ਐਡਵੋਕੇਟ ਧਾਮੀ ਨੇ ਦੱਸਿਆ



ਕਿ ਲੰਬਾ ਸਮਾਂ ਬੀਤਣ ਤੋਂ ਬਾਅਦ ਵੀ ਪੰਜਾਬ ਸਰਕਾਰ ਦੀ ਚੁੱਪੀ ਇਹ ਸਾਬਿਤ ਕਰਦੀ ਹੈ ਕਿ ਗੁਰੂ ਘਰ 'ਤੇ ਪੁਲਿਸ ਹਮਲਾ ਮਿੱਥ ਕੇ ਕੀਤਾ ਗਿਆ ਸੀ। ਉਨ੍ਹਾਂ ਰਾਜਪਾਲ ਤੋਂ ਮੰਗ ਕੀਤੀ ਕਿ ਉਹ ਸੂਬੇ ਦੇ ਸੰਵਿਧਾਨਕ ਮੁਖੀ ਹੋਣ ਦੇ ਨਾਤੇ ਇਸ ਮਾਮਲੇ ਵਿੱਚ ਦਖਲ ਦੇ ਕੇ ਸੂਬਾ ਸਰਕਾਰ ਪਾਸੋਂ ਜਵਾਬਤਲਬੀ ਕਰਨ। ਉਨ੍ਹਾਂ ਰਾਜਪਾਲ ਨੂੰ ਇਸ ਮਾਮਲੇ ਸਬੰਧੀ ਸ੍ਰੀ ਅਕਾਲ ਤਖ਼ਤ ਦੇ ਆਦੇਸ਼ਾਂ 'ਤੇ ਬਣਾਈ ਗਈ ਜਾਂਚ ਕਮੇਟੀ ਦੀ ਰਿਪੋਰਟ ਵੀ ਸੌਂਪੀ ਅਤੇ ਇਸ ਰਿਪੋਰਟ ਦੇ ਆਧਾਰ 'ਤੇ ਕਾਰਵਾਈ ਕਰਨ ਲਈ ਕਿਹਾ ਹੈ। ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਸਿੱਖ ਨੌਜਵਾਨਾਂ ਦੇ ਮਾਮਲੇ ਸਬੰਧੀ ਉਨ੍ਹਾਂ ਰਾਜਪਾਲ ਕੋਲੋਂ ਮੰਗ ਕੀਤੀ ਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਇਸ ਮਾਮਲੇ ਵਿੱਚ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਇਹ ਮੁੱਦਾ ਤੁਰੰਤ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਕੋਲ ਉਠਾ ਕੇ ਡਿਬਰੂਗੜ੍ਹ ਜੇਲ੍ਹ ਵਿੱਚ ਨਜ਼ਰਬੰਦ ਨੌਜਵਾਨਾਂ ਨੂੰ ਪੰਜਾਬ ਦੀ ਜੇਲ੍ਹ ਵਿੱਚ ਤੁਰੰਤ ਤਬਦੀਲ ਕਰੇ। ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਸਬੰਧੀ ਉਨ੍ਹਾਂ ਰਾਜਪਾਲ ਕੋਲੋਂ ਮੰਗ ਕੀਤੀ ਕਿ ਉਹ ਕੇਂਦਰ ਸਰਕਾਰ ਵੱਲੋਂ 2019 ਵਿੱਚ ਕੀਤੇ ਗਏ ਨੋਟੀਫਿਕੇਸ਼ਨ ਨੂੰ ਪੂਰੀ ਤਰ੍ਹਾਂ ਲਾਗੂ ਕਰਵਾਉਣ। ਵਫ਼ਦ ਵਿੱਚ ਮੀਤ ਪ੍ਰਧਾਨ ਗੁਰਬਖਸ਼ ਸਿੰਘ ਖ਼ਾਲਸਾ, ਜਨਰਲ ਸਕੱਤਰ ਰਾਜਿੰਦਰ ਸਿੰਘ ਮਹਿਤਾ ਅਤੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਹਾਜ਼ਰ ਸਨ। ਉਨ੍ਹਾਂ ਦੱਸਿਆ ਕਿ ਰਾਜਪਾਲ ਨੇ ਮਾਮਲਿਆਂ ਨੂੰ ਗੰਭੀਰਤਾ ਨਾਲ ਵਿਚਾਰਨ ਦਾ ਭਰੋਸਾ ਦਿੱਤਾ ਹੈ।

## ਕੇਂਦਰ ਨੇ 500 ਤੋਂ ਵੱਧ ਕਿਸਾਨ ਨੇਤਾਵਾਂ ਦੇ ਸ਼ੋਸ਼ਲ ਮੀਡੀਆ ਅਕਾਊਂਟ ਕੀਤੇ ਬੰਦ

ਪਟਿਆਲਾ : ਦਿੱਲੀ ਕੂਚ ਨੂੰ ਲੈ ਕੇ ਸ਼ੰਭੂ ਅਤੇ ਖਨੌਰੀ ਬਾਰਡਰ ਵਿਖੇ ਅੱਜ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਅਤੇ ਮਜ਼ਦੂਰ ਕਿਸਾਨ ਮੋਰਚੇ ਦੇ ਸੀਨੀਅਰ ਨੇਤਾਵਾਂ ਦੀਆਂ ਮੀਟਿੰਗਾਂ 'ਚ ਐਲਾਨ ਕੀਤਾ ਗਿਆ ਕਿ ਦਿੱਲੀ ਕੂਚ ਦੀਆਂ ਤਿਆਰੀਆਂ ਮੁਕੰਮਲ ਹਨ, ਜਿਸ 'ਚ ਪੰਜਾਬ ਅਤੇ ਹਰਿਆਣਾ ਦੇ ਕਿਸਾਨ ਦਿੱਲੀ ਨਹੀਂ ਜਾਣਗੇ ਪਰ ਰਾਜਸਥਾਨ, ਮੱਧ ਪ੍ਰਦੇਸ਼, ਯੂ. ਪੀ., ਗੁਜਰਾਤ, ਮਹਾਰਾਸ਼ਟਰ, ਪੱਛਮੀ ਬੰਗਾਲ, ਕਰਨਾਟਕ, ਕੇਰਲਾ ਅਤੇ ਹੋਰ ਸਟੇਟਾਂ ਤੋਂ ਹਜ਼ਾਰਾਂ ਕਿਸਾਨ ਦਿੱਲੀ ਜੰਤਰ-ਮੰਤਰ ਵਿਖੇ ਜਾ ਕੇ ਰੋਸ ਰੈਲੀ ਕਰਨਗੇ। ਦੂਸਰੇ ਪਾਸੇ ਕਿਸਾਨਾਂ ਦੀ ਇਸ ਤਿਆਰੀ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੇ 500 ਦੇ ਕਰੀਬ ਕਿਸਾਨ ਨੇਤਾਵਾਂ ਦੇ ਦੇਸ਼ ਅੰਦਰ ਐਕਸ ਅਤੇ ਹੋਰ ਸ਼ੋਸ਼ਲ ਮੀਡੀਆ ਅਕਾਊਂਟ ਬੰਦ ਕਰ ਦਿੱਤੇ ਹਨ, ਜਿਸ ਨੂੰ ਲੈ ਕੇ ਕਿਸਾਨਾਂ ਅੰਦਰ ਭਾਰੀ ਰੋਸ ਹੈ। ਸ਼ੰਭੂ ਬਾਰਡਰ 'ਤੇ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਨੇਤਾਵਾਂ



ਨੇ ਆਖਿਆ ਕਿ ਇਸ ਵੇਲੇ ਸ਼ੰਭੂ ਬਾਰਡਰ 'ਤੇ ਪੁੱਜੀਆਂ ਰਿਪੋਰਟਾਂ ਅਨੁਸਾਰ ਪੂਰੇ ਦੇਸ਼ 'ਚੋਂ ਹਜ਼ਾਰਾਂ ਕਿਸਾਨ ਬੱਸਾਂ, ਰੇਲ ਗੱਡੀਆਂ ਰਾਹੀਂ ਦਿੱਲੀ ਵੱਲ ਨੂੰ ਤੁਰ ਚੁੱਕੇ ਹਨ, ਜਿਸ ਕਰ ਕੇ ਕੇਂਦਰ ਸਰਕਾਰ ਨੂੰ ਹੱਥਾਂ-ਪੈਰਾਂ ਦੀ ਪਈ ਹੋਈ ਹੈ। ਉਨ੍ਹਾਂ ਆਖਿਆ ਕਿ ਸਪੱਸ਼ਟ ਫੈਸਲਾ ਹੈ ਕਿ ਅਸੀਂ ਸ਼ਾਂਤਮਈ ਪ੍ਰਦਰਸ਼ਨ ਕਰਾਂਗੇ, ਜਿਹੜੇ-ਜਿਹੜੇ ਸੂਬੇ ਦੇ ਕਿਸਾਨ ਜਿੱਥੋਂ-ਜਿੱਥੋਂ ਦਾਖਲ ਹੋਣਗੇ, ਉਹ ਸਿੱਧਾ ਜੰਤਰ-ਮੰਤਰ ਜਾਣਗੇ ਪਰ ਜੇਕਰ ਪੁਲਸ ਉਨ੍ਹਾਂ ਨੂੰ ਰੋਕੇਗੀ ਤਾਂ ਉਹ ਉੱਥੇ ਹੀ ਧਰਨਾ ਲਗਾਉਣਗੇ।

# ਚੁਣੌਤੀਆਂ ਭਰਪੂਰ ਹੋਵੇਗਾ ਪਾਕਿ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦਾ ਕਾਰਜਕਾਲ



ਭਾਰਤ ਦੇ ਗੁਆਂਢੀ ਦੇਸ਼ ਪਾਕਿਸਤਾਨ ਵਿੱਚ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਅਤੇ ਪਾਕਿਸਤਾਨ ਪੀਪਲਜ਼ ਪਾਰਟੀ ਦੇ ਸਾਂਝੇ ਉਮੀਦਵਾਰ ਸ਼ਾਹਬਾਜ਼ ਸ਼ਰੀਫ ਪਾਕਿਸਤਾਨ ਦੇ 33ਵੇਂ ਪ੍ਰਧਾਨ ਮੰਤਰੀ ਬਣ ਗਏ ਹਨ। ਸ਼ਾਹਬਾਜ਼ ਸ਼ਰੀਫ ਇੱਕ ਵਾਰ ਫਿਰ ਗਠਜੋੜ ਸਰਕਾਰ ਦੀ ਅਗਵਾਈ ਕਰ ਰਹੇ ਹਨ। ਉਹ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਬ ਸ਼ਰੀ.ਫ ਦੇ ਭਰਾ ਹਨ। ਇਸ ਤੋਂ ਪਹਿਲਾਂ ਉਹ ਪਾਕਿਸਤਾਨ ਦੇ 16 ਮਹੀਨਿਆਂ ਤੱਕ ਪ੍ਰਧਾਨ ਮੰਤਰੀ ਰਹਿ ਚੁੱਕੇ ਹਨ। ਜਦੋਂ ਇਮਰਾਨ ਖ਼ਾਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸਨ ਤਾਂ ਉਹ ਇਮਰਾਨ ਖ਼ਾਨ ਨੂੰ ਬੇਭਰੋਸਗੀ ਮਤੇ ਰਾਹੀਂ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਹਟਾ ਕੇ ਪਹਿਲੀ ਵਾਰ ਪ੍ਰਧਾਨ ਮੰਤਰੀ ਬਣੇ ਸਨ। ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਉਹਨਾਂ ਨੂੰ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਸੀ, ਉਹੀ ਚੁਣੌਤੀਆਂ ਉਹਨਾਂ ਅੱਗੇ ਹੁਣ ਦੂਜੀ ਵਾਰ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਵੀ ਖੜੀਆਂ ਹਨ। ਦੇਖਣ ਵਾਲੀ ਗੱਲ ਇਹ ਹੋਵੇਗੀ ਕਿ ਆਪਣੇ ਦੂਜੇ ਕਾਰਜਕਾਲ ਵਿੱਚ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਇਹਨਾਂ ਚੁਣੌਤੀਆਂ ਦਾ ਕਿਸ ਤਰ੍ਹਾਂ ਮੁਕਾਬਲਾ ਕਰਨਗੇ?

ਪਾਕਿਸਤਾਨ ਦੀ ਰਾਜਨੀਤੀ ਵਿੱਚ ਇਹ ਚਰਚਾ ਵੀ ਹੋ ਰਹੀ ਹੈ ਕਿ ਸ਼ਾਹਬਾਜ਼ ਸ਼ਰੀਫ ਦੇ ਪ੍ਰਧਾਨ ਮੰਤਰੀ ਬਣਨ ਦੀ ਥਾਂ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀ.ਫ ਵੀ ਪ੍ਰਧਾਨ ਮੰਤਰੀ ਬਣ ਸਕਦੇ ਸਨ ਪਰ ਉਹਨਾਂ ਵੱਲੋਂ ਪ੍ਰਧਾਨ ਮੰਤਰੀ ਬਣਨ ਲਈ ਆਪਣੇ ਭਰਾ ਸ਼ਾਹਬਾਜ਼ ਸ਼ਰੀਫ ਨੂੰ ਅੱਗੇ ਕਰ ਦਿੱਤਾ ਗਿਆ। ਨੈਸ਼ਨਲ ਅਸੈਂਬਲੀ ਵਿੱਚ ਪ੍ਰਧਾਨ ਮੰਤਰੀ ਲਈ ਵੋਟਿੰਗ ਦੌਰਾਨ ਜਦੋਂ ਸ਼ਾਹਬਾਜ਼ ਸ਼ਰੀ.ਫ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਵਜੋਂ ਬੈਠੇ ਸਨ ਤਾਂ ਨਵਾਜ਼ ਸ਼ਰੀ.ਫ ਸਦਨ ਵਿੱਚ ਉਨ੍ਹਾਂ ਦੇ ਨੇੜੇ ਹੀ ਮੌਜੂਦ ਸਨ। ਜਦੋਂਕਿ ਸ਼ਾਹਬਾਜ਼ ਸ਼ਰੀਫ ਜਦੋਂ ਪਹਿਲੀ ਵਾਰ ਪ੍ਰਧਾਨ ਮੰਤਰੀ ਬਣੇ ਸਨ ਤਾਂ ਨਵਾਜ਼ ਸ਼ਰੀਫ ਲੰਡਨ ਵਿੱਚ ਸਨ।

**ਪਾਕਿਸਤਾਨੀ ਫ਼ੌਜ ਦਾ ਸਮਰਥਨ :** ਪਾਕਿਸਤਾਨ ਬਾਰੇ ਇਹ ਗੱਲ ਕਹੀ ਜਾਂਦੀ ਹੈ ਕਿ ਪਾਕਿਸਤਾਨ ਵਿੱਚ ਜੋ ਵੀ ਨੇਤਾ ਪ੍ਰਧਾਨ ਮੰਤਰੀ ਬਣਦਾ ਹੈ ਤਾਂ ਉਸ ਨੂੰ ਪਾਕਿਸਤਾਨ ਫ਼ੌਜ ਦੀ ਹਮਾਇਤ ਹਾਸਲ ਹੁੰਦੀ ਹੈ, ਯਾਨੀ ਕਿ ਪਾਕਿਸਤਾਨ ਦੀ ਫ਼ੌਜ ਦੀ ਸਹਾਇਤਾ ਤੋਂ ਬਿਨਾਂ ਉਥੇ ਕੋਈ ਵੀ ਨੇਤਾ ਪ੍ਰਧਾਨ ਮੰਤਰੀ ਨਹੀਂ ਬਣ ਸਕਦਾ। ਜਦੋਂ ਇਮਰਾਨ ਖ਼ਾਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸਨ ਤਾਂ ਉਹਨਾਂ ਨੂੰ ਵੀ ਫ਼ੌਜ ਦੀ ਹਮਾਇਤ ਮਿਲੀ ਹੋਈ ਸੀ, ਜਦੋਂ ਫ਼ੌਜ ਨਾਲ ਉਹਨਾਂ ਦੇ ਸਬੰਧ ਬਿਗੜੇ ਤਾਂ ਉਹਨਾਂ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਅਤੇ ਫ਼ੌਜ ਦੀ ਹਮਾਇਤ ਹਾਸਲ ਸ਼ਾਹਬਾਜ਼ ਸ਼ਰੀਫ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਬਣ ਗਏ ਸਨ। ਉਸ ਤੋਂ ਬਾਅਦ ਹੋਈਆਂ ਚੋਣਾਂ ਵਿੱਚ ਭਾਵੇਂ ਇਮਰਾਨ ਖ਼ਾਨ ਦੇ ਸਮਰਥਕ ਵੱਡੀ ਗਿਣਤੀ ਵਿੱਚ ਚੋਣਾਂ ਜਿੱਤ ਗਏ ਸਨ ਪਰ ਇਮਰਾਨ ਖ਼ਾਨ ਨੂੰ ਫ਼ੌਜ ਦੀ ਹਮਾਇਤ ਨਾ ਮਿਲਣ ਕਾਰਨ ਉਹ ਮੁੜ ਪ੍ਰਧਾਨ ਮੰਤਰੀ ਨਹੀਂ ਬਣ ਸਕੇ ਅਤੇ ਫ਼ੌਜ ਦਾ ਸਮਰਥਨ ਪ੍ਰਾਪਤ ਕਰਕੇ ਸ਼ਾਹਬਾਜ਼ ਸ਼ਰੀਫ ਪ੍ਰਧਾਨ ਮੰਤਰੀ ਬਣਨ ਵਿੱਚ ਸਫ਼ਲ ਹੋ ਗਏ ਹਨ।

**ਨਵੇਂ ਪ੍ਰਧਾਨ ਮੰਤਰੀ ਅੱਗੇ ਚੁਣੌਤੀਆਂ**

ਪਾਕਿਸਤਾਨ ਦੇ ਨਵੇਂ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦਾ ਨਵਾਂ ਕਾਰਜਕਾਲ ਆਸਾਨ ਨਹੀਂ ਹੋਵੇਗਾ ਬਲਕਿ ਚੁਣੌਤੀਆਂ ਭਰਪੂਰ ਹੋਵੇਗਾ। ਮੌਜੂਦਾ ਸਮੇਂ ਵਿੱਚ ਪਾਕਿਸਤਾਨ ਕਮਜ਼ੋਰ ਆਰਥਿਕਤਾ ਅਤੇ ਅੱਤਵਾਦ ਦੇ ਵਧਦੇ ਖਤਰੇ ਦੀਆਂ ਖਤਰਨਾਕ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ।ਪ੍ਰਧਾਨ ਮੰਤਰੀ ਸ਼ਾਹਬਾਜ਼ ਦੇ ਸਾਹਮਣੇ ਇਹ ਪਹਿਲੀ ਚੁਣੌਤੀ ਹੋਵੇਗੀ। ਉਨ੍ਹਾਂ ਦੀ ਸਰਕਾਰ ਨੂੰ ਜੇਲ੍ਹ ਵਿੱਚ ਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦੀ ਤਾਕਤ ਦਾ ਵੀ ਸਾਹਮਣਾ ਕਰਨਾ ਪਵੇਗਾ। ਚੋਣਾਂ 'ਚ ਕਥਿਤ ਧਾਂਦਲੀ ਦੇ ਖ਼ਿਲਾਫ਼ ਪੀ.ਟੀ.ਆਈ. ਸੜਕਾਂ 'ਤੇ ਪ੍ਰਦਰਸ਼ਨ ਕਰ ਰਹੀ ਹੈ।

ਇਸ ਤੋਂ ਇਲਾਵਾ ਸ਼ਾਹਬਾਜ਼ ਸ਼ਰੀਫ ਦੇ ਅੱਗੇ ਗੁਆਂਢੀ ਦੇਸ਼ਾਂ ਨਾਲ ਸਬੰਧ, ਪਾਕਿਸਤਾਨ ਵਿੱਚ ਹਰ ਪਾਸੇ ਫੈਲੇ ਭ੍ਰਿਸ਼ਟਾਚਾਰ, ਪਾਕਿਸਤਾਨ ਸਿਰ ਚੜ੍ਹਿਆ ਕਰਜ਼ਾ ਅਤੇ ਹੋਰ ਕਈ ਚੁਣੌਤੀਆਂ ਸਿਰ ਚੁੱਕੀ ਖੜੀਆਂ ਹਨ। ਵੇਖਣ ਵਾਲੀ ਗੱਲ ਹੋਵੇਗੀ ਕਿ ਸ਼ਾਹਬਾਜ਼ ਸ਼ਰੀਫ ਇਹਨਾਂ ਚੁਣੌਤੀਆਂ ਨਾਲ ਕਿਸ ਤਰਾਂ ਸਿੱਝਣਗੇ?

ਸ਼ਾਹਬਾਜ਼ ਸ਼ਰੀਫ ਤਕਰੀਬਨ ਤੇਰਾਂ ਸਾਲ ਪੰਜਾਬ ਦੇ ਮੁੱਖ ਮੰਤਰੀ ਰਹੇ ਹਨ। 2008 ਤੋਂ 2018 ਤੱਕ ਦੇ ਆਪਣੇ ਸ਼ਾਸਨ ਦੌਰਾਨ ਉਨ੍ਹਾਂ ਨੂੰ 'ਸਖਤ ਪ੍ਰਸ਼ਾਸਕ' ਦਾ ਅਕਸ ਮਿਲਿਆ।ਇਸ ਦੌਰਾਨ ਉਨ੍ਹਾਂ ਨੇ ਕਈ ਵੱਡੇ ਪ੍ਰੋਜੈਕਟ ਪੂਰੇ ਕੀਤੇ ਅਤੇ ਕੁਝ ਸ਼ੁਰੂ ਕੀਤੇ। ਇਨ੍ਹਾਂ ਵਿੱਚ 'ਓਰੇਂਜ ਲਾਈਨ' ਵਰਗੇ ਕਈ ਪ੍ਰਾਜੈਕਟਾਂ ਲਈ ਉਨ੍ਹਾਂ ਨੂੰ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ ਪਰ ਉਨ੍ਹਾਂ ਬਾਰੇ ਇਹ ਵੀ ਰਾਏ ਸੀ ਕਿ ਉਹ ਵਿਕਾਸ ਪ੍ਰਾਜੈਕਟਾਂ ਨੂੰ ਥੋੜ੍ਹੇ ਸਮੇਂ ਵਿੱਚ ਪੂਰਾ ਕਰ ਲੈਂਦੇ ਹਨ।

2022 'ਚ ਪਹਿਲੀ ਵਾਰ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਸ਼ਾਹਬਾਜ਼ ਆਪਣੇ ਸ਼ਾਸਨ ਦੌਰਾਨ 'ਸਖਤ ਪ੍ਰਸ਼ਾਸਕ' ਜਾਂ 'ਸ਼ਾਹਬਾਜ਼ ਸਪੀਡ' ਵਰਗਾ ਕੋਈ ਅਕਸ ਨਹੀਂ ਬਣਾ ਸਕੇ। ਮਾਹਿਰਾਂ ਅਨੁਸਾਰ ਉਹ 'ਦੇਸ਼ ਦੀ ਆਰਥਿਕਤਾ ਨੂੰ ਸੰਭਾਲਣ' ਦੇ ਵਾਅਦੇ 'ਤੇ ਖਰਾ ਨਹੀਂ ਉਤਰਿਆ, ਜਿਸ ਦਾ ਉਨ੍ਹਾਂ ਨੇ ਸੱਤਾ 'ਚ ਆਉਣ 'ਤੇ ਵਾਅਦਾ ਕੀਤਾ ਸੀ।

ਪਰ ਅਗਸਤ 2023 ਵਿੱਚ ਪੀਡੀਐਮ ਸਰਕਾਰ ਦਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ, ਸ਼ਾਹਬਾਜ਼ ਸ਼ਰੀਫ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਪਾਕਿਸਤਾਨ ਨੂੰ ਡਿਫਾਲਟ ਤੋਂ ਬਚਾਇਆ ਹੈ। ਉਨ੍ਹਾਂ ਅਨੁਸਾਰ ਉਨ੍ਹਾਂ ਨੂੰ ਦਿੱਤੇ ਹਾਲਾਤਾਂ ਵਿੱਚ ਦੇਸ਼ ਦੀ ਆਰਥਿਕਤਾ ਵਿੱਚ ਓਨਾ ਸੁਧਾਰ ਹੋਇਆ ਜਿੰਨਾ ਇਹ ਸਤਾਰਾਂ ਮਹੀਨਿਆਂ ਵਿੱਚ ਹੋ ਸਕਦਾ ਸੀ।

ਸ਼ਾਹਬਾਜ਼ ਸ਼ਰੀ.ਫ ਨੇ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਵੀ ਕਈ ਪ੍ਰਾਜੈਕਟ ਪੂਰੇ ਕੀਤੇ ਪਰ ਉਨ੍ਹਾਂ ਦੇ ਦੌਰ ਦੇ ਦੋ ਵੱਡੇ ਪ੍ਰਾਜੈਕਟ ਸ਼ੁਰੂ ਵਿੱਚ ਹੀ ਕਾਫੀ ਆਲੋਚਨਾ ਦਾ ਸ਼ਿਕਾਰ ਹੋ ਗਏ।

(ਬਾਕੀ ਸਫ਼ਾ 30 'ਤੇ)

## ਇਟਲੀ 'ਚ ਕਰਵਾਏ ਗਏ ਗੁਰਮਤਿ ਗਿਆਨ ਅਤੇ ਦਸਤਾਰ ਮੁਕਾਬਲੇ



ਮਿਲਾਨ/ਇਟਲੀ/ਏ.ਟੀ. ਨਿਊਜ਼: ਇਟਲੀ ਦੀ ਰਾਜਧਾਨੀ ਰੋਮ ਵਿਖੇ ਗੁਰਦੁਆਰਾ ਗੋਬਿੰਦਸਰ ਸਾਹਿਬ ਲਵੀਨੀਓ, ਵਿਖੇ ਵਿਦੇਸ਼ਾਂ ਵਿੱਚ ਜੰਮੇ ਦੂਜੀ ਪੀੜ੍ਹੀ ਦੇ ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਜੋਰਾਵਰ ਸਿੰਘ ਬਾਬਾ ਫਤਿਹ ਸਿੰਘ ਦਸਤਾਰ ਲਹਿਰ ਦੇ ਸਹਿਯੋਗ ਨਾਲ ਵਿਸ਼ੇਸ਼ ਤੌਰ 'ਤੇ ਗੁਰਮਤਿ ਗਿਆਨ ਅਤੇ ਦਸਤਾਰ ਦੁਮਾਲਾ ਮੁਕਾਬਲੇ ਕਰਵਾਏ ਗਏ। ਜਿੰਨਾਂ ਵਿੱਚ ਛੋਟੇ ਬੱਚਿਆਂ ਨੇ ਬਹੁਤ ਹੀ ਉਤਸ਼ਾਹ ਨਾਲ ਹਿੱਸਾ ਲਿਆ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋ ਇਨਾਂ ਮੁਕਾਬਲਿਆਂ ਵਿੱਚ ਜੇਤੂ ਰਹਿਣ ਵਾਲੇ ਬੱਚਿਆਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਦੱਸਣਯੋਗ ਹੈ ਕਿ ਪ੍ਰਬੰਧਕ ਕਮੇਟੀ ਵੱਲੋਂ ਪੂਰਾ ਸਾਲ ਬੱਚਿਆਂ ਨੂੰ ਪੰਜਾਬੀ ਬੋਲੀ ਅਤੇ ਗੱਤਕਾ ਸਿਖਾਉਣ ਲਈ ਲਗਾਤਾਰ ਕਲਾਸਾਂ ਲਾਈਆਂ ਜਾਂਦੀਆਂ ਹਨ।

ਇਸੇ ਤਰ੍ਹਾਂ ਬੱਚਿਆਂ ਨੂੰ ਦਸਤਾਰ ਲਹਿਰ ਨਾਲ ਜੋੜਨ ਲਈ ਸਾਲ ਦੋ ਵਾਰ ਦਸਤਾਰ ਅਤੇ ਦੁਮਾਲਾ ਮੁਕਾਬਲੇ ਵੀ ਕਰਵਾਏ ਜਾਂਦੇ ਹਨ ਤਾਂ ਜੋ ਇਨ੍ਹਾਂ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਵਿੱਚ ਮਦਦ ਮਿਲ ਸਕੇ। ਬਾਬਾ ਜੋਰਾਵਰ ਸਿੰਘ ਬਾਬਾ ਫਤਿਹ ਸਿੰਘ ਦਸਤਾਰ ਲਹਿਰ ਕਮੇਟੀ ਦੇ ਨੌਜਵਾਨਾਂ ਵੱਲੋਂ ਜਿੱਥੇ ਹਰ ਸਾਲ ਇਟਲੀ ਵਿੱਚ ਸਜਾਏ ਜਾਣ ਵਾਲੇ ਨਗਰ ਕੀਰਤਨਾਂ ਵਿੱਚ ਦਸਤਾਰਾਂ ਬੰਨਣ ਦੇ ਵਿਸ਼ੇਸ਼ ਲੰਗਰ ਲਾਏ ਜਾਂਦੇ ਹਨ ਉਥੇ ਹੀ ਇਥੋਂ ਦੇ ਵੱਖ-ਵੱਖ ਗੁਰਦੁਆਰਿਆਂ ਵਿੱਚ ਬੱਚਿਆਂ ਨੂੰ ਦਸਤਾਰ ਅਤੇ ਦੁਮਾਲਾ ਸਜਾਉਣ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।

ਉਸ ਤੋਂ ਬਾਅਦ ਇਨ੍ਹਾਂ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਹਨ ਤਾਂ ਜੋ ਬੱਚਿਆਂ ਵਿੱਚ ਉਤਸ਼ਾਹ ਬਣਿਆ ਰਹੇ ਇੰਨਾਂ ਮੁਕਾਬਲਿਆਂ ਵਿੱਚ ਜੇਤੂ ਰਹੇ ਬੱਚਿਆਂ ਦੇ ਚਿਹਰਿਆਂ 'ਤੇ ਜਿੱਤ ਦਾ ਨੂਰ ਸਾਫ ਝਲਕ ਰਿਹਾ ਸੀ। ਇੱਥੇ ਜ਼ਿਕਰਯੋਗ ਹੈ ਕਿ ਗੁਰਦੁਆਰਾ ਗੋਬਿੰਦਸਰ ਸਾਹਿਬ ਲਵੀਨੀਓ ਰੋਮ ਨੇੜੇ ਸਭ ਤੋਂ ਪਹਿਲਾ ਬਣਿਆ ਸੀ ਅਤੇ ਇੱਥੇ ਅਪ੍ਰੈਲ ਮਹੀਨੇ ਖਾਲਸਾ ਪੰਥ ਦੇ ਸਥਾਪਨਾ ਦਿਹਾੜੇ ਨੂੰ ਸਮਰਪਿਤ ਹਰ ਸਾਲ ਮਹਾਨ ਨਗਰ ਕੀਰਤਨ ਸਜਾਏ ਜਾਂਦੇ ਹਨ ਅਤੇ ਸੰਗਤ ਦੇ ਸਹਿਯੋਗ ਨਾਲ ਅੰਮ੍ਰਿਤ ਸੰਚਾਰ ਪ੍ਰੋਗਰਾਮ ਵੀ ਉਲੀਕੇ ਜਾਂਦੇ ਹਨ।

## ਲੋਕਤੰਤਰ ਖ਼ਿਲਾ.ਫ ਨ.ਫਰਤ ਦੀ ਸਿਆਸਤ

# ਭਾਰਤ ਵਿੱਚ ਨ.ਫਰਤੀ ਭਾਸ਼ਣਾਂ ਦਾ ਵਧਿਆ ਰੁਝਾਨ

### ਭਾਜਪਾ ਸਰਕਾਰ ਵਾਲੇ ਰਾਜਾਂ ਵਿੱਚ 75 .ਫੀਸਦੀ ਨ.ਫਰਤੀ ਭਾਸ਼ਣ ਘਟਨਾਵਾਂ ਹੋਈਆਂ: 'ਇੰਡੀਆ ਹੇਟ ਲੈਬ' ਦੀ ਰਿਪੋਰਟ ਵਿੱਚ ਕੀਤਾ ਗਿਆ ਦਾਅਵਾ




*ਰਿਪੋਰਟ ਅਨੁਸਾਰ 36% ਘਟਨਾਵਾਂ ਵਿੱਚ 'ਮੁਸਲਮਾਨਾਂ ਵਿਰੁੱਧ ਹਿੰਸਾ ਦਾ ਸਿੱਧਾ ਸੱਦਾ' ਸ਼ਾਮਲ ਸੀ, ਲਗਭਗ 25% ਨੇ ਮੁਸਲਮਾਨਾਂ ਦੇ ਧਾਰਮਿਕ ਸਥਾਨਾਂ ਨੂੰ ਨਿਸ਼ਾਨਾ ਬਣਾਉਣ ਲਈ ਭਾਸ਼ਣ ਦਿੱਤੇ।*

ਵਾਸ਼ਿੰਗਟਨ ਡੀ.ਸੀ.-ਅਧਾਰਿਤ 'ਇੰਡੀਆ ਹੇਟ ਲੈਬ' ਦੁਆਰਾ ਜਾਰੀ ਕੀਤੀ ਗਈ 'ਹੇਟ ਸਪੀਚ ਈਵੈਂਟਸ ਇਨ ਇੰਡੀਆ' ਸਿਰਲੇਖ ਵਾਲੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਾਲ 2023 ਦੀ ਪਹਿਲੀ ਛਿਮਾਹੀ ਦੌਰਾਨ ਭਾਰਤ ਵਿੱਚ ਨ.ਫਰਤੀ ਭਾਸ਼ਣ ਦੀਆਂ 255 ਘਟਨਾਵਾਂ ਵਾਪਰੀਆਂ ਅਤੇ ਸਾਲ ਦੀ ਦੂਜੀ ਛਿਮਾਹੀ ਵਿੱਚ ਇਹ ਗਿਣਤੀ 62% ਵੱਧ ਕੇ 413 ਹੋ ਗਈ।ਸਾਲ 2023 ਦੌਰਾਨ, ਭਾਰਤ ਵਿੱਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਵਾਲੇ 668 ਦਸਤਾਵੇਜ਼ੀ ਨ.ਫਰਤ ਭਰੇ ਭਾਸ਼ਣ ਦੀਆਂ ਘਟਨਾਵਾਂ ਦਰਜ ਕੀਤੀਆਂ ਗਈਆਂ।

ਭਾਵੇਂ ਭਾਰਤ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਮੰਨਿਆ ਜਾਂਦਾ ਹੈ, ਪਰ ਇਸ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਵਿੱਚ ਲੋਕਤੰਤਰ ਦੀ ਮੌਜੂਦਗੀ ਦੇ ਬਾਵਜੂਦ ਨ.ਫਰਤ ਦੀ ਸਿਆਸਤ ਦਾ ਰੁਝਾਨ ਵੱਧਦਾ ਜਾ ਰਿਹਾ ਹੈ। ਇਸ ਰਿਪੋਰਟ ਅਨੁਸਾਰ ਲਗਭਗ 75% ਘਟਨਾਵਾਂ (498) ਭਾਜਪਾ ਸ਼ਾਸਿਤ ਰਾਜਾਂ, ਕੇਂਦਰ ਸ਼ਾਸਤ ਪ੍ਰਦੇਸ਼ਾਂ ਅਤੇ ਦਿੱਲੀ ਵਿੱਚ ਹੋਈਆਂ। ਜਦੋਂ ਕਿ 36% (239) ਘਟਨਾਵਾਂ ਵਿੱਚ 'ਮੁਸਲਮਾਨਾਂ ਵਿਰੁੱਧ ਹਿੰਸਾ ਦਾ ਸਿੱਧਾ ਸੱਦਾ' ਸ਼ਾਮਲ ਸੀ, 63% (420) ਵਿੱਚ ਸਾਜ਼ਿਸ਼ ਦੇ ਸਿਧਾਂਤ, ਮੁੱਖ ਤੌਰ 'ਤੇ ਲਵ ਜੇਹਾਦ, ਲੈਂਡ ਜੇਹਾਦ, ਹਲਾਲ ਜਿਹਾਦ ਅਤੇ ਆਬਾਦੀ ਜਿਹਾਦ ਦੇ ਹਵਾਲੇ ਸ਼ਾਮਲ ਸਨ। ਲਗਭਗ 25% (169) ਆਗੂਆਂ ਨੇ ਮੁਸਲਿਮ ਧਾਰਮਿਕ ਸਥਾਨਾਂ ਨੂੰ ਨਿਸ਼ਾਨਾ ਬਣਾਉਣ ਲਈ ਭਾਸ਼ਣ ਦਿੱਤੇ।

ਭਾਵੇਂ ਇਸ ਸਮੇਂ ਵੀ ਭਾਰਤ ਵਿੱਚ ਵੱਖ- ਵੱਖ ਸਿਆਸੀ ਪਾਰਟੀਆਂ ਦੇ ਕੁਝ ਕੁ ਆਗੂ ਨ.ਫਰਤ ਭਰੀ ਸਿਆਸਤ ਕਰਨ ਵਿੱਚ ਲੱਗੇ ਹੋਏ ਹਨ ਪਰ ਇਸ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਨ.ਫਰਤ ਭਰੇ ਭਾਸ਼ਣ ਦੀਆਂ ਘਟਨਾਵਾਂ ਬੀਤੇ ਸਾਲ ਅਗਸਤ ਤੋਂ ਨਵੰਬਰ ਦੇ ਸਮੇਂ ਵਿੱਚ ਸਿਖਰ 'ਤੇ ਸਨ, ਜਦੋਂ ਰਾਜਸਥਾਨ, ਮੱਧ ਪ੍ਰਦੇਸ਼, ਤੇਲੰਗਾਨਾ ਅਤੇ ਛੱਤੀਸਗੜ੍ਹ ਵਿੱਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਸਨ। ਮਹਾਰਾਸ਼ਟਰ (118), ਉੱਤਰ ਪ੍ਰਦੇਸ਼ (104), ਮੱਧ ਪ੍ਰਦੇਸ਼ (65), ਰਾਜਸਥਾਨ (64), ਹਰਿਆਣਾ (48), ਉੱਤਰਾਖੰਡ (41), ਕਰਨਾਟਕ (40), ਗੁਜਰਾਤ (31), ਛੱਤੀਸਗੜ੍ਹ (21), ਅਤੇ ਬਿਹਾਰ (18) ਸਭ ਤੋਂ ਵੱਧ ਨ.ਫਰਤ ਭਰੇ ਭਾਸ਼ਣ ਦੇਣ ਵਾਲੀਆਂ ਘਟਨਾਵਾਂ ਲਈ ਸਿਖਰਲੇ 10 ਰਾਜ ਸਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹਿੰਸਾ ਨੂੰ ਉਤਸ਼ਾਹਿਤ ਕਰਨ ਵਾਲੀਆਂ ਸਾਰੀਆਂ ਘਟਨਾਵਾਂ ਵਿੱਚੋਂ 78% ਭਾਜਪਾ ਸਰਕਾਰ ਵਾਲੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਵਾਪਰੀਆਂ। ਨਾਲ ਹੀ, ਧਾਰਮਿਕ ਸਥਾਨਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਸਾਰੀਆਂ ਨ.ਫਰਤ ਭਰੀਆਂ ਘਟਨਾਵਾਂ ਵਿੱਚੋਂ 78% ਭਾਜਪਾ ਸ਼ਾਸਿਤ ਰਾਜਾਂ ਵਿੱਚ ਦਰਜ ਕੀਤੀਆਂ ਗਈਆਂ ਸਨ। ਦਿਲਚਸਪ ਗੱਲ ਇਹ ਹੈ ਕਿ, ਜਿਹੜੇ ਰਾਜਾਂ ਵਿੱਚ ਭਾਜਪਾ ਦੀ ਥਾਂ ਹੋਰਨਾਂ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਹਨ, ਉਹਨਾਂ ਰਾਜਾਂ ਵਿੱਚ ਨ.ਫਰਤ ਭਰੇ ਭਾਸ਼ਣਾਂ ਦੀਆਂ ਘਟਨਾਵਾਂ ਵਿੱਚ ਭਾਜਪਾ ਨੇਤਾਵਾਂ ਦੇ ਸ਼ਾਮਲ ਹੋਣ ਦੀ ਜ਼ਿਆਦਾ ਸੰਭਾਵਨਾ ਸੀ। ਰਿਪੋਰਟ ਵਿੱਚ ਦਰਜ਼ ਹੈ ਕਿ ਭਾਜਪਾ ਸ਼ਾਸਿਤ ਰਾਜਾਂ ਵਿੱਚ ਸਿਰਫ਼ 10.6% ਘਟਨਾਵਾਂ ਵਿੱਚ ਭਾਜਪਾ ਆਗੂ ਸ਼ਾਮਲ ਸਨ, ਜਦੋਂ ਕਿ ਇਹ ਅੰਕੜਾ 27.6% ਹੋ ਗਿਆ। ਅਜਿਹੇ ਨ.ਫਰਤ ਭਰੇ ਭਾਸ਼ਣਾਂ ਦੀਆਂ ਘਟਨਾਵਾਂ ਪਿੱਛੇ ਸੰਗਠਨਾਂ ਦੇ ਸਬੰਧ ਵਿੱਚ, 32% (126) ਦਸਤਾਵੇਜ਼ੀ ਘਟਨਾਵਾਂ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਦੁਆਰਾ ਆਯੋਜਿਤ ਕੀਤੀਆਂ ਗਈਆਂ ਸਨ। ਰਿਪੋਰਟ ਨੇ ਭਾਜਪਾ ਨੂੰ ਲਗਭਗ 50 ਨ.ਫਰਤ ਭਰੇ ਭਾਸ਼ਣ ਦੇ ਪ੍ਰੋਗਰਾਮਾਂ ਨੂੰ ਆਯੋਜਿਤ ਕਰਨ ਲਈ ਜ਼ਿੰਮੇਵਾਰ ਠਹਿਰਾਇਆ। ਕੁੱਲ ਮਿਲਾ ਕੇ, ਸੰਘ ਪਰਿਵਾਰ ਨਾਲ ਜੁੜੇ ਸੰਗਠਨ 307 ਘਟਨਾਵਾਂ ਲਈ ਜ਼ਿੰਮੇਵਾਰ ਸਨ, ਜੋ ਕਿ 2023 ਵਿੱਚ ਨ.ਫਰਤ

(ਬਾਕੀ ਸਫ਼ਾ 30 'ਤੇ)

**‘ਦ ਵੈਲਥ ਰਿਪੋਰਟ 2024’ ’ਚ ਦਾਅਵਾ**

# 5 ਸਾਲਾਂ ’ਚ ਅਮੀਰ ਲੋਕਾਂ ਦੀ ਗਿਣਤੀ ਹੋ ਜਾਵੇਗੀ ਦੁੱਗਣੀ

ਜਲੰਧਰ/ਏ.ਟੀ.ਨਿਊਜ਼ : ਭਾਰਤ ਵਿੱਚ 2023 ਤੋਂ 2028 ਦੇ ਵਿਚਕਾਰ 30 ਮਿਲੀਅਨ ਡਾਲਰ ਜਾਂ ਉਸ ਤੋਂ ਵੱਧ ਦੀ ਜਾਇਦਾਦ ਵਾਲੇ ਅਤੀ-ਅਮੀਰ ਲੋਕਾਂ ਦੀ ਗਿਣਤੀ ਹੋਰਨਾਂ ਦੇਸ਼ਾਂ ਦੇ ਮੁਕਾਬਲੇ ਸਭ ਤੋਂ ਤੇਜ਼ੀ ਨਾਲ ਵਧ ਸਕਦੀ ਹੈ। ਨਾਈਟ ਫਰੈਂਕ ਦੀ ‘ਦ ਵੈਲਥ ਰਿਪੋਰਟ 2024’ ਮੁਤਾਬਕ ਦੇਸ਼ ’ਚ ਅਮੀਰ ਲੋਕਾਂ ਦੀ ਗਿਣਤੀ ਸਾਲ 2023 ਤੱਕ 13,263 ਤੋਂ 50.1 ਫੀਸਦੀ ਤੋਂ ਵਧ ਕੇ ਸਾਲ 2028 ਤੱਕ 19,908 ਹੋ ਜਾਵੇਗੀ। ਭਾਰਤ ਤੋਂ ਬਾਅਦ ਚੀਨ (47 ਫੀਸਦੀ), ਤੁਰਕੀ (42.9 ਫੀਸਦੀ) ਅਤੇ ਮਲੇਸ਼ੀਆ (35 ਫੀਸਦੀ) ਵਿੱਚ ਅਮੀਰਾਂ ਦੀ ਗਿਣਤੀ ਸਭ ਤੋਂ ਤੇਜ਼ੀ ਨਾਲ ਵਧੇਗੀ। ਨਾਈਟ ਫਰੈਂਕ ਦੇ ਗਲੋਬਲ ਮੁਖੀ (ਖੋਜ) ਲਿਆਮ ਬੇਲੀ ਨੇ ਮੀਡੀਆ ਨੂੰ ਦਿੱਤੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਭਾਰਤ ਵਿੱਚ ਇਸ ਉੱਚ ਵਾਧੇ ਦਾ ਮੁੱਖ ਕਾਰਨ ਦੇਸ਼ ਦੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਵਿੱਚ ਉੱਚ ਵਾਧਾ ਹੈ।

**ਏਸ਼ੀਆ ’ਚ ਅਮੀਰਾਂ ਦੀ ਗਿਣਤੀ 38 ਫੀਸਦੀ ਵਧਣ ਦੀ ਸੰਭਾਵਨਾ**

ਲਿਆਮ ਬੇਲੀ ਨੇ ਕਿਹਾ ਕਿ ਅਸੀਂ ਜਿਸ ਦੇਸ਼ ਨੂੰ ਆਪਣੀ ਸੂਚੀ ਵਿੱਚ ਸ਼ਾਮਿਲ ਕਰਦੇ ਹਾਂ ਉਸ ਦੀ ਜੀ.ਡੀ.ਪੀ. ਵਾਧੇ ਵਿੱਚ ਆਰਥਿਕ ਪੂਰਵ-ਅਨੁਮਾਨਾਂ ਦੀ ਵਰਤੋਂ ਕਰਦੇ ਹਨ ਅਤੇ ਹੁਣ ਅਜਿਹਾ ਲਗਦਾ ਹੈ ਕਿ ਭਾਰਤੀ ਅਰਥਵਿਵਸਥਾ ਅਗਲੇ 5 ਸਾਲਾਂ ਵਿਚ ਵਧੀਆ ਪ੍ਰਦਰਸ਼ਨ ਕਰੇਗੀ। ਇਸ ਦੌਰਾਨ ਬਹੁਤ ਅਮੀਰ ਲੋਕਾਂ ਦੀ ਗਿਣਤੀ ਵਧਣ ਦਾ ਸਭ ਤੋਂ ਵੱਡਾ ਕਾਰਨ ਵੀ ਇਹੀ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਅਮੀਰ ਲੋਕਾਂ ਦੀ ਜਮਾਤ ਵਧਣ ਵਿੱਚ ਏਸ਼ੀਆ ਦਾ ਦਬਦਬਾ ਰਹੇਗਾ। ਅਗਲੇ ਪੰਜ ਸਾਲਾਂ ਵਿੱਚ ਏਸ਼ੀਆ ਵਿੱਚ ਅਮੀਰ ਲੋਕਾਂ ਦੀ ਗਿਣਤੀ ਵਿੱਚ 38.3 ਫੀਸਦੀ ਵਧਣ ਦੀ ਸੰਭਾਵਨਾ ਹੈ। ਵਿਸ਼ਵ ਪੱਧਰ ’ਤੇ ਇਸ ਦੌਰਾਨ ਅਮੀਰਾਂ ਦੀ ਗਿਣਤੀ 28.1 ਫੀਸਦੀ ਵਧੇਗੀ। ਬੇਲੀ ਨੇ ਕਿਹਾ ਕਿ ਏਸ਼ੀਆ ਪਿਛਲੇ 15 ਤੋਂ 20 ਸਾਲਾਂ ਵਿੱਚ ਵਿਕਾਸ ਦੇ ਮਾਮਲੇ ਵਿੱਚ ਇੱਕ ਸ਼ਾਨਦਾਰ ਖੇਤਰ ਰਿਹਾ ਹੈ।



**2023 ’ਚ ਅਮੀਰਾਂ ਦੇ ਨਿਵੇਸ਼ ਦੀ ਪਸੰਦ ਬਣੀਆਂ ਰਹੀਆਂ ਘੜੀਆਂ**

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਮੀਰ ਭਾਰਤੀਆਂ ਲਈ ਸਾਲ 2023 ਵਿੱਚ ਨਿਵੇਸ਼ ਦਾ ਬੇਹਤਰ ਬਦਲ ਘੜੀਆਂ ਸਨ। ਉਸ ਤੋਂ ਬਾਅਦ ਅਮੀਰਾਂ ਨੇ ਕਲਾਤਮਕ ਚੀਜ਼ਾਂ ਅਤੇ ਗਹਿਣਿਆਂ ਵਿੱਚ ਵੀ ਭਾਰੀ ਨਿਵੇਸ਼ ਕੀਤਾ। ਨਾਈਟ ਫਰੈਂਕ ਦੇ ਲਗਜ਼ਰੀ ਇਨਵੈਸਟਮੈਂਟ ਸੂਚਕਅੰਕ 2023 ਦੇ ਅਨੁਸਾਰ ਪਿਛਲੇ (ਬਾਕੀ ਸਫ਼ਾ 30 ’ਤੇ)

# ਰੰਗਲਾ ਪੰਜਾਬ ਮੇਲੇ ’ਚ ਬਣਿਆ ਦੁਨੀਆਂ ਦਾ ਸਭ ਤੋਂ ਵੱਡਾ ਪਰੌਂਠਾ

## ਗਿਨੀਜ਼ ਬੁੱਕ ਆ.ਫ ਵਰਲਡ ਰਿਕਾਰਡ ’ਚ ਹੋਇਆ ਦਰਜ

ਅੰਮ੍ਰਿਤਸਰ/ਏ.ਟੀ.ਨਿਊਜ਼ : ਪੰਜਾਬ ਦੇ ਸੈਰ-ਸਪਾਟਾ ਤੇ ਸੱਭਿਆਚਾਰਕ ਵਿਭਾਗ ਵੱਲੋਂ ਅੰਮ੍ਰਿਤਸਰ ਵਿੱਚ ਕਰਵਾਏ ਗਏ ਪਹਿਲੇ ‘ਰੰਗਲਾ ਪੰਜਾਬ’ ਮੇਲੇ ਦੌਰਾਨ ਦੁਨੀਆਂ ਦਾ ਸਭ ਤੋਂ ਵੱਡਾ ਪਰੌਂਠਾ ਤਿਆਰ ਕਰਵਾਇਆ ਗਿਆ, ਜੋ ਕਿ ‘ਗਿਨੀਜ਼ ਬੁੱਕ ਆਫ ਵਰਲਡ ਰਿਕਾਰਡ’ ਵਿੱਚ ਦਰਜ ਹੋ ਗਿਆ ਹੈ।





ਵਿਭਾਗ ਦੇ ਐਕਸੀਐਨ ਬੀ. ਐੱਸ. ਚਾਨਾ ਨੇ ਦੱਸਿਆ ਕਿ 37.5 ਕਿੱਲੋ ਦਾ ਇਹ ਪਰੌਂਠਾ ਤਾਜ ਹੋਟਲ ਦੇ ਰਸੋਈਏ ਵੱਲੋਂ ਤਿਆਰ ਕੀਤਾ ਗਿਆ ਅਤੇ ਉਸ ਨੂੰ ‘ਰੰਗਲਾ ਪੰਜਾਬ’ ਮੇਲਾ ਵੇਖਣ ਆਏ ਸਰੋਤਿਆਂ ਵਿੱਚ ਵੰਡ ਕੇ ਖਾਧਾ ਗਿਆ।

ਇਸ ਮੌਕੇ ‘ਗਿਨੀਜ਼ ਬੁੱਕ ਆਫ ਵਰਲਡ ਰਿਕਾਰਡ’ ਵੱਲੋਂ ਪਹੁੰਚੀ ਟੀਮ ਨੇ ‘ਰੰਗਲਾ ਪੰਜਾਬ’ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਕਮ-ਡਿਪਟੀ ਕਮਿਸ਼ਨਰ ਅੰਮ੍ਰਿਤਸਰ ਘਣਸ਼ਾਮ ਥੋਰੀ, ਡਾਇਰੈਕਟਰ ਸੈਰ-ਸਪਾਟਾ ਵਿਭਾਗ ਨੀਰੂ ਕਤਿਆਲ ਗੁਪਤਾ ਅਤੇ ਵਿਭਾਗ ਦੇ ਨਿਗਰਾਨ ਇੰਜੀਨੀਅਰ ਭੁਪਿੰਦਰ ਸਿੰਘ ਚਾਨਾ ਨੂੰ ਉਕਤ ਸਰਟੀਫਿਕੇਟ ਦਿੱਤਾ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਭਾਰਤ ਵਿੱਚ ਸਫ਼ਲ ਨਹੀਂ ਹੋਈ ਤੀਜਾ ਸਿਆਸੀ ਮੋਰਚਾ ਬਣਾਉਣ ਦੀ ਕਵਾਇਦ

## ਲੋਕ ਸਭਾ ਚੋਣਾਂ ਦੌਰਾਨ ਮੁੱਖ ਮੁਕਾਬਲਾ ਭਾਜਪਾ ਅਤੇ ਕਾਂਗਰਸ ਦੀ ਅਗਵਾਈ ਵਾਲੇ ਗਠਜੋੜਾਂ ਵਿੱਚ ਹੋਣ ਦੀ ਸੰਭਾਵਨਾ



ਭਾਰਤ ਵਿੱਚ ਇਸੇ ਸਾਲ ਲੋਕ ਸਭਾ ਚੋਣਾਂ ਹੋਣੀਆਂ ਹਨ, ਜਿਸ ਕਰਕੇ ਭਾਰਤ ਦੀ ਸਿਆਸਤ ਵਿੱਚ ਬਹੁਤ ਤੇਜ਼ ਸਰਗਰਮੀਆਂ ਚੱਲ ਰਹੀਆਂ ਹਨ ਅਤੇ ਨਿੱਤ ਨਵੇਂ ਸਿਆਸੀ ਸਮੀਕਰਨ ਬਣ ਰਹੇ ਹਨ। ਇਸ ਸਮੇਂ ਦੀ ਸਥਿਤੀ ਅਨੁਸਾਰ ਭਾਰਤ ਵਿੱਚ ਲੋਕ ਸਭਾ ਚੋਣਾਂ ਦੌਰਾਨ ਮੁੱਖ ਮੁਕਾਬਲਾ ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. ਗਠਜੋੜ ਅਤੇ ਕਾਂਗਰਸ ਦੀ ਅਗਵਾਈ ਵਾਲੇ ਇੰਡੀਆ ਜਾਂ ਇੰਡੀ ਗਠਜੋੜ ਵਿਚਾਲੇ ਹੋਣ ਦੀ ਸੰਭਾਵਨਾ ਹੈ। ਭਾਵੇਂ ਕਿ ਭਾਰਤ ਵਿੱਚ ਕਈ ਵਾਰ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਕਾਂਗਰਸ ਅਤੇ ਭਾਜਪਾ ਨੂੰ ਦੂਰ ਰੱਖਦਿਆਂ ਤੀਜਾ ਸਿਆਸੀ ਮੋਰਚਾ ਬਣਾਉਣ ਦੀ ਕਵਾਇਦ ਕੀਤੀ ਗਈ ਹੈ, ਪਰ ਇਹ ਅਜੇ ਤੱਕ ਸਫ਼ਲ ਨਹੀਂ ਹੋਈ। ਭਾਰਤ ਦੀ ਕੌਮੀ ਸਿਆਸਤ ਵਿੱਚ ਸਾਲ 1977, 1989,1996-1998 ਦੌਰਾਨ ਦੂਜਾ ਜਾਂ ਤੀਜਾ ਸਿਆਸੀ ਮੋਰਚਾ ਕਾਇਮ ਕੀਤਾ ਗਿਆ ਸੀ ਪਰ ਇਸ ਮੋਰਚੇ ਨੂੰ ਭਾਜਪਾ ਜਾਂ ਕਾਂਗਰਸ ਦਾ ਸਮਰਥਨ ਹਾਸਲ ਸੀ। ਭਾਰਤ ਵਿੱਚ 80 ਦੇ ਦਹਾਕੇ ਤੋਂ ਬਾਅਦ ਸਮਾਜਵਾਦੀ ਪਾਰਟੀ, ਬਹੁਜਨ ਸਮਾਜ ਪਾਰਟੀ, ਰਾਸ਼ਟਰੀ ਜਨਤਾ ਦਲ, ਜਨਤਾ ਦਲ ਯੂਨਾਇਟਿਡ ਵਰਗੀਆਂ ਖੇਤਰੀ ਸਿਆਸੀ ਪਾਰਟੀਆਂ ਉਭਰੀਆਂ, ਜਿਨ੍ਹਾਂ ਦਾ ਆਪੋ ਆਪਣੇ ਸੂਬਿਆਂ ਵਿੱਚ ਗੜ੍ਹ ਸੀ। ਅਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਵੀ ਕਈ ਵਾਰ ਸਿਆਸੀ ਪਾਰਟੀਆਂ ਨੇ ਕਾਂਗਰਸ ਅਤੇ ਭਾਜਪਾ ਤੋਂ ਬਿਨਾਂ ਤੀਜਾ ਸਿਆਸੀ ਮੋਰਚਾ ਬਣਾਉਣ ਦੇ ਯਤਨ ਕੀਤੇ ਸਨ, ਪਰ ਉਹ ਯਤਨ ਸਫ਼ਲ ਨਹੀਂ ਹੋਏ। ਕੁਝ ਸਮਾਂ ਪਹਿਲਾਂ ਤੀਜਾ ਸਿਆਸੀ ਮੋਰਚਾ ਬਣਾਉਣ ਦੀ ਅਗਵਾਈ ਤੇਲੰਗਾਨਾ ਦੇ ਉਸ ਸਮੇਂ ਦੇ ਮੁੱਖ ਮੰਤਰੀ ਕੇ. ਚੰਦਰ ਸ਼ੇਖਰ ਕਰ ਰਹੇ ਸਨ। ਉਹਨਾਂ ਦੀ ਅਗਵਾਈ ਵਿੱਚ ਬੀ. ਆਰ. ਐਸ., ਆਮ ਆਦਮੀ ਪਾਰਟੀ, ਸੀ. ਪੀ. ਆਈ. ਐਮ, ਤ੍ਰਿਣਮੂਲ ਕਾਂਗਰਸ ਅਤੇ ਸਮਾਜਵਾਦੀ ਪਾਰਟੀ ਦੇ ਕੁਝ ਪ੍ਰਭਾਵਸ਼ਾਲੀ ਖੇਤਰੀ ਨੇਤਾ ਸਾਲ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਤੀਜਾ ਸਿਆਸੀ ਮੋਰਚਾ ਬਣਾਉਣ ਲਈ ਸਰਗਰਮ ਹੋ ਗਏ ਸਨ। ਵਿਸ਼ੇਸ਼ ਗੱਲ ਇਹ ਰਹੀ ਕਿ ਭਾਜਪਾ ਨਾਲ ਲੜਨ ਲਈ ਇਹ ਆਗੂ ਬਿਨਾਂ ਕਾਂਗਰਸ ਦੇ ਗਠਬੰਧਨ ਚਾਹੁੰਦੇ ਸਨ। ਇਹਨਾਂ ਸਿਆਸੀ ਆਗੂਆਂ ਦਾ ਵਿਚਾਰ ਸੀ ਕਿ ਭਾਜਪਾ ਅਤੇ ਕਾਂਗਰਸ ਨਾਲੋਂ ਇੱਕੋ ਜਿੰਨੀ ਦੂਰੀ ਬਣਾ ਕੇ ਤੀਜਾ ਸਿਆਸੀ ਮੋਰਚਾ ਬਣਾਇਆ ਜਾਣਾ ਚਾਹੀਦਾ ਹੈ ਪਰ ਇਹਨਾਂ ਯਤਨਾਂ ਨੂੰ ਬੂਰ ਨਹੀਂ ਪਿਆ ਅਤੇ ਤੀਜਾ ਸਿਆਸੀ ਮੋਰਚਾ ਬਣਾਉਣ ਦੀ ਗੱਲ ਖ਼ਤਮ ਹੋ ਗਈ।

ਇਸੇ ਤਰਾਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੀ ਕੁਝ ਸਮਾਂ ਪਹਿਲਾਂ ਭਾਜਪਾ ਅਤੇ ਕਾਂਗਰਸ ਤੋਂ ਬਿਨਾਂ ਹੋਰਨਾਂ ਸਿਆਸੀ ਪਾਰਟੀਆਂ ਦਾ ਸਾਂਝਾ ਗਠਜੋੜ ਬਣਾਉਣ ਲਈ ਯਤਨ ਕਰ ਰਹੇ ਸਨ। ਹੁਣ ਭਾਵੇਂ ਨਿਤੀਸ਼ ਕੁਮਾਰ ਭਾਜਪਾ ਨਾਲ ਹੀ ਸਾਂਝ ਪਾ ਕੇ ਬਿਹਾਰ ਵਿੱਚ ਰਾਜ ਕਰ ਰਹੇ ਹਨ ਪਰ ਉਹ ਇੰਡੀਆ ਗਠਜੋੜ ਦਾ ਵੀ ਹਿੱਸਾ ਰਹਿ ਚੁੱਕੇ ਹਨ।

ਭਾਰਤ ਦੀ ਕੌਮੀ ਸਿਆਸਤ ਦੀ ਜਾਣਕਾਰੀ ਰੱਖਣ ਵਾਲੇ ਜਾਣਦੇ ਹਨ ਕਿ ਭਾਰਤ ਵਿੱਚ ਪਹਿਲਾਂ ਵੀ ਤੀਜਾ ਸਿਆਸੀ ਮੋਰਚਾ ਬਣਾਉਣ ਦੇ ਯਤਨ ਕੀਤੇ ਜਾਂਦੇ ਹਨ ਅਤੇ ਕਈ ਵਾਰ ਕਾਂਗਰਸ ਅਤੇ ਭਾਜਪਾ ਵਿਰੋਧੀ ਜਾਂ ਭਾਜਪਾ ਜਾਂ ਕਾਂਗਰਸ ਦੇ ਗਠਜੋੜ ਨਾਲ ਵੀ ਸਾਂਝਾ ਸਿਆਸੀ ਮੋਰਚਾ ਬਣਾਇਆ ਜਾ ਚੁੱਕਿਆ ਹੈ ਪਰ ਇਹ ਵੀ ਹਕੀਕਤ ਹੈ ਕਿ ਭਾਜਪਾ ਜਾਂ ਕਾਂਗਰਸ ਵਿਰੋਧੀ ਬਣਾਏ ਗਏ ਸਾਂਝੇ ਸਿਆਸੀ ਮੋਰਚੇ ਵਿੱਚ ਸ਼ਾਮਲ ਸਿਆਸੀ ਆਗੂ ਲੰਬੇ ਸਮੇਂ ਤੱਕ ਇਕੱਠੇ ਨਹੀਂ ਰਹਿੰਦੇ ਅਤੇ ਕੁਝ ਸਮੇਂ ਬਾਅਦ ਆਪੋ ਆਪਣਾ ਰਾਗ ਅਲਾਪਣ ਲੱਗ ਪੈਂਦੇ ਹਨ। ਇਹ ਵੀ ਹਕੀਕਤ ਹੈ ਕਿ ਇਹ ਆਗੂ ਵੱਖ ਹੋਣ ਤੋਂ ਬਾਅਦ ਲੰਬਾ ਸਮਾਂ ਵੱਖਰੇ ਵੀ ਨਹੀਂ ਰਹਿੰਦੇ ਅਤੇ ਮੁੜ ਸਾਂਝਾਂ ਸਿਆਸੀ ਗਠਜੋੜ ਕਰਨ ਦੇ ਯਤਨ ਕਰਨ ਲੱਗਦੇ ਹਨ।

ਕੁਝ ਸਿਆਸੀ ਮਾਹਿਰ ਕਹਿੰਦੇ ਹਨ ਕਿ ਭਾਰਤ ਵਿੱਚ ਤੀਜਾ ਸਿਆਸੀ ਮੋਰਚਾ ਕਾਂਗਰਸ ਜਾਂ ਭਾਜਪਾ ਦੇ ਸਮਰਥਨ ਨਾਲ ਹੀ ਹੋਂਦ ਵਿੱਚ ਆ ਸਕਦਾ ਹੈ। ਇਸ ਤਰਾਂ ਇਸ ਸਮੇਂ ਤੀਜਾ ਸਿਆਸੀ ਮੋਰਚਾ ਬਣਾਉਣ ਦੀ ਜੋ ਕਵਾਇਦ ਸ਼ੁਰੂ ਹੋਈ ਸੀ, ਉਸ ਵਿੱਚ ਸਫਲਤਾ ਨਹੀਂ ਮਿਲੀ। ਇਸ ਤਰਾਂ ਭਾਰਤ ਵਿੱਚ ਇਸ ਸਮੇਂ ਭਾਜਪਾ ਦੀ ਅਗਵਾਈ ਵਾਲਾ ਐਨ.ਡੀ.ਏ. ਅਤੇ ਕਾਂਗਰਸ ਅਤੇ ਹੋਰ ਵਿਰੋਧੀ ਸਿਆਸੀ ਪਾਰਟੀਆਂ ਦਾ ਇੰਡੀਆ ਜਾਂ ਇੰਡੀ ਗਠਜੋੜ ਹੀ ਸਰਗਰਮ ਹੈ। ਇਸ ਤਰਾਂ ਭਾਰਤ ਵਿੱਚ ਕਾਂਗਰਸ ਅਤੇ ਭਾਜਪਾ ਤੋਂ ਬਿਨਾਂ ਹੋਰਨਾਂ ਸਿਆਸੀ ਪਾਰਟੀਆਂ ਦਾ ਇਕ ਸਾਂਝਾ ਗਠਜੋੜ ਬਣਾਉਣ ਦੇ ਯਤਨ ਸੁਪਨਾ ਹੀ ਬਣ ਗਏ ਹਨ।

# ਭਾਰਤ ਦੀਆਂ 6 ਰਾਸ਼ਟਰੀ ਪਾਰਟੀਆਂ ਨੇ 2022-23 ਲਈ ਆਮਦਨ ਐਲਾਨੀ

## ਭਾਜਪਾ ਨੂੰ ਸਭ ਤੋਂ ਵੱਧ ਲਗਭਗ 2361 ਕਰੋੜ ਰੁਪਏ ਮਿਲੇ



ਨਵੀਂ ਦਿੱਲੀ/ਏ.ਟੀ.ਨਿਊਜ਼ : ਦੇਸ਼ ਦੀਆਂ ਛੇ ਰਾਸ਼ਟਰੀ ਪਾਰਟੀਆਂ ਨੇ ਵਿੱਤੀ ਸਾਲ 2022-23 ਵਿਚ ਆਪਣੀ ਕੁੱਲ ਆਮਦਨ ਲਗਭਗ 3,077 ਕਰੋੜ ਰੁਪਏ ਦੀ ਘੋਸ਼ਣਾ ਕੀਤੀ ਹੈ, ਜਿਸ ਵਿਚੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਸਭ ਤੋਂ ਵੱਧ ਯਾਨੀ ਲਗਭਗ 2361 ਕਰੋੜ ਰੁਪਏ ਮਿਲੇ ਹਨ। ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮ (ਏਡੀਆਰ) ਨੇ ਇਹ ਜਾਣਕਾਰੀ ਦਿੱਤੀ।

ਇਸ ਵਿੱਚ ਕਿਹਾ ਗਿਆ ਹੈ ਕਿ ਵਿੱਤੀ ਸਾਲ 2022-23 ਦੌਰਾਨ ਸੱਤਾਧਾਰੀ ਭਾਜਪਾ ਦੀ ਆਮਦਨ ਛੇ ਰਾਸ਼ਟਰੀ ਪਾਰਟੀਆਂ ਦੀ ਕੁੱਲ ਆਮਦਨ ਦਾ 76.73 ਫੀਸਦੀ ਹੈ। ਆਮਦਨ ਦੇ ਮਾਮਲੇ 'ਚ ਕਾਂਗਰਸ 452.375 ਕਰੋੜ ਰੁਪਏ ਦੇ ਨਾਲ ਦੂਜੇ ਸਥਾਨ 'ਤੇ ਰਹੀ ਹੈ। ਕਾਂਗਰਸ ਦੀ ਆਮਦਨ ਛੇ ਕੌਮੀ ਪਾਰਟੀਆਂ ਦੀ ਕੁੱਲ ਆਮਦਨ ਦਾ 14.70 ਫੀਸਦੀ ਹੈ। ਭਾਜਪਾ ਅਤੇ ਕਾਂਗਰਸ ਤੋਂ ਇਲਾਵਾ ਬਹੁਜਨ ਸਮਾਜ ਪਾਰਟੀ (ਬਸਪਾ), ਆਮ ਆਦਮੀ ਪਾਰਟੀ (ਆਪ), ਨੈਸ਼ਨਲ ਪੀਪਲਜ਼ ਪਾਰਟੀ (ਐਨਪੀਪੀ) ਅਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੇ ਵੀ ਆਪਣੀ ਆਮਦਨ ਦਾ ਐਲਾਨ ਕੀਤਾ ਹੈ।

ਏਡੀਆਰ ਦੀ ਰਿਪੋਰਟ ਅਨੁਸਾਰ ਵਿੱਤੀ ਸਾਲ 2021-22 ਅਤੇ 2022-23 ਦਰਮਿਆਨ ਭਾਜਪਾ ਦੀ ਆਮਦਨ ਵਿੱਤੀ ਸਾਲ 2021-22 ਦੌਰਾਨ 1917.12 ਕਰੋੜ ਰੁਪਏ ਤੋਂ 23.15 ਫੀਸਦੀ ਵਧ ਕੇ ਵਿੱਤੀ ਸਾਲ 2022-23 ਦੌਰਾਨ 2360.844 ਕਰੋੜ ਰੁਪਏ ਹੋ ਗਈ।

ਐਨ.ਪੀ.ਪੀ. ਦੀ ਆਮਦਨ ਵਿੱਤੀ ਸਾਲ 2021-22 ਦੌਰਾਨ 47.20 ਲੱਖ ਰੁਪਏ ਤੋਂ 7.09 ਕਰੋੜ ਵਧ ਕੇ ਵਿੱਤੀ ਸਾਲ 2022-23 ਦੌਰਾਨ 7.56 ਕਰੋੜ ਰੁਪਏ ਹੋ ਗਈ।

ਇਸੇ ਤਰ੍ਹਾਂ ਆਮ ਆਦਮੀ ਪਾਰਟੀ ਦੀ ਆਮਦਨ ਵਿੱਤੀ ਸਾਲ 2021-22 ਦੌਰਾਨ 44.53 ਕਰੋੜ ਰੁਪਏ ਤੋਂ 91.23 ਫੀਸਦੀ ਵਧ ਕੇ ਵਿੱਤੀ ਸਾਲ 2022-23 ਦੌਰਾਨ 85.17 ਕਰੋੜ ਰੁਪਏ ਹੋ ਗਈ।

ਚੋਣ ਕਮਿਸ਼ਨ ਕੋਲ ਜਮ੍ਹਾਂ ਕਰਵਾਏ ਗਏ ਅੰਕੜਿਆਂ ਅਨੁਸਾਰ ਵਿੱਤੀ ਸਾਲ 2021-22 ਅਤੇ ਵਿੱਤੀ ਸਾਲ 2022-23 ਦਰਮਿਆਨ ਕਾਂਗਰਸ, ਸੀਪੀਆਈ (ਐਮ) ਅਤੇ ਬਸਪਾ ਦੀ ਆਮਦਨ ਕ੍ਰਮਵਾਰ 16.42 ਫੀਸਦੀ (88.90 ਕਰੋੜ ਰੁਪਏ), 12.68 ਫੀਸਦੀ (20.57 ਕਰੋੜ ਰੁਪਏ) ਅਤੇ 33.14 ਫੀਸਦੀ (14.50 ਕਰੋੜ ਰੁਪਏ) ਦੀ ਕਮੀ ਆਈ ਹੈ।

# ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਮਿਲਣ 'ਤੇ ਹਾਈ ਕੋਰਟ ਸਖ਼ਤ

## ਹਾਈਕੋਰਟ ਵੱਲੋਂ ਹਰਿਆਣਾ ਸਰਕਾਰ ਨੂੰ ਨੋਟਿਸ ਜਾਰੀ



ਚੰਡੀਗੜ੍ਹ/ਏ.ਟੀ.ਨਿਊਜ਼ : ਸਾਧਵੀਆਂ ਨਾਲ ਜਿਨਸੀ ਸ਼ੋਸ਼ਣ ਅਤੇ 2 ਕਤਲ ਮਾਮਲਿਆਂ 'ਚ ਸਜ਼ਾ ਕੱਟ ਰਹੇ ਰਾਮ ਰਹੀਮ ਨੂੰ ਪੈਰੋਲ ਦੇਣ 'ਤੇ ਪੰਜਾਬ ਅਤੇ ਹਰਿਆਣਾ ਕੋਰਟ ਨੇ ਸਖ਼ਤੀ ਦਿਖਾਈ ਹੈ। ਹਾਈ ਕੋਰਟ ਨੇ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦਿੱਤੇ ਜਾਣ ਨੂੰ ਲੈ ਕੇ ਕੇ ਹਰਿਆਣਾ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ। ਨਾਲ ਹੀ ਇਹ ਵੀ ਕਿਹਾ ਹੈ ਕਿ ਬਿਨਾਂ ਮਨਜ਼ੂਰੀ ਡੇਰਾ ਮੁਖੀ ਨੂੰ ਅੱਗੇ ਪੈਰੋਲ ਨਾ ਦੇਣ। ਇਸ ਮਾਮਲੇ ਦੀ ਅਗਲੀ ਸੁਣਵਾਈ 13 ਮਾਰਚ ਨੂੰ ਹੋਵੇਗੀ। ਇਸ ਤੋਂ ਪਹਿਲਾਂ ਸੁਣਵਾਈ ਦੌਰਾਨ ਹਾਈ ਕੋਰਟ ਨੇ ਹਰਿਆਣਾ ਸਰਕਾਰ ਨੂੰ ਫਟਕਾਰ ਲਗਾਉਂਦੇ ਹੋਏ ਕਿਹਾ ਸੀ ਕਿ ਉਹ ਇਸ ਮਾਮਲੇ 'ਚ ਜਵਾਬ ਦੇਣ ਤੋਂ ਕਿਉਂ ਬਚ ਰਹੀ ਹੈ। ਕਾਰਜਵਾਹਕ ਚੀਫ਼ ਜਸਟਿਸ ਰਿਤੂ ਬਾਹਰੀ ਦੀ ਬੈਂਚ ਨੇ ਹਰਿਆਣਾ ਸਰਕਾਰ ਤੋਂ ਪੁੱਛਿਆ ਸੀ ਕਿ ਜਿਸ ਤਰ੍ਹਾਂ ਸਮੇਂ-ਸਮੇਂ ਡੇਰਾ ਮੁਖੀ ਨੂੰ ਪੈਰੋਲ ਦਾ ਲਾਭ ਦਿੱਤਾ ਜਾ ਰਿਹਾ ਹੈ, ਉਸੇ ਤਰ੍ਹਾਂ ਦੂਜੇ ਕੈਦੀਆਂ ਨੂੰ ਵੀ ਇਹ ਲਾਭ ਦਿੱਤਾ ਜਾ ਰਿਹਾ ਹੈ ਜਾਂ ਨਹੀਂ ? ਡੇਰਾ ਮੁਖੀ 'ਤੇ ਸਰਕਾਰ ਜ਼ਰੂਰਤ ਤੋਂ ਜ਼ਿਆਦਾ ਮਿਹਰਬਾਨ ਤਾਂ ਨਹੀਂ ਹੈ। ਅਜਿਹੇ 'ਚ ਦੱਸਿਆ ਜਾਵੇ ਕਿ ਕਿਹੜੇ ਕੈਦੀਆਂ ਨੂੰ ਇਸ ਤਰ੍ਹਾਂ ਲਗਾਤਾਰ ਪੈਰੋਲ ਮਿਲੀ ਹੈ।

# ਕੈਨੇਡਾ ਦੇ ਬ੍ਰੈਂਪਟਨ ਸ਼ਹਿਰ 'ਚ ਕਿਸਾਨਾਂ ਦੇ ਹੱਕ 'ਚ ਜ਼ੋਰਦਾਰ ਨਾਅਰੇਬਾਜ਼ੀ

## ਵਿਦਿਆਰਥੀਆਂ ਤੇ ਪੰਜਾਬੀਆਂ ਨੇ ਕੇਂਦਰ ਸਰਕਾਰ 'ਤੇ ਕੱਢੀ ਭੜਾਸ

ਬ੍ਰੈਂਪਟਨ/ਏ.ਟੀ.ਨਿਊਜ਼ : ਕਿਸਾਨੀ ਮਸਲਿਆਂ ਦੇ ਹੱਲ ਨੂੰ ਲੈ ਕੇ ਪੂਰੇ ਦੇਸ਼ ਅੰਦਰ ਲੋਕਾਂ ਵੱਲੋਂ ਆਵਾਜ਼ ਚੁੱਕੀ ਜਾ ਰਹੀ ਹੈ। ਉਥੇ ਵਿਦੇਸ਼ਾਂ ਅੰਦਰ ਵੀ ਕਿਸਾਨਾਂ ਦੇ ਹੱਕ 'ਚ ਲੋਕ ਨਿਤਰਦੇ ਨਜ਼ਰ ਆ ਰਹੇ ਹਨ। ਮੰਗਲਵਾਰ ਨੂੰ ਕੈਨੇਡਾ ਦੇ ਬ੍ਰੈਂਪਟਨ ਸ਼ਹਿਰ 'ਚ ਸਥਾਨਕ ਲੋਕਾਂ ਤੇ ਵਿਦਿਆਰਥੀਆਂ ਵਲੋਂ ਕਿਸਾਨਾਂ ਦੇ ਹੱਕ 'ਚ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।

ਲੋਕਾਂ ਨੇ ਕੇਂਦਰ ਸਰਕਾਰ ਦੇ ਹੁਕਮਾਂ 'ਤੇ ਕਿਸਾਨਾਂ ਉੱਪਰ ਕੀਤੇ ਜਾ ਰਹੇ ਜ਼ੁਲਮ ਦੀ ਜਮ ਕੇ ਨਿੰਦਿਆ ਵੀ ਕੀਤੀ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਲੋਕਾਂ ਦੇ ਹੱਕਾਂ 'ਤੇ ਡਾਕਾ ਮਾਰ ਰਹੀ ਹੈ, ਅੰਨਦਾਤਾ 'ਤੇ ਤਸ਼ੱਦਦ ਕਰਕੇ ਉਨ੍ਹਾਂ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ। ਇਸ ਜ਼ੁਲਮ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੂਰਾ ਦੇਸ਼ ਤੇ ਵਿਦੇਸ਼ਾਂ 'ਚ ਬੈਠੇ ਲੋਕ ਵੀ ਕਿਸਾਨਾਂ ਦੇ ਨਾਲ ਹਨ। ਉਨ੍ਹਾਂ ਦੀਆਂ ਮੰਗਾਂ ਮੰਨਣ ਤੱਕ ਉਹ ਸੰਘਰਸ਼ ਕਰਦੇ ਰਹਿਣਗੇ।

# ਇਟਲੀ 'ਚ ਨਾਰੀ ਦਿਵਸ ਨੂੰ ਸਮਰਪਿਤ ਕਵੀ ਦਰਬਾਰ ਬੜੀ ਸ਼ਾਨੋ ਸ਼ੌਕਤ ਨਾਲ ਸੰਪੰਨ



ਰੋਮ/ਏ.ਟੀ.ਨਿਊਜ਼: ਮਹਿਲਾ ਕਾਵਿ ਮੰਚ (ਰਜਿ:) ਇਕਾਈ ਇਟਲੀ ਵੱਲੋਂ ਪ੍ਰਧਾਨ ਕਰਮਜੀਤ ਕੌਰ ਰਾਣਾ ਦੀ ਅਗਵਾਈ ਹੇਠ ਨਾਰੀ ਦਿਵਸ ਨੂੰ ਸਮਰਪਿਤ ਸੱਤਵਾਂ ਕਵੀ ਦਰਬਾਰ ਸੰਪੰਨ ਹੋਇਆ। ਸੰਪਨ ਹੋਏ ਸਤਵੇਂ ਕਵੀ ਦਰਬਾਰ ਵਿੱਚ ਸੰਸਥਾਪਕ ਅਤੇ ਚੇਅਰਮੈਨ ਸ਼੍ਰੀਮਾਨ ਨਰੇਸ਼ ਨਾਜ਼, ਮੁੱਖ ਮਹਿਮਾਨ ਸ਼੍ਰੀਮਤੀ ਵੰਦਨਾ ਖੁਰਾਣਾ (ਵਿਦੇਸ਼ ਸਚਿਵ ਯੂਰੋਪ), ਵਿਸ਼ੇਸ਼ ਮਹਿਮਾਨ ਸ਼੍ਰੀਮਤੀ ਡਾ: ਈਰਾਦੀਪ ਕੌਰ (ਪ੍ਰਧਾਨ ਪੰਜਾਬ ਮਕਾਮ), ਹਾਜ਼ਰ ਸਨ। ਮੰਚ ਸੰਚਾਲਕ ਦੀ ਭੂਮਿਕਾ ਕਰਮਜੀਤ ਕੌਰ ਰਾਣਾ ਨੇ ਬਾਖੂਬੀ ਨਿਭਾਈ। ਕਵੀ ਦਰਬਾਰ ਦੀ ਸ਼ੁਰੂਆਤ ਸ਼੍ਰੀਮਤੀ ਇੰਦੂ ਨਾਂਦਲ ਪ੍ਰਧਾਨ ਮਕਾਮ (ਜਰਮਨੀ) ਵੱਲੋਂ ਖੂਬਸੂਰਤ ਦੋਹੇ ਸੁਣਾ ਕੇ ਕੀਤੀ ਗਈ। ਉਪਰੰਤ ਸ਼੍ਰੀਮਤੀ ਭਿੰਦਰਜੀਤ ਕੌਰ ਕਵਿਤਰੀ (ਇਟਲੀ) ਨੇ ਕਵਿਤਾ ਸੁਣਾ ਕੇ ਰੰਗ ਬੰਨਿਆ। ਫਿਰ ਸ਼੍ਰੀਮਤੀ ਸਤਵੀਰ ਸਾਂਝ ਕਵਿਤਰੀ (ਇਟਲੀ), ਸ਼੍ਰੀਮਤੀ ਜਸਵਿੰਦਰ ਕੌਰ ਮਿੰਟੂ ਕਵਿਤਰੀ (ਇਟਲੀ), ਸ਼੍ਰੀਮਤੀ ਆਰਤੀ ਬਖਸ਼ੀ ਆਰੂ ਪ੍ਰਧਾਨ ਵਨਕਾਮ (ਇਟਲੀ), ਸ਼੍ਰੀਮਤੀ ਚਿਤਰਾ ਗੁਪਤਾ ਵਿਦੇਸ਼ ਸਕੱਤਰ ਮਕਾਮ (ਸਿੰਗਾਪੁਰ), ਸ਼੍ਰੀਮਤੀ ਡਾ :ਈਰਾਦੀਪ ਕੌਰ ਪ੍ਰਧਾਨ (ਪੰਜਾਬ ਮਕਾਮ , ਸ਼੍ਰੀਮਤੀ ਵੰਦਨਾ ਖੁਰਾਣਾ ਵਿਦੇਸ਼ ਸਕੱਤਰ (ਯੂਰੋਪ) ਅਤੇ ਕਰਮਜੀਤ ਕੌਰ ਰਾਣਾ ਆਦਿ ਕਲਮਾਂ ਨੇ ਖੂਬਸੂਰਤ ਰਚਨਾਵਾਂ ਪੇਸ਼ ਕੀਤੀਆਂ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਪ੍ਰਧਾਨ ਕਰਮਜੀਤ ਕੌਰ ਰਾਣਾ ਨੇ ਦੱਸਿਆ ਕਿ ਜਿਥੇ ਸ਼੍ਰੀਮਤੀ ਇੰਦੂ ਨਾਂਦਲ ਨੇ ਸਾਰੇ ਕਵੀ ਤੇ ਕਵਿਤਰੀਆਂ ਨੂੰ ਸਫਲ ਕਵੀ ਦਰਬਾਰ ਦੀ ਮੁਬਾਰਕਬਾਦ ਦਿੱਤੀ, ਉਥੇ ਹੀ ਮੁੱਖ ਮਹਿਮਾਨ ਸ਼੍ਰੀਮਤੀ ਵੰਦਨਾ ਖੁਰਾਣਾ ਨੇ ਵੀ ਬੜੇ ਹੀ ਸੋਹਣੇ ਅਲਫਾਜਾਂ ਵਿੱਚ ਹੌਸਲਾ ਅਫ਼ਜਾਈ ਕਰਦਿਆਂ ਸਾਰਿਆਂ ਨੂੰ ਵਧਾਈ ਦਿੱਤੀ। ਵਿਸ਼ੇਸ਼ ਮਹਿਮਾਨ ਸ਼੍ਰੀਮਤੀ ਡਾ: ਈਰਾਦੀਪ ਕੌਰ ਨੇ ਸ਼ਾਮਿਲ ਹੋਏ ਦੇਸ਼ਾਂ ਵਿਦੇਸ਼ਾਂ ਤੋਂ ਬਾਕੀ ਸਾਰੇ ਮਹਿਮਾਨ ਨਾਲ ਬਹੁਤ ਦਿਲਕਸ਼ ਵਿਚਾਰ ਸਾਂਝੇ ਕੀਤੇ। ਆਪਣੀਆਂ ਯਾਦਗਾਰੀ ਛਾਪਾਂ ਛੱਡਦੇ ਸੰਪਨ ਹੋਏ ਕਵੀ ਦਰਬਾਰ ਦੇ ਅੰਤ ਵਿੱਚ ਕਰਮਜੀਤ ਕੌਰ ਰਾਣਾ ਨੇ ਹਾਜ਼ਰ ਸਭ ਸ਼ਖਸੀਅਤਾਂ ਦਾ ਧੰਨਵਾਦ ਕੀਤਾ।

**ਦਰਪਣ ਝੂਠ ਨਹੀਂ ਬੋਲਦਾ**

# ਭਾਰਤ 'ਚ ਘੱਟ ਗਿਣਤੀਆਂ ਨਾਲ ਹੁੰਦੇ ਧੱਕੇ ਸੰਬੰਧੀ ਅਮਰੀਕੀ ਸੰਸਦ ਵਿੱਚ ਬਿਲ ਪਾਸ ਕਰਨ ਦੀ ਮੰਗ

## ਕਿਹਾ ਗਿਆ ਕਿ ਈਸਾਈਆਂ, ਮੁਸਲਮਾਨਾਂ, ਸਿੱਖਾਂ, ਦਲਿਤਾਂ ਦੇ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਹੈ ਉਲੰਘਣਾ

ਭਾਰਤ ਵਿੱਚ ਸਿੱਖਾਂ, ਈਸਾਈਆਂ ਅਤੇ ਹੋਰ ਘੱਟ ਗਿਣਤੀ ਭਾਈਚਾਰਿਆਂ ਉੱਤੇ ਵੱਧ ਰਹੇ ਹਮਲਿਆਂ ਨੂੰ ਲੈ ਕੇ ਪੂਰੀ ਦੁਨੀਆਂ ਵਿੱਚ ਚਿੰਤਾ ਪ੍ਰਗਟਾਈ ਜਾ ਰਹੀ ਹੈ। ਖਾਸ ਕਰਕੇ ਮਨੀਪੁਰ ਵਿੱਚ ਚੱਲ ਰਹੀ ਹਿੰਸਾ ਤੋਂ ਬਾਅਦ ਅਮਰੀਕੀ ਸੰਸਦ ਵਿੱਚ ਮਤਾ 542 ਪਾਸ ਕਰਨ ਦੀ ਮੰਗ ਵਧ ਗਈ ਹੈ ਜੋ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਦੀ ਉਲੰਘਣਾ ਦੀ ਨਿੰਦਾ ਕਰਦਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਈਸਾਈਆਂ, ਮੁਸਲਮਾਨਾਂ, ਸਿੱਖਾਂ, ਦਲਿਤਾਂ ਅਤੇ ਆਦਿਵਾਸੀਆਂ ਦੇ ਮਨੁੱਖੀ ਅਧਿਕਾਰਾਂ ਦੀ ਲਗਾਤਾਰ ਉਲੰਘਣਾ ਹੋ ਰਹੀ ਹੈ। ਇੰਟਰਨੈਸ਼ਨਲ ਕ੍ਰਿਸਚੀਅਨ ਕੰਸਰਨ ਭਾਰਤ ਦੀ ਸਥਿਤੀ 'ਤੇ ਚਿੰਤਾ ਪ੍ਰਗਟ ਕਰ ਰਹੀ



ਹੈ। ਘੱਟ ਗਿਣਤੀ ਅਧਿਕਾਰ ਲਈ ਜੂਝਣ ਵਾਲੇ ਸੰਗਠਨਾਂ ਨੇ ਕਿਹਾ ਹੈ ਕਿ ਇਹ ਮਤਾ ਭਾਰਤ ਵਿੱਚ ਘੱਟ ਗਿਣਤੀਆਂ ਨਾਲ ਲਗਾਤਾਰ ਵੱਧ ਰਹੇ ਦੁਰਵਿਵਹਾਰ ਬਾਰੇ ਚਿੰਤਾ ਪ੍ਰਗਟ ਕਰਦਾ ਹੈ ਅਤੇ ਭਾਰਤ ਨੂੰ ਵਿਸ਼ੇਸ਼ ਚਿੰਤਾ ਵਾਲਾ ਦੇਸ਼ (ਸੀ.ਪੀ.ਸੀ.) ਵਜੋਂ ਨਾਮਜ਼ਦ ਕਰਨ ਦੀ ਸਿਫ਼ਾਰਸ਼ ਕਰਦਾ ਹੈ। ਯੂਨਾਈਟਿਡ ਸਟੇਟਸ ਕਮਿਸ਼ਨ ਆਨ ਇੰਟਰਨੈਸ਼ਨਲ



ਰਿਲੀਜੀਅਸ ਫਰੀਡਮ (ਯੂ.ਐਸ.ਸੀ.ਆਈ.ਆਰ. ਐਫ.) ਪਿਛਲੇ ਚਾਰ ਸਾਲਾਂ ਤੋਂ ਸੀ.ਪੀ.ਸੀ. ਵਿੱਚ ਭਾਰਤ ਦੀ ਨਾਮਜ਼ਦਗੀ ਦੀ ਸਿਫ਼ਾਰਸ਼ ਕਰ ਰਿਹਾ ਹੈ ਪਰ ਕੋਈ ਕਾਰਵਾਈ ਨਹੀਂ ਕੀਤੀ ਗਈ। ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਜੂਨ 2023 ਵਿੱਚ ਅਮਰੀਕਾ ਗਏ ਸਨ। ਇਸ ਫੇਰੀ ਦੌਰਾਨ ਉਨ੍ਹਾਂ ਘੱਟ ਗਿਣਤੀਆਂ ਦੇ ਹੱਕਾਂ ਦਾ ਸਵਾਲ ਉਠਾਉਣ ਵਾਲਿਆਂ ਨੂੰ ਬਹੁਤ ਕੋਸਿਆ ਸੀ। ਉਨ੍ਹਾਂ ਭਾਰਤ ਵਿੱਚ ਘੱਟ ਗਿਣਤੀਆਂ ਵਿਰੁੱਧ ਵੱਧ ਰਹੀ ਹਿੰਸਾ ਬਾਰੇ ਕੋਈ ਗੱਲ ਨਹੀਂ ਕੀਤੀ। ਇਸ ਦੇ ਉਲਟ ਜਦੋਂ ਵਾਲ ਸਟਰੀਟ ਜਰਨਲ ਦੀ ਇੱਕ ਪੱਤਰਕਾਰ ਨੇ ਭਾਰਤ ਵਿੱਚ ਧਾਰਮਿਕ ਆਜ਼ਾਦੀ ਦੀ ਸਥਿਤੀ ਬਾਰੇ ਪੁੱਛਿਆ ਤਾਂ ਮੋਦੀ ਨੇ ਜਵਾਬ ਦਿੱਤਾ ਕਿ ਭਾਰਤ ਦੀਆਂ ਲੋਕਤਾਂਤਰਿਕ ਕਦਰਾਂ-ਕੀਮਤਾਂ ਵਿੱਚ ਜਾਤ-ਪਾਤ ਜਾਂ ਨਸਲ ਦੇ ਆਧਾਰ 'ਤੇ ਬਿਲਕੁਲ ਵੀ ਵਿਤਕਰਾ ਨਹੀਂ ਹੈ, ਜਦਕਿ 2022 ਵਿੱਚ ਘੱਟਗਿਣਤੀ ਕੌਮਾਂ ਸਬੰਧੀ ਅਤਿਆਚਾਰ ਦੇ ਛੇ ਸੌ ਮਾਮਲੇ ਵਾਪਰ ਚੁੱਕੇ ਸਨ । ਮੋਦੀ ਦੀ ਇਹ ਯਾਤਰਾ ਉੱਤਰ-ਪੂਰਬੀ ਰਾਜ ਮਨੀਪੁਰ ਵਿੱਚ ਵਾਪਰੀਆਂ ਹਿੰਸਕ ਘਟਨਾਵਾਂ ਦੇ ਤੁਰੰਤ ਬਾਅਦ ਹੋਈ ਸੀ। ਮਨੀਪੁਰ ਵਿੱਚ 98 ਲੋਕ ਮਾਰੇ ਗਏ ਸਨ, 35,000 ਬੇਘਰ ਹੋ ਗਏ ਸਨ ਅਤੇ 100 ਤੋਂ ਵੱਧ ਚਰਚਾਂ ਨੂੰ ਤਬਾਹ ਕਰ ਦਿੱਤਾ ਗਿਆ ਸੀ, ਜਿਸ ਨਾਲ ਦੁਨੀਆ ਭਰ ਦੇ ਈਸਾਈ ਭਾਈਚਾਰੇ ਵਿੱਚ ਗੁੱਸੇ ਦੀ ਲਹਿਰ ਫੈਲ ਗਈ ਸੀ। ਘੱਟ ਗਿਣਤੀ ਅਧਿਕਾਰਾਂ ਲਈ ਸਰਗਰਮ ਕਾਰਕੁਨਾਂ ਦਾ ਕਹਿਣਾ ਹੈ ਕਿ ਜੇਕਰ ਹਾਊਸ ਰੈਜ਼ੋਲਿਊਸ਼ਨ 542 ਪਾਸ ਹੋ ਜਾਂਦਾ ਹੈ, ਤਾਂ ਇਹ ਨਾ ਸਿਰਫ਼ ਅਮਰੀਕੀਆਂ ਅਤੇ ਭਾਰਤੀਆਂ ਨੂੰ ਸਗੋਂ ਦੁਨੀਆਂ ਭਰ ਦੇ ਲੋਕਾਂ ਨੂੰ ਸਪੱਸ਼ਟ ਸੰਕੇਤ ਦੇਵੇਗਾ ਕਿ ਅਮਰੀਕਾ ਧਾਰਮਿਕ ਆਜ਼ਾਦੀ ਦੀ ਉਲੰਘਣਾ ਨੂੰ ਬਰਦਾਸ਼ਤ ਨਹੀਂ ਕਰਦਾ। ਮਨੁੱਖੀ ਅਧਿਕਾਰਾਂ ਦੇ ਵਿਸ਼ਵ-ਵਿਆਪੀ ਘੋਸ਼ਣਾ ਪੱਤਰ ਅਤੇ ਸੰਯੁਕਤ ਰਾਜ ਦੇ ਸੰਵਿਧਾਨ ਦੋਵਾਂ ਅਨੁਸਾਰ ਧਾਰਮਿਕ ਆਜ਼ਾਦੀ ਇੱਕ ਬੁਨਿਆਦੀ ਮਨੁੱਖੀ ਅਧਿਕਾਰ ਹੈ।

# ਆਸਾਮ ਸਰਕਾਰ 'ਤੇ ਈਸਾਈ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਦੇ ਲੱਗੇ ਦੋਸ਼

## ਪੁਲਿਸ ਵੱਲੋਂ ਚਰਚਾਂ ਬਾਰੇ ਪ੍ਰਸਤਾਵਿਤ ਸਰਵੇਖਣ ਦਾ ਮਕਸਦ ਈਸਾਈਆਂ ਨੂੰ ਡਰਾਉਣਾ - ਕੈਥੋਲਿਕ ਐਸੋਸੀਏਸ਼ਨ ਆਫ਼ ਸ਼ਿਲਾਂਗ

ਹਾਲ ਹੀ ਦੇ ਸਾਲਾਂ ਵਿੱਚ ਅਸਾਮ ਦੀ ਮੌਜੂਦਾ ਸਰਕਾਰ 'ਤੇ ਕਥਿਤ ਤੌਰ 'ਤੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਦੇ ਦੋਸ਼ ਲੱਗੇ ਹਨ। ਇਲਜ਼ਾਮ ਹੈ ਕਿ ਪਹਿਲਾਂ ਸਰਕਾਰ ਅਤੇ ਹਿੰਦੂਤਵੀ ਸੰਗਠਨਾਂ ਨੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਅਤੇ ਹੁਣ ਈਸਾਈ ਭਾਈਚਾਰਾ ਉਨ੍ਹਾਂ ਦੇ ਨਿਸ਼ਾਨੇ ਉੱਪਰ ਹੈ। ਉੱਤਰ-ਪੂਰਬੀ ਰਾਜ ਅਸਾਮ ਦੀ ਮੌਜੂਦਾ ਸਰਕਾਰ ਦੀ ਹਾਲ ਹੀ ਦੇ ਸਾਲਾਂ ਵਿੱਚ ਕਥਿਤ ਤੌਰ 'ਤੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਲਈ ਆਲੋਚਨਾ ਕੀਤੀ ਗਈ ਸੀ। ਬੀਤੇ ਮਹੀਨੇ ਕੁਝ ਹਿੰਦੂਤਵੀ ਜਥੇਬੰਦੀਆਂ ਨੇ ਸਰਕਾਰ ਨੂੰ ਅਪੀਲ ਕੀਤੀ ਸੀ ਕਿ ਮਿਸ਼ਨਰੀ ਸਕੂਲਾਂ ਵਿੱਚੋਂ ਧਾਰਮਿਕ ਚਿੰਨ੍ਹ ਅਤੇ ਮੂਰਤੀਆਂ ਹਟਾ ਕੇ ਸਰਸਵਤੀ ਪੂਜਾ ਸ਼ੁਰੂ ਕੀਤੀ ਜਾਵੇ। ਇਸਾਈ ਸੰਗਠਨਾਂ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਸੀ। ਆਸਾਮ ਵਿੱਚ ਈਸਾਈਆਂ ਦੀ ਆਬਾਦੀ ਲਗਭਗ 3.74 ਪ੍ਰਤੀਸ਼ਤ ਹੈ। ਸੂਬੇ ਵਿੱਚ 300 ਤੋਂ ਵੱਧ ਮਿਸ਼ਨਰੀ ਸਕੂਲ ਹਨ।

ਸੂਬਾ ਪੁਲਿਸ ਨੇ ਕੈਥੋਲਿਕ ਭਾਈਚਾਰੇ, ਉਨ੍ਹਾਂ ਦੇ ਚਰਚਾਂ, ਸੰਸਥਾਵਾਂ ਅਤੇ ਧਰਮ ਪਰਿਵਰਤਨ ਬਾਰੇ ਸਰਵੇਖਣ ਸ਼ੁਰੂ ਕੀਤਾ ਹੈ। ਸੂਬੇ ਦੇ ਈਸਾਈ ਭਾਈਚਾਰੇ ਨੇ ਇਸ ਵਿੱਚ ਸਹਿਯੋਗ ਨਾ ਦੇਣ ਦਾ ਫੈਸਲਾ ਕੀਤਾ ਹੈ। ਗੁਹਾਟੀ ਜਨਮੂਲਾਚਿਰਾ ਦੇ ਆਰਚਬਿਸ਼ਪ ਨੇ ਕਿਹਾ ਹੈ ਕਿ ਅਸਾਮ ਪੁਲਿਸ ਵੱਲੋਂ ਪਿਛਲੇ ਸਾਲ 16




ਦਸੰਬਰ ਤੋਂ ਜਾਰੀ ਕੀਤਾ ਸਰਕੂਲਰ ਪੱਖਪਾਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਰਾਹੀਂ ਚਰਚ ਦੀਆਂ ਗਤੀਵਿਧੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਪੁਲਿਸ ਵੱਲੋਂ ਜਾਰੀ ਕੀਤੇ ਗਏ ਸਰਕੂਲਰ ਵਿੱਚ ਪਿਛਲੇ ਇੱਕ ਸਾਲ ਦੌਰਾਨ ਬਣਾਏ ਗਏ ਨਵੇਂ ਚਰਚਾਂ ਦੀ ਗਿਣਤੀ ਦੇ ਨਾਲ-ਨਾਲ ਪਿਛਲੇ ਛੇ ਸਾਲਾਂ ਦੌਰਾਨ ਹੋਏ ਧਰਮ ਪਰਿਵਰਤਨ ਅਤੇ ਧਰਮ ਪਰਿਵਰਤਨ ਦੇ ਕਾਰਨਾਂ ਬਾਰੇ ਵੇਰਵੇ ਦੇਣ ਲਈ ਕਿਹਾ ਗਿਆ ਸੀ। ਧਰਮ ਪਰਿਵਰਤਨ ਲਈ ਕੰਮ ਕਰਨ ਵਾਲੇ ਲੋਕਾਂ ਦੀ ਪਛਾਣ ਦੱਸਣ ਲਈ ਕਿਹਾ ਸੀ। ਅਸਾਮ ਕ੍ਰਿਸ਼ਚੀਅਨ ਫੋਰਮ ਦੇ ਬੁਲਾਰੇ ਐਲਨ ਬਰੂਕਸ ਨੇ ਸਵਾਲ ਕੀਤਾ ਕਿ ਰਾਜ ਵਿੱਚ ਸਿਰਫ਼ ਈਸਾਈਆਂ ਨੂੰ ਹੀ ਨਿਸ਼ਾਨਾ ਕਿਉਂ ਬਣਾਇਆ ਜਾ ਰਿਹਾ ਹੈ? ਮੰਦਰਾਂ, ਮਸਜਿਦਾਂ ਅਤੇ ਹੋਰ ਧਾਰਮਿਕ ਸੰਸਥਾਵਾਂ ਦੇ ਵੇਰਵੇ ਕਿਉਂ ਇਕੱਠੇ ਨਹੀਂ ਕੀਤੇ ਜਾ ਰਹੇ ਹਨ?

ਈਸਾਈ ਸਕੂਲਾਂ ਵੱਲੋਂ ਸੂਬਾ ਪੁਲਿਸ ਨੂੰ ਪੱਤਰ ਭੇਜਿਆ ਗਿਆ ਸੀ। ਪੁਲਿਸ ਦੇ ਡਾਇਰੈਕਟਰ ਜਨਰਲ ਜੀ.ਪੀ. ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੇ ਜ਼ਿਲ੍ਹਾ ਪੁਲਿਸ ਨੂੰ ਇਸ ਗੱਲ ਦਾ ਧਿਆਨ ਰੱਖਣ ਦੀ ਸਲਾਹ ਦਿੱਤੀ ਹੈ ਕਿ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ।

ਅਸਾਮ ਕ੍ਰਿਸ਼ਚੀਅਨ ਫੋਰਮ ਦੇ ਬੁਲਾਰੇ ਐਲਨ ਬਰੂਕਸ ਦਾ ਕਹਿਣਾ ਹੈ ਕਿ ਪ੍ਰਿੰਸੀਪਲਾਂ ਵੱਲੋਂ ਭੇਜੇ ਪੱਤਰ ਪ੍ਰਤੀ ਪੁਲਿਸ ਦਾ ਰਵੱਈਆ ਹਾਂ-ਪੱਖੀ ਹੈ ਪਰ ਸਰਕਾਰ ਇਸ ਮਾਮਲੇ ਵਿੱਚ ਉਚਿਤ ਕਾਰਵਾਈ ਨਹੀਂ ਕਰ ਰਹੀ। ਬਹੁਤ ਸਾਰੇ ਮਾਮਲਿਆਂ ਵਿੱਚ, ਲੋਕਾਂ ਨੂੰ ਸਿਰਫ਼ ਇੱਕ ਫੇਸਬੁੱਕ ਪੋਸਟ ਲਈ ਗ੍ਰਿਫ਼ਤਾਰ ਕੀਤਾ ਜਾਂਦਾ ਹੈ। ਪਰ ਇਸ ਮਾਮਲੇ ਵਿੱਚ ਕੁਝ ਭਗਵੇਂ ਸੰਗਠਨ ਖੁੱਲ੍ਹੇਆਮ ਈਸਾਈ ਵਰਗ 'ਤੇ ਹਮਲਾ ਕਰ ਰਹੇ ਹਨ ਅਤੇ ਜ਼ਹਿਰ ਉਗਲ ਰਹੇ ਹਨ। ਇਸ ਦੇ ਬਾਵਜੂਦ ਸਰਕਾਰ ਨੇ ਚੁੱਪ ਧਾਰੀ ਰੱਖੀ ਹੈ।

# ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਬਿਡੇਨ ਦੀ ਥਾਂ ਲੈ ਸਕਦੀ ਹੈ ਮਿਸ਼ੇਲ ਓਬਾਮਾ

## ਮਿਸ਼ੇਲ ਇਸ ਸਰਵੇਖਣ 'ਚ ਸਭ ਤੋਂ ਅੱਗੇ, ਟਰੰਪ ਨਾਲ ਹੋਵੇਗਾ ਸਖ਼ਤ ਮੁਕਾਬਲਾ

ਅਮਰੀਕਾ ਵਿੱਚ ਇਸ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਤੋਂ ਠੀਕ ਪਹਿਲਾਂ ਰਿਪਬਲਿਕਨ ਨੇਤਾ ਡੋਨਾਲਡ ਟਰੰਪ ਦੀ ਵਧਦੀ ਲੋਕਪ੍ਰਿਅਤਾ ਵਿਚਾਲੇ ਡੈਮੋਕ੍ਰੇਟਿਕ ਪਾਰਟੀ ਵੀ ਜੋ ਬਿਡੇਨ ਦੇ ਬਦਲ 'ਤੇ ਵਿਚਾਰ ਕਰ ਰਹੀ ਹੈ। ਇਸੇ ਦੌਰਾਨ ਹਾਲ ਹੀ ਵਿੱਚ ਹੋਏ ਇੱਕ ਸਰਵੇਖਣ ਵਿੱਚ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੀ ਪਤਨੀ ਮਿਸ਼ੇਲ ਬਿਡੇਨ ਦੀ ਥਾਂ ਲੈਣ ਲਈ ਸਭ ਤੋਂ ਪਸੰਦੀਦਾ ਉਮੀਦਵਾਰ ਵਜੋਂ ਉਭਰੀ ਹੈ, ਜੋ ਹੁਣ ਬਹੁਤ ਵੱਡੀ ਉਮਰ 81 ਸਾਲ ਦੇ ਹੋ ਚੁੱਕੀ ਹੈ। ਸਰਵੇ ਵਿਚ ਡੈਮੋਕ੍ਰੇਟਿਕ ਪਾਰਟੀ ਦੇ 20 ਫੀਸਦੀ ਪ੍ਰਸ਼ੰਸਕਾਂ ਨੇ ਮਿਸ਼ੇਲ ਓਬਾਮਾ ਨੂੰ ਵੋਟ ਦਿੱਤੀ। ਇਹ ਸਰਵੇਖਣ ਅਜਿਹੇ ਸਮੇਂ ਵਿੱਚ ਸਾਹਮਣੇ ਆਇਆ ਹੈ ਜਦੋਂ ਡੋਨਾਲਡ ਟਰੰਪ ਦੀ ਜਿੱਤ ਦੇ ਰੱਥ ਦਾ ਘੋੜਾ ਤੇਜ਼ੀ ਨਾਲ ਦੌੜ ਰਿਹਾ ਹੈ ਅਤੇ ਉਨ੍ਹਾਂ ਨੂੰ ਕਿਸੇ ਵੀ ਸਮੇਂ



ਰਿਪਬਲਿਕਨ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦਾ ਉਮੀਦਵਾਰ ਐਲਾਨਿਆ ਜਾ ਸਕਦਾ ਹੈ।

ਰੈਸਮੁਸੇਨ ਰਿਪੋਰਟਸ ਦੁਆਰਾ ਹਾਲ ਹੀ ਵਿੱਚ ਕੀਤੇ ਗਏ ਇੱਕ ਸਰਵੇਖਣ ਦੇ ਅਨੁਸਾਰ, ਸਾਬਕਾ ਅਮਰੀਕੀ ਪ੍ਰਥਮ ਮਹਿਲਾ ਮਿਸ਼ੇਲ ਓਬਾਮਾ 2024 ਦੀਆਂ ਚੋਣਾਂ ਲਈ ਪਾਰਟੀ ਦੇ ਉਮੀਦਵਾਰ ਵਜੋਂ ਰਾਸ਼ਟਰਪਤੀ ਜੋਅ ਬਿਡੇਨ ਦੀ ਥਾਂ ਲੈਣ ਲਈ ਡੈਮੋਕਰੇਟਿਕ ਵੋਟਰਾਂ ਦੀ ਪਹਿਲੀ ਪਸੰਦ ਹੈ। ਸਰਵੇਖਣ ਵਿੱਚ ਦਿਖਾਇਆ ਗਿਆ ਹੈ ਕਿ 48 ਪ੍ਰਤੀਸ਼ਤ ਡੈਮੋਕ੍ਰੇਟਿਕ ਵੋਟਰਾਂ ਨੇ ਨਵੰਬਰ ਦੀਆਂ ਚੋਣਾਂ ਤੋਂ ਪਹਿਲਾਂ ਪਾਰਟੀ ਲਈ ਕੋਈ ਹੋਰ ਉਮੀਦਵਾਰ ਲੱਭਣ ਦੀ ਇੱਛਾ ਪ੍ਰਗਟਾਈ, ਜਦੋਂ ਕਿ 38 ਪ੍ਰਤੀਸ਼ਤ ਅਸਹਿਮਤ ਸਨ। ਹਾਲਾਂ ਕਿ, ਸਿਰਫ਼ 33 ਪ੍ਰਤੀਸ਼ਤ ਨੇ ਵਿਸ਼ਵਾਸ ਕੀਤਾ ਕਿ ਬੈਲਟ ਪੇਪਰ ਵਿੱਚ ਤਬਦੀਲੀ ਦੀ ਸੰਭਾਵਨਾ ਸੀ। ਬਿਡੇਨ ਨੂੰ ਬਦਲਣ ਦੇ ਬਦਲ ਵਜੋਂ, ਮਿਸ਼ੇਲ ਓਬਾਮਾ ਨੂੰ ਸਭ ਤੋਂ ਵੱਧ ਵੋਟਾਂ ਮਿਲੀਆਂ, ਜਿਨ੍ਹਾਂ ਨੇ 20 ਪ੍ਰਤੀਸ਼ਤ ਵੋਟਾਂ ਪ੍ਰਾਪਤ ਕੀਤੀਆਂ।

ਹੋਰ ਦਾਅਵੇਦਾਰਾਂ ਵਿੱਚ ਉਪ ਰਾਸ਼ਟਰਪਤੀ ਕਮਲਾ ਹੈਰਿਸ, ਸਾਬਕਾ ਵਿਦੇਸ਼ ਸਕੱਤਰ ਹਿਲੇਰੀ ਕਲਿੰਟਨ, ਕੈਲੀਫੋਰਨੀਆ ਦੇ ਗਵਰਨਰ ਗੇਵਿਨ ਨਿਊਜਾਮ ਅਤੇ (**ਬਾਕੀ ਸਫ਼ਾ 31 'ਤੇ**)

# ਪੱਛਮੀ ਦੇਸ਼ਾਂ ਨੂੰ ਪੁਤਿਨ ਨੇ ਧਮਕਾਇਆ ਕਿ ਮਾਸਕੋ ਉਨ੍ਹਾਂ ਦੇ ਟਿਕਾਣਿਆਂ 'ਤੇ ਕਰ ਸਕਦੈ ਪਰਮਾਣੂ ਹਮਲਾ

## ਕਿਹਾ ਕਿ ਯੂਕਰੇਨ 'ਚ ਆਪਣੀਆਂ ਫ਼ੌਜਾਂ ਭੇਜਣ ਦੀ ਗ਼ਲਤੀ ਨਾ ਕਰੋ

ਯੂਕਰੇਨ ਨਾਲ ਚੱਲ ਰਹੀ ਜੰਗ ਦਰਮਿਆਨ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਪੱਛਮੀ ਦੇਸ਼ਾਂ ਨੂੰ ਚਿਤਾਵਨੀ ਦਿੱਤੀ ਹੈ। ਇਸ ਨਾਲ ਯੂਰਪ ਤੋਂ ਲੈ ਕੇ ਅਮਰੀਕਾ ਤੱਕ ਦਹਿਸ਼ਤ ਦਾ ਮਾਹੌਲ ਹੈ। ਪੁਤਿਨ ਨੇ ਪੱਛਮੀ ਦੇਸ਼ਾਂ ਨੂੰ ਚੁਣੌਤੀ ਦਿੰਦੇ ਹੋਏ ਕਿਹਾ ਹੈ ਕਿ ਜੇਕਰ ਉਹ (ਯੂਰਪ ਜਾਂ ਪੱਛਮੀ ਦੇਸ਼) ਯੂਕਰੇਨ ਵਿੱਚ ਲੜਨ ਲਈ ਆਪਣੀ ਫੌਜ ਭੇਜਦੇ ਹਨ ਤਾਂ ਰੂਸ ਪਰਮਾਣੂ ਹਮਲਾ ਕਰ ਸਕਦਾ ਹੈ। ਪੁਤਿਨ ਨੇ ਕਿਹਾ ਹੈ ਕਿ ਜੇਕਰ ਯੂਰਪ ਅਤੇ ਪੱਛਮੀ ਦੇਸ਼ਾਂ ਨੇ ਯੂਕਰੇਨ ਵਿੱਚ ਰੂਸ ਦੇ ਖ਼ਿਲਾਫ਼ ਫ਼ੌਜ ਭੇਜਣ ਦਾ ਕਦਮ ਚੁੱਕਿਆ ਤਾਂ ਪਰਮਾਣੂ ਯੁੱਧ ਦਾ ਅਸਲ ਖ਼ਤਰਾ ਹੈ। ਉਸਨੇ ਕਿਹਾ ਕਿ ਮਾਸਕੋ ਕੋਲ ਪੱਛਮ ਦੇ ਟੀਚਿਆਂ 'ਤੇ ਹਮਲਾ ਕਰਨ ਲਈ ਹਥਿਆਰ ਹਨ। ਰਾਸ਼ਟਰਪਤੀ ਪੁਤਿਨ ਯੂਕਰੇਨ ਨਾਲ



ਦੋ ਸਾਲ ਦੀ ਲੜਾਈ ਤੋਂ ਬਾਅਦ ਸੰਸਦ ਅਤੇ ਦੇਸ਼ ਦੇ ਕੁਲੀਨ ਵਰਗ ਦੇ ਹੋਰ ਮੈਂਬਰਾਂ ਨੂੰ ਸੰਬੋਧਨ ਕਰ ਰਹੇ ਸਨ। ਪੁਤਿਨ ਨੇ ਦੋਸ਼ ਲਗਾਇਆ ਕਿ ਪੱਛਮ ਰੂਸ ਨੂੰ ਕਮਜ਼ੋਰ ਕਰਨ 'ਤੇ ਤੁਲਿਆ ਹੋਇਆ ਹੈ ਅਤੇ ਸੁਝਾਅ ਦਿੱਤਾ ਕਿ ਪੱਛਮੀ ਨੇਤਾ ਇਹ ਨਹੀਂ ਸਮਝਦੇ ਕਿ ਰੂਸ ਦੇ ਆਪਣੇ ਅੰਦਰੂਨੀ ਮਾਮਲਿਆਂ ਵਿੱਚ ਉਨ੍ਹਾਂ ਦੀ ਦਖ਼ਲ-ਅੰਦਾਜ਼ੀ ਕਿੰਨੀ ਖਤਰਨਾਕ ਹੋ ਸਕਦੀ ਹੈ। (**ਬਾਕੀ ਸਫ਼ਾ 31 'ਤੇ**)

# ਕਿਸੇ ਵੀ ਪਾਰਟੀ ਲਈ ਸੌਖਾ ਨਹੀਂ ਪੰਜਾਬ ਜਿੱਤਣਾ!

## ਜ਼ੀ ਨਿਊਜ਼ ਦੇ ਨਵੇਂ ਸਰਵੇ ਅਨੁਸਾਰ ਅਕਾਲੀ ਦਲ ਪਛੜਿਆ

## ਕਿਸਾਨ ਅੰਦੋਲਨ ਕਾਰਨ ਡਾਵਾਂਡੋਲ ਹੈ ਪੰਜਾਬ ਦੀ ਰਾਜਨੀਤੀ

## ਅਕਾਲੀ ਆਗੂ ਖੁੱਸਿਆ ਪੰਥਕ ਆਧਾਰ ਪ੍ਰਾਪਤ ਕਰਨ ਲਈ ਸਿੱਖ ਤੇ ਕਿਸਾਨ ਮੁੱਦਿਆਂ ’ਤੇ ਕਰ ਰਹੇ ਨੇ ਬਿਆਨਬਾਜ਼ੀ

ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿੱਚ ਕਾਂਗਰਸ, ਆਮ ਆਦਮੀ ਪਾਰਟੀ, ਭਾਰਤੀ ਜਨਤਾ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਵਿੱਚ ਮੁੱਖ ਮੁਕਾਬਲਾ ਹੈ ਤੇ ਇਨ੍ਹਾਂ ਪਾਰਟੀਆਂ ਵਿਚੋਂ ਸ਼੍ਰੋਮਣੀ ਅਕਾਲੀ ਦਲ ਸਭ ਤੋਂ ਜ਼ਿਆਦਾ ਪਛੜਦਾ ਦਿਖਾਈ ਦੇ ਰਿਹਾ ਹੈ। ਜ਼ੀ ਨਿਊਜ਼ ਦੇ ਸਰਵੇ ਮੁਤਾਬਕ ਆਮ ਆਦਮੀ ਪਾਰਟੀ 5 ਸੀਟਾਂ ਜਿੱਤ ਸਕਦੀ ਹੈ। ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਦੋਵਾਂ ਨੂੰ ਤਿੰਨ-ਤਿੰਨ ਸੀਟਾਂ ਜਾਂਦੀਆਂ ਦਿਖਾਈ ਦੇ ਰਹੀਆਂ ਹਨ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਇੱਕ ਹੀ ਸੀਟ ਨਾਲ ਸਬਰ ਕਰਨਾ ਪੈ ਸਕਦਾ ਹੈ।

ਜ਼ਿਕਰ ਕਰ ਦੇਈਏ ਕਿ ਗੁਜਰਾਤ, ਦਿੱਲੀ, ਹਰਿਆਣਾ, ਗੋਆ ਤੇ ਚੰਡੀਗੜ੍ਹ ਵਿੱਚ ਆਮ ਆਦਮੀ ਪਾਰਟੀ ਤੇ ਕਾਂਗਰਸ ਮਿਲ ਕੇ ਚੋਣਾਂ ਲੜ ਰਹੇ ਹਨ ਪਰ ਇਨ੍ਹਾਂ ਦੀ ਸੁਲ੍ਹਾ ਪੰਜਾਬ ਨੂੰ ਲੈ ਕੇ ਨੇਪਰੇ ਨਹੀਂ ਚੜ੍ਹੀ। ਪੰਜਾਬ ਦੇ ਦੋਵਾਂ ਪਾਰਟੀਆਂ ਦੇ ਲੀਡਰ ਹੀ ਇਕੱਲੇ ਚੋਣਾਂ ਲੜਨ ਦੀ ਗੱਲ ਕਹਿ ਰਹੇ ਸਨ। ਭਗਵੰਤ ਮਾਨ ਵੱਲੋਂ ਅਕਸਰ ਦਾਅਵਾ ਕੀਤਾ ਜਾਂਦਾ ਹੈ ਕਿ ਪੰਜਾਬ ਦੀਆਂ 13 ਦੀਆਂ 13 ਸੀਟਾਂ ਉੱਤੇ ਆਮ ਆਦਮੀ ਪਾਰਟੀ ਜਿੱਤ ਦਰਜ ਕਰੇਗੀ ਤੇ ਕਾਂਗਰਸ ਵੀ ਇਹੋ ਜਿਹਾ ਹੀ ਦਾਅਵਾ ਕਰਦੀ ਨਜ਼ਰ ਆ ਰਹੀ ਹੈ ਪਰ ਇਹ ਸੱਚ ਹੈ ਕਿ ਪੰਜਾਬ ਦੇ ਇਤਿਹਾਸ ਵਿੱਚ ਕਿਸੇ ਵੀ ਇੱਕ ਪਾਰਟੀ ਨੇ ਸਾਰੀਆਂ ਸੀਟਾਂ ਨਹੀਂ ਜਿੱਤੀਆਂ। ਹੁਣ ਤਾਂ ਆਉਣ ਵਾਲੇ ਕੁਝ ਹਫਤੇ ਸਾਫ਼ ਕਰ ਹੀ ਦੇਣਗੇ ਕਿ ਕਿਹੜੀ ਪਾਰਟੀ ਦੇ ਪੱਟਾਂ ਵਿੱਚ ਜ਼ਿਆਦਾ ਜ਼ੋਰ ਹੈ।




ਰਾਜਨੀਤਕ ਮਾਹਿਰਾਂ ਅਨੁਸਾਰ ਪੰਜਾਬ ਦੀ ਮੌਜੂਦਾ ਰਾਜਨੀਤੀ ਡਾਵਾਂਡੋਲ ਹੈ, ਕਿਉਂਕਿ ਅਜੇ ਨਾ ਤਾਂ ਇਹ ਪਤਾ ਹੈ ਕਿ ਕਿਸਾਨ ਅੰਦੋਲਨ ਕੀ ਰੁਖ਼ ਅਖ਼ਤਿਆਰ ਕਰੇਗਾ ਤੇ ਕਿਸਾਨ ਜਥੇਬੰਦੀਆਂ ਤੇ ਮੋਦੀ ਸਰਕਾਰ ਵਿਚਾਲੇ ਆਪਸੀ ਤਕਰਾਰ ਕਦੋਂ ਖ਼ਤਮ ਹੋਵੇਗੀ। ਦੂਸਰੇ ਪਾਸੇ ਅਕਾਲੀ ਦਲ-ਭਾਜਪਾ ਦਾ ਸਮਝੌਤਾ ਭਾਵੇਂ ਹਾਲ ਦੀ ਘੜੀ ਹੁੰਦਾ ਨਜ਼ਰ ਨਹੀਂ ਆ ਰਿਹਾ, ਪਰ ਅਜੇ ਵੀ ਇਸ ਦੇ ਆਸਾਰ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਏ। ਸੁਆਲ ਇਹ ਵੀ ਹੈ ਕਿ ਟਿਕਟਾਂ ਦੀ ਵੰਡ ਵੇਲੇ ਵੱਖ-ਵੱਖ ਪਾਰਟੀਆਂ ਦੀ ਆਪਸੀ ਫੁੱਟ ਕਿੰਨੀ ਕੁ ਵਧੇਗੀ? ਇਸ ਦੇ ਬਾਵਜੂਦ ਲੋਕ ਸਭਾ ਚੋਣਾਂ ਵਿੱਚ ਪੰਜਾਬ ਵਿੱਚ ਚਾਰਕੋਨਾ, ਪੰਜਕੋਣਾਂ ਮੁਕਾਬਲਾ ਹੋਣ ਦੇ ਆਸਾਰ ਵਧੇਰੇ ਜਾਪਦੇ ਹਨ। ਕਾਂਗਰਸ ਤੇ ‘ਆਪ’ ਤਾਂ ਪੰਜਾਬ ਵਿੱਚ ਵੱਖੋ-ਵੱਖ ਲੜਨ ਦਾ ਐਲਾਨ ਵੀ ਕਰ ਚੁੱਕੀਆਂ ਹਨ, ਸਿਮਰਨਜੀਤ ਸਿੰਘ ਮਾਨ ਦਾ ਅਕਾਲੀ ਦਲ ਚੋਣ ਲੜਨ ਦਾ ਐਲਾਨ ਕਰ ਚੁਕਾ ਹੈ ਅਤੇ ਭਾਜਪਾ ਤੇ ਅਕਾਲੀ ਦਲ ਦਰਮਿਆਨ ਵੀ ਹਾਲ ਦੀ ਘੜੀ ਸਮਝੌਤੇ ਦੇ ਆਸਾਰ ਘੱਟ ਹੀ ਨਜ਼ਰ ਆ ਰਹੇ ਹਨ।

ਸਿਆਸੀ ਹਲਕਿਆਂ ਵਿੱਚ ਚਰਚਾ ਹੋ ਰਹੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਅਜਿਹਾ ਮਹਿਸੂਸ ਹੋਣ ਲੱਗ ਪਿਆ ਹੈ ਕਿ ਭਾਜਪਾ ਨਾਲ ਗਠਜੋੜ ਕਰਨਾ ਨੁਕਸਾਨਦਾਇਕ ਸਿੱਧ ਹੋ ਸਕਦਾ ਹੈ। ਹਾਲਾਂ ਕਿ ਕੁਝ ਦਿਨ ਪਹਿਲਾਂ ਕਿਸਾਨ ਅੰਦੋਲਨ ਦੇ ਬਾਵਜੂਦ ਅਕਾਲੀ ਦਲ ਭਾਜਪਾ ਖ਼ਿਲਾਫ਼ ਬਚ ਕੇ ਬੋਲ ਰਿਹਾ ਸੀ। ਅਕਾਲੀ ਆਗੂਆਂ ਵੱਲੋਂ ਦਿੱਤੇ ਜਾ ਰਹੇ ਬਿਆਨਾਂ ਤੋਂ ਬਾਅਦ ਚਰਚਾ ਚੱਲ ਪਈ ਹੈ ਕਿ ਅਕਾਲੀ ਦਲ ਇਹ ਜ਼ਾਹਿਰ ਕਰਨ ਲੱਗ ਪਿਆ ਹੈ ਕਿ ਉਸ ਦਾ ਭਾਜਪਾ ਨਾਲ ਗਠਜੋੜ ਨਹੀਂ ਹੋ ਰਿਹਾ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਬਿਆਨ ਦਿੱਤਾ ਹੈ ਕਿ ਖਨੌਰੀ ਅਤੇ ਸ਼ੰਭੂ ਬਾਰਡਰ ’ਤੇ ਕਿਸਾਨਾਂ ’ਤੇ ਤਸ਼ੱਦਦ ਲਈ ਐੱਨ. ਡੀ. ਏ. ਅਤੇ ‘ਇੰਡੀਆ’ ਗਠਜੋੜ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਸੀ ਕਿ ਮੁੱਖ ਮੰਤਰੀ ਭਗਵੰਤ ਮਾਨ ਕਾਰਨ ਕੇਂਦਰ ਅਤੇ ਕਿਸਾਨਾਂ ਵਿਚਕਾਰ ਗੱਲਬਾਤ ਸਿਰੇ ਨਹੀਂ ਚੜ੍ਹ ਸਕੀ। ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪੰਜਾਬ ਦੇ ਹਿੱਤਾਂ ਨੂੰ ਧਿਆਨ ’ਚ ਰੱਖ ਕੇ ਹੀ ਕੋਈ ਵੀ ਫ਼ੈਸਲਾ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸਾਨੀ ਮੁੱਦੇ, ਘੱਟ ਗਿਣਤੀਆਂ ਦੇ ਮੁੱਦੇ ਨੂੰ ਅਣਗੌਲਾ ਨਹੀਂ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਵੀ ਏਮਜ਼ ਬਠਿੰਡਾ ਦੇ ਉਦਘਾਟਨੀ ਸਮਾਰੋਹ ਦੌਰਾਨ ਕਿਸਾਨ ਅੰਦੋਲਨ ਦਾ ਮੁੱਦਾ ਚੁੱਕਿਆ। ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਆਨਲਾਈਨ ਜੁੜੇ ਸਨ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਬਿਆਨ ਦੇ ਚੁੱਕੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਸਮਝਦਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਹਰਿਆਣਾ ਅਤੇ ਕੇਂਦਰ ਸਰਕਾਰਾਂ ਨਾਲ ਮਿਲੀਭੁਗਤ ਕਰ ਕੇ ਨਿਰਦੋਸ਼ ਅਤੇ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਕਿਸਾਨਾਂ ’ਤੇ ਜਬਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਪੰਜਾਬ ਦੇ ਕਿਸਾਨਾਂ ਨਾਲ ਅਪਰਾਧੀਆਂ ਵਾਂਗ ਸਲੂਕ ਕਰਨ ਲਈ ਕੇਂਦਰ ਨਾਲ ਰਲ ਕੇ ਸਾਜ਼ਿਸ਼ ਰਚਣਾ ਬੰਦ ਕਰਨ ਅਤੇ ਡਾ. ਐੱਮ. ਐੱਸ. ਸਵਾਮੀਨਾਥਨ ਦੀ ਧੀ ਮਧੁਰਾ ਸਵਾਮੀਨਾਥਨ ਦੀ ਸਲਾਹ ਮੰਨਣੀ ਚਾਹੀਦੀ ਹੈ।

ਅਕਾਲੀ ਆਗੂ ਅਰਸ਼ਦੀਪ ਸਿੰਘ ਕਲੇਰ ਨੇ ਕਿਹਾ ਕਿ ਸਾਡਾ ਪਹਿਲਾਂ ਵੀ ਭਾਜਪਾ ਨਾਲ ਗਠਜੋੜ ਪੰਜਾਬ ਦੇ ਮੁੱਦਿਆਂ ਨੂੰ ਲੈ ਕੇ ਸੀ ਅਤੇ ਕਿਸਾਨਾਂ ਦੇ ਮੁੱਦਿਆਂ ਨੂੰ ਲੈ ਕੇ ਗਠਜੋੜ ਟੁੱਟਿਆ ਸੀ। ਜੇ ਪੰਜਾਬ ਦੇ ਅਹਿਮ ਮੁੱਦੇ ਭਾਵੇਂ ਉਹ ਬੰਦੀ ਸਿੰਘਾਂ ਦਾ ਹੋਵੇ ਜਾਂ ਕਿਸਾਨਾਂ ਦਾ, ਜੇ ਉਨ੍ਹਾਂ ਦਾ ਹੱਲ ਨਹੀਂ ਹੋਵੇਗਾ ਤਾਂ ਗਠਜੋੜ ਕਿਵੇਂ ਹੋ ਸਕਦਾ ਹੈ।

ਇੱਕ ਗੱਲ ਸਪੱਸ਼ਟ ਹੈ ਕਿ ਪੰਜਾਬ ਵਿਚ ਅਕਾਲੀ ਦਲ ਨਾਲ ਚੋਣ ਸਮਝੌਤਾ ਕਰਨ ’ਤੇ ਜ਼ਿਆਦਾ ਜ਼ੋਰ ਭਾਜਪਾ ਦੇ ਨੇਤਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤਾਂ ਸਾਫ਼ ਤੇ ਸਪੱਸ਼ਟ ਤੌਰ ’ਤੇ ਸਮਝੌਤਾ ਕਰਨ ਦੇ ਹੱਕ ਵਿੱਚ ਬੋਲ ਚੁੱਕੇ ਹਨ, ਉਹ ਤਾਂ ਇਹ ਵੀ ਕਹਿ ਗਏ ਕਿ ਪੰਜਾਬ ਭਾਜਪਾ ਦੇ ਮੌਜੂਦਾ ਪ੍ਰਧਾਨ ਸੁਨੀਲ ਜਾਖੜ ਵੀ ਅਕਾਲੀ ਦਲ ਨਾਲ ਸਮਝੌਤੇ ਦੇ ਪੱਖ ਵਿੱਚ ਹਨ। ਇਥੋਂ ਤੱਕ ਕਿ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਖ਼ੁਦ ਵੀ ਅਕਾਲੀ ਦਲ ਨਾਲ ਸਮਝੌਤੇ ਦੀ ਗੱਲ ਚਲਦੀ ਹੋਣ ਬਾਰੇ ਬਿਆਨ ਦੇ ਚੁੱਕੇ ਹਨ। ਇਸ ਦੇ ਉਲਟ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਸ ਮਾਮਲੇ ’ਤੇ ਚੁੱਪ ਹਨ ਤੇ ਸੰਭਲ-ਸੰਭਲ ਕੇ ਚੱਲ ਰਹੇ ਹਨ। ਉਹ ਇਕੱਲੇ ਚੋਣ ਲੜਨ ਦੀਆਂ ਤਿਆਰੀਆਂ ਕਰ ਰਹੇ ਹਨ ਤੇ ਇਸੇ ਲਈ ਹੀ ਉਹ ਆਪਣੀ ‘ਪੰਜਾਬ ਬਚਾਓ ਯਾਤਰਾ’ ਜਲਦੀ ਹੀ ਫਿਰ ਤੋਂ ਸ਼ੁਰੂ ਕਰਨ ਜਾ ਰਹੇ ਹਨ। ਇਹ ਸੱਚ ਹੈ ਕਿ ਕਿਸਾਨ ਮੋਰਚੇ ਨੇ ਅਕਾਲੀ ਦਲ-ਭਾਜਪਾ ਸਮਝੌਤੇ ਵਿੱਚ ਖੜੋਤ ਲਿਆਂਦੀ ਹੈ। ਜੇਕਰ ਕੇਂਦਰ ਸਰਕਾਰ ਨੇ ਇਸ ਮੋਰਚੇ ਨਾਲ ਨਜਿੱਠਣ ਵਿੱਚ ਕੋਈ ਦਿਲਚਸਪੀ ਦਿਖਾਈ ਅਤੇ ਉਹ ਅਕਲਮੰਦੀ ਤੋਂ ਕੰਮ ਲੈਂਦਿਆਂ ‘ਦਿੱਲੀ ਕੂਚ’ ਵਾਲੀਆਂ ਧਿਰਾਂ ਦੇ ਨਾਲ-ਨਾਲ ਕਿਸਾਨਾਂ ਦੇ ਸੰਯੁਕਤ ਮੋਰਚੇ, ਜਿਸ ਵਿੱਚ ਬਲਬੀਰ ਸਿੰਘ ਰਾਜੇਵਾਲ, ਹਰਿੰਦਰ ਸਿੰਘ ਲੱਖੋਵਾਲ, ਡਾ. ਦਰਸ਼ਨ ਪਾਲ ਤੇ ਹੋਰ ਧਿਰਾਂ ਸ਼ਾਮਿਲ ਹਨ ਅਤੇ ਕਿਸਾਨ ਮੰਗਾਂ ਵਿੱਚ ਸੰਯੁਕਤ ਮੋਰਚੇ ਤੋਂ ਵੱਖਰੇ ਤੌਰ ’ਤੇ ਵਿਚਰਨ ਵਾਲੀ ਪਰ ਮੰਗਾਂ ਦੇ ਹੱਕ ਵਿੱਚ ਸਟੈਂਡ ਲੈਣ ਵਾਲੀ ਕਿਸਾਨ ਜਥੇਬੰਦੀ ਬੀ.ਕੇ.ਯੂ. ਉਗਰਾਹਾਂ ਨੂੰ ਵੀ ਗੱਲਬਾਤ ਦੀ ਮੇਜ਼ ’ਤੇ ਬੁਲਾ ਕੇ ਕੁਝ ਕਿਸਾਨ ਤੇ ਪੰਜਾਬ ਪੱਖੀ ਫ਼ੈਸਲਾ ਲੈਂਦੀ ਹੈ ਤਾਂ ਅਕਾਲੀ ਦਲ ਲਈ ਭਾਜਪਾ ਨਾਲ ਸਮਝੌਤਾ ਕਰਨਾ ਸੌਖਾ ਹੋ ਜਾਵੇਗਾ। ਪਰ ਅਜਿਹਾ ਰੁਝਾਨ ਦਿਖਾਈ ਨਹੀਂ ਦੇ ਰਿਹਾ।

(ਬਾਕੀ ਸਫ਼ਾ 31 ’ਤੇ)

## ਕਿਸਾਨ ਅੰਦੋਲਨ ਕਾਰਨ ਚਿੰਤਾ ਵਿੱਚ ਭਾਜਪਾ

### ਲੋਕ ਸਭਾ ਚੋਣਾਂ ਲਈ ਸੁਨੀਲ ਜਾਖੜ ਨੂੰ ਸੌਂਪੀ ਜ਼ਿੰਮੇਵਾਰੀ



ਚੰਡੀਗੜ੍ਹ/ਏ.ਟੀ.ਨਿਊਜ਼ : ਕਿਸਾਨ ਅੰਦੋਲਨ ਨੇ ਭਾਰਤੀ ਜਨਤਾ ਪਾਰਟੀ ਦੀ ਚਿੰਤਾ ਨੂੰ ਵਧਾ ਦਿੱਤਾ ਹੈ। ਇਸ ਲਈ ਭਾਜਪਾ ਨੇ ਰਾਜ ਚੋਣ ਪ੍ਰਬੰਧਨ ਕਮੇਟੀ ਬਣਾਈ ਹੈ, ਜਿਸ ਦੀ ਕਮਾਨ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਖ਼ੁਦ ਸੰਭਾਲੀ ਹੈ। ਇਸ ਦੇ ਨਾਲ ਹੀ 38 ਕਮੇਟੀਆਂ ਦਾ ਗਠਨ ਕੀਤਾ ਗਿਆ ਹੈ, ਜਿਸ ’ਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਧੀ ਜੈ ਇੰਦਰ ਕੌਰ ਨੂੰ ਵੀ ਮਹਿਲਾ ਪ੍ਰਚਾਰ ਕਮੇਟੀ ਦਾ ਮੁਖੀ ਨਿਯੁਕਤ ਕੀਤਾ ਗਿਆ ਹੈ। ਸੁਨੀਲ ਜਾਖੜ ਇਸ ਕਮੇਟੀ ਦੇ ਚੇਅਰਮੈਨ ਅਤੇ ਕਨਵੀਨਰ ਹਨ, ਜਦੋਂ ਕਿ ਰਾਕੇਸ਼ ਰਾਠੌਰ, ਅਨਿਲ ਸਰੀਨ ਅਤੇ ਦਿਆਲ ਸੋਢੀ ਨੂੰ ਕੋ-ਕਨਵੀਨਰ ਨਿਯੁਕਤ ਕੀਤਾ ਗਿਆ ਹੈ। ਭਾਜਪਾ ਨੇ 3 ਸੀਨੀਅਰ ਆਗੂਆਂ ਨੂੰ ਚੋਣ ਮਨੋਰਥ ਪੱਤਰ ਵਿਭਾਗ ਦੇ ਮੁਖੀ ਵਜੋਂ ਨਿਯੁਕਤ ਕੀਤਾ ਹੈ। ਇਸ ਵਿੱਚ ਸੋਮ ਪ੍ਰਕਾਸ਼, ਅਵਿਨਾਸ਼ ਰਾਏ ਖੰਨਾ ਅਤੇ ਅਸ਼ਵਨੀ ਸੇਖੜੀ ਮੁੱਖ ਭੂਮਿਕਾ ’ਚ ਹੋਣਗੇ। ਉਨ੍ਹਾਂ ਦੀ ਮਦਦ ਲਈ ਸੁਰਜੀਤ ਜਿਆਣੀ, ਜੰਗੀ ਲਾਲ ਮਹਾਜਨ, ਫਤਿਹਜੰਗ ਬਾਜਵਾ, ਐੱਸ. ਐੱਸ. ਚੰਨੀ, ਅਸ਼ਵਨੀ ਸ਼ਰਮਾ, ਸ਼ਵੇਤ ਮਲਿਕ ਅਤੇ ਚਰਨਜੀਤ ਸਿੰਘ ਅਟਵਾਲ ਨੂੰ ਕੋ-ਪ੍ਰਧਾਨ ਬਣਾਇਆ ਗਿਆ।

# ‘ਈਕੋ ਟੂਰਿਜ਼ਮ ਨੀਤੀ’ ਦਾ ਫ਼ਾਇਦਾ ਸਿਰ.ਫ ਬਾਦਲ ਪਰਿਵਾਰ ਨੂੰ ਮਿਲਿਆ: ਭਗਵੰਤ ਮਾਨ

## ਸੁੱਖ ਵਿਲਾਸ ਹੋਟਲ ਨੂੰ ਟੈਕਸਾਂ ’ਚ ਦਿੱਤੀ ਛੋਟ ਨਾਲ ਖ਼ਜ਼ਾਨੇ ਨੂੰ ਵਿੱਤੀ ਸੱਟ ਵੱਜਣ ਦਾ ਮੁੱਖ ਮੰਤਰੀ ਵੱਲੋਂ ਦਾਅਵਾ

ਚੰਡੀਗੜ੍ਹ/ਏ.ਟੀ.ਨਿਊਜ਼:ਜਿਵੇਂ ਜਿਵੇਂ ਲੋਕ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਉਸੇ ਤਰ੍ਹਾਂ ਹੀ ਸਿਆਸਤ ਵਿੱਚ ਸਿਆਸੀ ਪਾਰਟੀਆਂ ਅਤੇ ਆਗੂਆਂ ਵੱਲੋਂ ਇੱਕ ਦੂਜੇ ਨੂੰ ਠਿੱਬੀ ਲਗਾਉਣ ਦਾ ਰੁਝਾਨ ਵੱਧ ਗਿਆ ਹੈ। ਪੰਜਾਬ ਦੀ ਸੱਤਾਧਾਰੀ ਪਾਰਟੀ ‘ਆਪ’ ਵੱਲੋਂ ਹੁਣ ਬਾਦਲ ਪਰਿਵਾਰ ਦੀ ਮਾਲਕੀ ਵਾਲੇ ਸੁਖ ਵਿਲਾਸ ਸਬੰਧੀ ਜਾਂਚ ਕਰਵਾਉਣ ਨੂੰ ਵੀ ਅਗਲੀਆਂ ਲੋਕ ਸਭਾ ਚੋਣਾਂ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਅਗਾਮੀ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਬਾਦਲ ਪਰਿਵਾਰ ਨੂੰ ਸਿਆਸੀ ਮੁਹਾਜ਼ ’ਤੇ ਘੇਰਨ ਲਈ ਪਹਾੜਾਂ ਦੀ ਜੱਦ ਵਿੱਚ ਪੈਂਦੇ ਸੁੱਖ ਵਿਲਾਸ ਹੋਟਲ ਨੂੰ ਕਰੋੜਾਂ ਰੁਪਏ ਦੇ ਟੈਕਸਾਂ ’ਚ ਛੋਟ ਦੇਣ ਲਈ ਬਣਾਈ ‘ਈਕੋ ਟੂਰਿਜ਼ਮ ਨੀਤੀ’ ਉੱਤੇ ਉਂਗਲ ਉਠਾਈ ਹੈ। ਉਨ੍ਹਾਂ ਕਿਹਾ ਕਿ ਇਹ ਨੀਤੀ ਸਿਰਫ਼ ਇੱਕੋ ਸੁੱਖ ਵਿਲਾਸ ਹੋਟਲ ਲਈ ਬਣਾਈ ਗਈ ਜਿਸ ਤਹਿਤ ਬਾਦਲ ਪਰਿਵਾਰ ਦੀ ਮਾਲਕੀ ਵਾਲੇ ਇਸ ਹੋਟਲ ਨੂੰ ਸਰਕਾਰੀ ਖ਼ਜ਼ਾਨੇ ’ਚੋਂ 108 ਕਰੋੜ ਰੁਪਏ ਦੇ ਟੈਕਸਾਂ ਦੀ ਛੋਟ ਦਿੱਤੀ ਗਈ। ਮੁੱਖ ਮੰਤਰੀ ਨੇ ਮੀਡੀਆ ਕੋਲ ਖੁਲਾਸਾ ਕੀਤਾ ਕਿ ‘ਈਕੋ ਟੂਰਿਜ਼ਮ ਨੀਤੀ’ ਦਾ ਫ਼ਾਇਦਾ ਸਿਰਫ਼ ਬਾਦਲ ਪਰਿਵਾਰ ਨੂੰ ਮਿਲਿਆ। ਉਨ੍ਹਾਂ ਕਿਹਾ ਕਿ ਟੈਕਸਾਂ ’ਚ ਦਿੱਤੀ ਛੋਟ ਨਾਲ



ਖ਼ਜ਼ਾਨੇ ਨੂੰ ਵਿੱਤੀ ਸੱਟ ਵੱਜੀ ਹੈ ਜਿਸ ਕਰਕੇ ਉਹ ਇਸ ਨੀਤੀ ਨੂੰ ਘੜਨ ਵਾਲਿਆਂ ਜਿਨ੍ਹਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਤਤਕਾਲੀ ਕੈਬਨਿਟ ਮੰਤਰੀ ਵੀ ਹਨ, ਖਿਲਾਫ਼ ਐਕਸ਼ਨ ਲੈਣਗੇ। ਜਦੋਂ ਇਹ ਨੀਤੀ ਬਣੀ ਉਦੋਂ ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਸਨ। ਉਨ੍ਹਾਂ ਕਿਹਾ ਕਿ ਇਸ ਨੀਤੀ ਨੂੰ ਘੜਨ ਵਾਲੇ ਅਫ਼ਸਰਾਂ ਖ਼ਿਲਾਫ਼ ਵੀ ਕਾਰਵਾਈ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਈਕੋ ਟੂਰਿਜ਼ਮ ਨੀਤੀ ਦੀ ਘੋਖ ਕਰਨ ਵਾਸਤੇ ਐਡਵੋਕੇਟ ਜਨਰਲ ਨੂੰ ਹਦਾਇਤ ਕੀਤੀ ਹੈ ਤਾਂ ਜੋ ਪਤਾ ਲੱਗ ਸਕੇ ਕਿ ਕਿਵੇਂ ਇੱਕ ਪਰਿਵਾਰ ਨੂੰ ਨਿੱਜੀ ਲਾਭ ਦੇਣ ਖਾਤਰ ਨਿਯਮਾਂ ਨੂੰ ਤੋੜਿਆ ਮਰੋੜਿਆ ਗਿਆ। ਉਨ੍ਹਾਂ ਦੱਸਿਆ ਕਿ ਏਜੀ ਦੀ ਕਾਨੂੰਨੀ ਸਲਾਹ ਮਗਰੋਂ ਉਨ੍ਹਾਂ ਸਭਨਾਂ ਖ਼ਿਲਾਫ਼ ਕਾਰਵਾਈ ਲਈ ਕਦਮ ਵਧਾਏ ਜਾਣਗੇ ਜੋ ਲੋਕਾਂ ਦੇ ਪੈਸੇ ਦੀ ਲੁੱਟ ਵਿੱਚ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਤਤਕਾਲੀ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੇ ਬਾਦਲ ਪਰਿਵਾਰ ਨੂੰ ਫ਼ਾਇਦਾ ਦੇਣ ਲਈ ਇਸ ਹੋਟਲ ਦੇ ਨਿਰਮਾਣ ਵਾਸਤੇ ਨਿਯਮਾਂ ਵਿੱਚ ਭੰਨ ਤੋੜ ਕਰਕੇ ਈਕੋ ਟੂਰਿਜ਼ਮ ਨੀਤੀ 2009 ਬਣਾਈ। ਮੁੱਖ ਮੰਤਰੀ ਨੇ ਵੇਰਵੇ ਸਾਂਝੇ ਕੀਤੇ ਕਿ ਇਸ ਰਿਜ਼ੌਰਟ ਦਾ 10 ਸਾਲਾਂ ਲਈ ਐੱਸਜੀਐੱਸਟੀ ਤੇ ਵੈਟ ਦਾ 75-75 ਫ਼ੀਸਦੀ ਹਿੱਸਾ ਮੁਆਫ਼ ਕੀਤਾ ਗਿਆ ਜੋ ਕਿ 85 ਕਰੋੜ ਰੁਪਏ ਬਣਦਾ ਹੈ। ਦਸ ਸਾਲ ਲਈ ਹੀ ਸੌ ਫ਼ੀਸਦੀ ਬਿਜਲੀ ਕਰ ਮੁਆਫ਼ ਕੀਤਾ ਜੋ ਕਿ 11.44 ਕਰੋੜ ਰੁਪਏ ਬਣਦਾ ਹੈ ਅਤੇ ਇਸੇ ਤਰ੍ਹਾਂ 11 ਕਰੋੜ ਦਾ ਲਗਜ਼ਰੀ ਟੈਕਸ ਅਤੇ ਲਾਇਸੈਂਸ ਫ਼ੀਸ ਮੁਆਫ਼ ਕੀਤੀ ਗਈ। ਇਸ ਰਿਜ਼ੌਰਟ ਦਾ 11 ਮਈ 2015 ਤੋਂ 10 ਮਈ 2025 ਤੱਕ ਦੇ ਸਮੇਂ ਦਾ ਟੈਕਸ ਮੁਆਫ਼ ਕੀਤਾ ਗਿਆ ਹੈ।

(ਬਾਕੀ ਸਫ਼ਾ 30 ’ਤੇ)

# ਕੀ ਮਿਲ ਸਕੇਗਾ ਸ਼ੁਭਕਰਨ ਨੂੰ ਇਨਸਾਫ਼ ?

## ਸ਼ੁਭਕਰਨ ਸਿੰਘ ਦੇ ਕਾਤਲ ਦੋਸ਼ੀਆਂ ਖ਼ਿਲਾਫ਼ ਕਮਜ਼ੋਰ ਐਫ.ਆਰ.ਆਈ. ਦਰਜ

## ਮੌਤ ਸਿਰਫ਼ ਸਿਰ ਵਿੱਚ ਲੱਗੀ ਇੱਕ ਗੋਲ਼ੀ ਕਰਕੇ ਨਹੀਂ ਹੋਈ ਬਲਕਿ ਸਿਰ ਵਿੱਚ ਪੈਲੇਟ ਗੰਨ ਦੇ ਕਈ ਮੈਟਲ ਮਿਲੇ

21 ਫਰਵਰੀ ਨੂੰ ਦਿੱਲੀ ਕੂਚ ਕਰੋ ਅੰਦੋਲਨ ਦੌਰਾਨ ਖਨੌਰੀ ਬਾਰਡਰ 'ਤੇ ਸ਼ਹੀਦ ਹੋਏ ਨੌਜਵਾਨ ਸ਼ੁਭਕਰਨ ਸਿੰਘ ਦਾ 8ਵੇਂ ਦਿਨ ਬੀਤੇ ਬੁੱਧਵਾਰ ਨੂੰ ਦੇਰ ਰਾਤ ਪੋਸਟਮਾਰਟਮ ਕਰ ਦਿੱਤਾ ਗਿਆ ਸੀ। ਪੁਲਿਸ ਵੱਲੋਂ ਪਰਿਵਾਰਕ ਮੈਂਬਰਾਂ ਦੇ ਬਿਆਨ ਕਲਮਬੱਧ ਕਰਨ ਉਪਰੰਤ ਐੱਫ.ਆਰ.ਆਈ. ਦਰਜ ਕਰ ਕੇ ਸਰਕਾਰੀ ਰਾਜਿੰਦਰਾ ਹਸਪਤਾਲ ਵਿੱਚ ਭਾਰੀ ਸੁਰੱਖਿਆ ਪ੍ਰਬੰਧਾਂ ਦੌਰਾਨ ਸਾਰੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ। ਪੁਲਿਸ ਕਾਰਵਾਈ ਉਪਰੰਤ ਪੰਜ ਮੈਂਬਰੀ ਡਾਕਟਰੀ ਬੋਰਡ ਵੱਲੋਂ ਸ਼ੁਭਕਰਨ ਸਿੰਘ ਪੋਸਟਮਾਰਟਮ ਕੀਤਾ ਗਿਆ।ਸਾਰਾ ਦਿਨ ਕਿਸਾਨ ਆਗੂਆਂ ਤੇ ਪੁਲਿਸ ਪ੍ਰਸ਼ਾਸਨ ਨਾਲ ਹੋਈਆਂ ਮੀਟਿੰਗਾਂ ਉਪਰੰਤ ਪੁਲਿਸ ਵੱਲੋਂ ਜ਼ੀਰੋ ਐੱਫ.ਆਰ.ਆਈ. ਦਰਜ ਕਰਨ ਦੇ ਦਿੱਤੇ ਭਰੋਸੇ ਉਪਰੰਤ ਜਥੇਬੰਦੀਆਂ ਤੇ ਪਰਿਵਾਰਕ ਮੈਂਬਰ ਸਹਿਮਤ ਹੋਏ, ਜਿਸ ਦੌਰਾਨ ਸ਼ੁਭਕਰਨ ਸਿੰਘ ਦੇ ਪਰਿਵਾਰਕ ਮੈਂਬਰਾਂ ਵੱਲੋਂ ਐੱਸ.ਐੱਸ.ਪੀ. ਬਠਿੰਡਾ ਅਤੇ ਐੱਸ.ਐੱਸ.ਪੀ. ਪਟਿਆਲਾ ਦੀ ਹਾਜ਼ਰੀ ਵਿੱਚ ਬਿਆਨ ਦਰਜ ਕਰਵਾਏ ਗਏ, ਜਿਸ ਤੋਂ ਬਾਅਦ ਰਾਜਿੰਦਰਾ ਹਸਪਤਾਲ ਪਟਿਆਲਾ ਵਿੱਚ ਲੰਬਾ ਸਮਾਂ ਚੱਲੀ ਕਾਗਜ਼ੀ ਕਾਰਵਾਈ ਤੋਂ ਬਾਅਦ ਪੋਸਟ ਮਾਰਟਮ ਹੋਇਆ। ਇਸ ਮੌਕੇ ਜਾਣਕਾਰੀ ਦਿੰਦਿਆਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਦੱਸਿਆ ਕਿ ਪੁਲਿਸ ਵੱਲੋਂ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਐੱਫ.ਆਰ.ਆਈ. ਦਰਜ ਕਰ ਲਈ ਗਈ ਹੈ।

**ਕਿੰਨੀ ਕਮਜ਼ੋਰ ਹੈ ਜ਼ੀਰੋ ਐਫ. ਆਈ. ਆਰ. ?**

ਪੋਸਟਮਾਰਟਮ ਤੋਂ ਬਾਅਦ ਸ਼ੁਭਕਰਨ ਦੀ ਮੌਤ ਨੂੰ ਲੈ ਕੇ ਵੱਡਾ ਖੁਲਾਸਾ ਹੋਇਆ ਹੈ। ਉਸ ਦੀ ਮੌਤ ਸਿਰਫ਼ ਸਿਰ ਵਿੱਚ ਲੱਗੀ ਇੱਕ ਗੋਲੀ ਕਰਕੇ ਨਹੀਂ ਹੋਈ ਬਲਕਿ ਉਸ ਦੇ ਸਿਰ ਵਿੱਚ ਪੈਲੇਟ ਗੰਨ ਦੇ ਕਈ ਮੈਟਲ ਮਿਲੇ ਹਨ। ਹਿੰਦੁਸਤਾਨ ਟਾਈਮਜ਼ ਦੀ ਰਿਪੋਰਟ ਦੇ ਮੁਤਾਬਿਕ ਸ਼ੁਭਕਰਨ ਦੇ ਸਿਰ ਦਾ ਜਦੋਂ ਸੀਟੀ ਸਕੈਨ ਹੋਇਆ ਤਾਂ ਉਸ ਦੇ ਸਿਰ ਵਿੱਚ ਕਈ ਪੈਲੇਟ ਮਿਲੇ ਸਨ। ਇਹ ਉਹ ਹੀ ਪੈਲੇਟ ਗੰਨ ਦੇ ਛਰ੍ਹੇ ਸਨ ਜੋ ਕਈ ਕਿਸਾਨਾਂ ਦੇ ਸਰੀਰ ਤੋਂ ਮਿਲੇ ਸਨ,ਜਿਸ ਨਾਲ ਕਈ ਕਿਸਾਨ ਜ਼ਖਮੀ ਹੋਏ ਸਨ। ਪੋਸਟਮਾਰਟਮ ਰਿਪੋਰਟ ਵਿੱਚ ਇਹ ਵੀ ਸਾਹਮਣੇ ਆਇਆ ਹੈ ਸ਼ੁਭਕਰਨ ਦੀ ਖੋਪੜੀ ਦੇ ਸਭ ਤੋਂ ਪਿਛਲੇ ਹਿੱਸੇ ਵਿੱਚ ਸੱਟ ਦੇ ਨਿਸ਼ਾਨ ਹਨ, ਜਦਕਿ ਸਰੀਰ ਦੇ ਕਿਸੇ ਹੋਰ ਹਿੱਸੇ ਵਿੱਚ ਸੱਟ ਦਾ ਕੋਈ ਨਿਸ਼ਾਨ ਨਹੀਂ ਸੀ। ਡਾਕਟਰਾਂ ਦਾ ਦਾਅਵਾ ਹੈ ਕਿ ਅਸੀਂ ਰਿਪੋਰਟ ਪੁਲਿਸ ਨੂੰ ਸੌਂਪ ਦਿੱਤੀ ਹੈ, ਪਰ ਅਧਿਕਾਰੀ ਹੁਣ ਵੀ ਇਸ ਰਿਪੋਰਟ ਨੂੰ ਲੈ ਕੇ ਕੁਝ ਵੀ ਜਾਣਕਾਰੀ ਸਾਂਝੀ ਕਰਨ ਤੋਂ ਪਰਹੇਜ਼ ਕਰ ਰਹੇ ਹਨ।

ਡਾਕਟਰਾਂ ਮੁਤਾਬਿਕ ਸ਼ੁਭਕਰਨ ਦੇ ਸਿਰ ਤੋਂ ਪੈਲੇਟ ਦੇ ਜਿਹੜੇ ਮੈਟਲ ਦੇ ਛਰ੍ਹੇ ਮਿਲੇ ਹਨ ਉਹ ਵੀ ਪੁਲਿਸ ਨੂੰ ਸੌਂਪ ਦਿੱਤੇ ਗਏ ਹਨ। ਜਿਸ ਨੂੰ ਹੁਣ ਬੈਲਸਟਿਕ ਮਾਹਿਰ ਕੋਲ ਭੇਜਿਆ ਜਾਵੇਗਾ ਤਾਂ ਕਿ ਉਹ ਇਸ ਚੀਜ਼ ਦਾ ਪਤਾ ਲੱਗਾ ਸਕਣ ਜਿਸ ਹਥਿਆਰ ਤੋਂ ਇਹ ਫਾਇਰ ਕੀਤੇ ਗਏ ਹਨ।





### ਹਰਿਆਣਾ ਪੁਲਿਸ ਕਿਸਾਨਾਂ ਨਾਲ ਅੱਤਵਾਦੀਆਂ ਵਰਗਾ ਵਿਹਾਰ ਕਰਨ ਲੱਗੀ

#### ਦਿੱਲੀ ਚੱਲੋ ਅੰਦੋਲਨ ਦੇ ਪ੍ਰਦਰਸ਼ਨਕਾਰੀਆਂ ਦੀ ਪਛਾਣ ਕੀਤੀ, ਪਾਸਪੋਰਟ ਤੇ ਵੀਜ਼ੇ ਰੱਦ ਕਰਾਉਣ ਦਾ ਫ਼ੈਸਲਾ

ਚੰਡੀਗੜ੍ਹ/ਏ.ਟੀ.ਨਿਊਜ਼ : ਹਰਿਆਣਾ ਪੁਲਿਸ ਨੇ ਕਿਸਾਨਾਂ ਦੇ ਦਿੱਲੀ ਚੱਲੋ ਅੰਦੋਲਨ ਦੌਰਾਨ ਕਥਿਤ ਹਿੰਸਾ ਵਿੱਚ ਸ਼ਾਮਲ ਪ੍ਰਦਰਸ਼ਨਕਾਰੀਆਂ ਅਤੇ ਪੰਜਾਬ-ਹਰਿਆਣਾ ਸਰਹੱਦ 'ਤੇ ਜਨਤਕ ਜਾਇਦਾਦਾਂ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਦੇ ਪਾਸਪੋਰਟ ਅਤੇ ਵੀਜ਼ੇ ਰੱਦ ਕਰਨ ਦਾ ਫੈਸਲਾ ਕੀਤਾ ਹੈ। ਇਥੋਂ ਤੱਕ ਕਿਸਾਨਾਂ ਦੇ ਘਰ ਸਰਕਾਰੀ ਨੋਟਿਸ ਲਗਾਕੇ ਇੰਝ ਛਾਪੇ ਮਾਰਨੇ ਸ਼ੁਰੂ ਕੀਤੇ ਹਨ ਜਿਵੇਂ ਕਿ ਉਹ ਅੱਤਵਾਦੀ ਹੋਣ। ਇਹ ਕਿਸਾਨ ਘਰਾਂ ਤੋਂ ਗਾਇਬ ਹਨ। ਡੀਐੱਸਪੀ ਅੰਬਾਲਾ ਜੋਗਿੰਦਰ ਸ਼ਰਮਾ ਨੇ ਕਿਹਾ, 'ਅਸੀਂ ਮੰਤਰਾਲੇ ਅਤੇ ਸਫ਼ਾਰਤਖ਼ਾਨੇ ਨੂੰ ਉਨ੍ਹਾਂ ਦੇ ਵੀਜ਼ੇ ਅਤੇ ਪਾਸਪੋਰਟ ਰੱਦ ਕਰਨ ਦੀ ਬੇਨਤੀ ਕਰਾਂਗੇ। ਉਨ੍ਹਾਂ ਦੀ ਫੋਟੋ, ਨਾਮ ਅਤੇ ਪਤਾ ਪਾਸਪੋਰਟ ਦਫ਼ਤਰ ਨੂੰ ਦਿੱਤਾ ਜਾਵੇਗਾ। ਅਸੀਂ ਉਨ੍ਹਾਂ ਦੇ ਪਾਸਪੋਰਟ ਰੱਦ ਕਰਨ 'ਤੇ ਕੰਮ ਕਰ ਰਹੇ ਹਾਂ।' ਅਸੀਂ ਕਿਸਾਨਾਂ ਦੇ ਵਿਰੋਧ ਦੇ ਨਾਂ 'ਤੇ ਹਿੰਸਾ 'ਚ ਸ਼ਾਮਲ ਪੰਜਾਬ ਤੋਂ ਹਰਿਆਣਾ 'ਚ ਆਉਣ ਵਾਲਿਆਂ ਦੀ ਪਛਾਣ ਕੀਤੀ ਹੈ। ਅਸੀਂ ਉਨ੍ਹਾਂ ਦੀ ਪਛਾਣ ਸੀਸੀਟੀਵੀ ਕੈਮਰਿਆਂ ਅਤੇ ਡਰੋਨ ਕੈਮਰਿਆਂ ਨਾਲ ਕੀਤੀ ਹੈ।'

ਹਿੰਦੁਸਤਾਨ ਟਾਈਮਜ਼ ਦੀ ਰਿਪੋਰਟ ਦੇ ਮੁਤਾਬਿਕ ਸ਼ੁਭਕਰਨ ਦੇ ਕੇਸ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਯਸ਼ਪਾਲ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਨੇ ਹੁਣ ਤੱਕ ਪੋਸਟਮਾਰਟਮ ਰਿਪੋਰਟ ਨਹੀਂ ਪੜ੍ਹੀ ਹੈ। ਉਧਰ ਹਰਿਆਣਾ ਦੇ ਪਾਸੇ ਗੜ੍ਹੀ ਪੁਲਿਸ ਸਟੇਸ਼ਨ ਦੇ ਅਫਸਰ ਸੁਰੇਮ ਕੁਮਾਰ ਨੇ ਵੀ ਕਿਹਾ ਅਸੀਂ ਪੋਸਟਮਾਰਟਮ ਰਿਪੋਰਟ ਨਹੀਂ ਵੇਖੀ ਹੈ,ਮਿਲਣ ਤੋਂ ਬਾਅਦ ਹੀ ਇਸ 'ਤੇ ਜਵਾਬ ਦੇਵਾਂਗੇ।

**ਰਾਜਨੀਤਕ ਆਗੂਆਂ ਵੱਲੋਂ ਮੁੱਖ ਮੰਤਰੀ ਦਾ ਵਿਰੋਧ**

28 ਤਰੀਕ ਦੇਰ ਰਾਤ ਸ਼ੁਭਕਰਨ ਦੇ ਕਾਤਲਾ ਖ਼ਿਲਾਫ਼ ਜ਼ੀਰੋ ਐਫ.ਆਈ.ਆਰ. ਦਰਜ ਕਰਕੇ ਉਸ ਦਾ ਪੋਸਟਮਾਰਟਮ ਕੀਤਾ ਗਿਆ ਸੀ। ਹਾਲਾਂ ਕਿ ਇਸ ਵਿੱਚ ਕਾਤਲਾਂ ਦਾ ਨਾਂ ਅਣਪਛਾਤੇ ਲਿਖਿਆ ਗਿਆ ਸੀ। ਜਿਸ ਨੂੰ ਲੈ ਕੇ ਕਿਸਾਨ ਆਗੂ ਅਤੇ ਸਿਆਸਤਦਾਨਾਂ ਨੇ ਵੀ ਕਰੜਾ ਇਤਰਾਜ਼ ਜ਼ਾਹਿਰ ਕੀਤਾ ਸੀ। ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਭਗਵੰਤ ਮਾਨ ਨੇ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੇ ਕਤਲ ਦੇ ਮਾਮਲੇ ਵਿੱਚ ਜੋ ਐਫ.ਆਈ.ਆਰ. ਦਰਜ ਕੀਤੀ ਹੈ, ਉਹ ਕਿਸੇ ਵੀ ਅਦਾਲਤੀ ਪਰਖ ਦੀ ਕਸਵੱਟੀ 'ਤੇ ਖਰੀ ਨਹੀਂ ਉਤਰਣ ਵਾਲੀ। ਭਗਵੰਤ ਮਾਨ ਨੇ ਅਣਪਛਾਤਿਆਂ ਖ਼ਿਲਾਫ਼ ਐਫ. ਆਈ. ਆਰ. ਦਰਜ ਕਰਕੇ ਹਰਿਆਣਾ ਪੁਲਿਸ ਨੂੰ ਕਲੀਨ ਚਿੱਟ ਦੇ ਦਿੱਤੀ ਹੈ ਅਤੇ ਸ਼ੁਭਕਰਨ ਸਿੰਘ ਨੂੰ ਕਦੇ ਵੀ ਇਨਸਾਫ ਨਾ ਮਿਲਣਾ ਵੀ ਯਕੀਨੀ ਬਣਾ ਦਿੱਤਾ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੇ ਜਾਣ ਮਗਰੋਂ ਹੀ ਪੰਜਾਬ ਸਰਕਾਰ ਨੇ ਸ਼ੁਭਕਰਨ ਦੇ ਕਤਲ ਦੀ ਕਮਜ਼ੋਰ ਐਫ.ਆਈ.ਆਰ. ਦਰਜ ਕਰਵਾਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਦਾਇਰ ਪਟੀਸ਼ਨ 'ਤੇ ਕਾਰਵਾਈ ਦੇ ਡਰੋਂ ਭਗਵੰਤ ਮਾਨ ਨੇ ਪਾਤੜਾਂ ਥਾਣੇ 'ਚ ਅਣਪਛਾਤਿਆਂ ਖ਼ਿਲਾਫ਼ ਐੱਫ. ਆਈ. ਆਰ. ਦਰਜ ਕਰਵਾਈ, ਜਿਸ 'ਚ ਜ਼ਿਕਰ ਕੀਤਾ ਗਿਆ ਹੈ ਕਿ ਜੇ ਸ਼ੁਭਕਰਨ ਦਾ ਕਤਲ ਇਸ ਥਾਣੇ (ਪਾਤੜਾਂ) ਦੀ ਹੱਦ ਤੋਂ ਬਾਹਰ ਹੋਇਆ ਹੈ ਤਾਂ ਇਸ ਨੂੰ ਹਰਿਆਣਾ ਦੇ ਜੀਂਦ ਜ਼ਿਲ੍ਹੇ ਦੇ ਗੜ੍ਹੀ ਥਾਣੇ ਭੇਜਿਆ ਜਾ ਸਕਦਾ ਹੈ।

(ਬਾਕੀ ਸਫ਼ਾ 31 'ਤੇ)

## ਹਾਈਕੋਰਟ ਵੱਲੋਂ ਕਿਸਾਨਾਂ ਦੇ ਤਸ਼ੱਦਦ ਬਾਰੇ ਸਖ਼ਤ ਨੋਟਿਸ

### ਕਿਹਾ ਕਿ ਕਿਸਾਨਾਂ ਉੱਪਰ ਅੱਤਵਾਦੀਆਂ ਵਾਂਗ ਗੋਲੀਆਂ ਕਿਉਂ ਚਲਾਈਆਂ

ਚੰਡੀਗੜ੍ਹ/ਏ.ਟੀ.ਨਿਊਜ਼ : ਬੀਤੇ ਦਿਨ ਪੰਜਾਬ ਹਰਿਆਣਾ ਹਾਈਕੋਰਟ ਨੇ ਪੈਲੇਟ ਗੰਨ ਨਾਲ ਕਿਸਾਨਾਂ ਨੂੰ ਨਿਸ਼ਾਨਾ ਬਣਾਉਣ ਅਤੇ ਸ਼ੁਭਕਰਨ ਦੇ ਪੋਸਟਮਾਰਟਮ ਵਿੱਚ ਹੋਈ ਦੇਰੀ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਸਰਕਾਰ ਨੂੰ ਤਕੜੀ ਝਾੜ ਲਗਾਈ ਸੀ। ਹਾਈਕੋਰਟ ਦੇ ਚੀਫ਼ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਦੀ ਡਬਲ ਬੈਂਚ ਨੇ ਹਰਿਆਣਾ ਨੂੰ ਕਿਹਾ ਤੁਸੀਂ ਸਰਕਾਰ ਹੋ ਨਾ ਕਿ ਅਤਿਵਾਦੀ ਜੋ ਇਸ ਤਰ੍ਹਾਂ ਕਿਸਾਨਾਂ 'ਤੇ ਗੋਲੀਆਂ ਚਲਾਈਆਂ। ਅਦਾਲਤ ਨੇ ਕਿਹਾ ਕਿ ਸ਼ੁਭਕਰਨ ਦੀ ਮੌਤ ਨੂੰ ਲੈ ਕੇ ਜਿਹੜੀ ਨਿਆਂਇਕ ਜਾਂਚ ਦੀ ਮੰਗ ਕੀਤੀ ਗਈ ਹੈ ਤੁਸੀਂ ਉਸ 'ਤੇ ਜਵਾਬ ਦਿਉ। ਇਸ ਦੇ ਨਾਲ ਅਦਾਲਤ ਨੇ ਪੰਜਾਬ ਸਰਕਾਰ ਨੂੰ ਪੁੱਛਿਆ ਕਿ ਸ਼ੁਭਕਰਨ ਦੀ ਲਾਸ਼ ਨੂੰ ਇੱਕ ਹਫਤੇ ਤੱਕ ਰੱਖਿਆ ਹੋਇਆ ਸੀ ਤੁਸੀਂ ਜਾਂਚ ਸ਼ੁਰੂ ਕਿਉਂ ਨਹੀਂ ਕੀਤੀ ? ਜੇ ਮੌਤ ਕੁਦਰਤੀ ਨਹੀਂ ਸੀ ਤਾਂ ਪੋਸਟਮਾਰਟਮ ਅਤੇ ਐਫ.ਆਈ.ਆਰ. ਦਰਜ ਕਰਨ ਵਿੱਚ ਇੰਨੀ ਦੇਰੀ ਕਿਉਂ ਹੋਈ ? ਇਸ 'ਤੇ ਪੰਜਾਬ ਸਰਕਾਰ ਦੇ ਵਕੀਲ ਨੇ ਕਿਹਾ ਕਿ ਬੀਤੇ ਦਿਨੀ ਐਫ.ਆਈ.ਆਰ. ਦਰਜ ਕੀਤੀ ਗਈ,ਪੋਸਟਮਾਰਟਮ ਕੀਤਾ ਗਿਆ ਹੈ। ਅਦਾਲਤ ਨੇ ਮੁੜ ਤੋਂ ਸਖ਼ਤੀ ਨਾਲ ਕਿਹਾ ਕਿ ਰਿਪੋਰਟ ਆਉਣ ਤੋਂ ਬਾਅਦ ਅਸੀਂ ਇਸ ਮਾਮਲੇ ਵਿੱਚ ਜ਼ਰੂਰੀ ਹੁਕਮ ਜਾਰੀ ਕਰਾਂਗੇ।

ਕਿਸਾਨ ਅੰਦੋਲਨ ਨਾਲ ਜੁੜੀਆਂ ਵੱਖ-ਵੱਖ ਪਟੀਸ਼ਨਾਂ 'ਤੇ ਸੁਣਵਾਈ ਦੌਰਾਨ ਕਾਰਜਕਾਰੀ ਚੀਫ਼ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਅਤੇ ਜਸਟਿਸ ਲਪਿਤਾ ਬੈਨਰਜੀ ਨੇ ਦੋਵਾਂ ਸੂਬਿਆਂ ਵਿੱਚ ਇੰਟਰਨੈੱਟ ਅਤੇ ਫੋਨ ਸੇਵਾ ਬੰਦ ਕਰਨ 'ਤੇ ਜਵਾਬ ਮੰਗਿਆ। ਅਦਾਲਤ ਨੇ ਕਿਹਾ ਇੰਟਰਨੈੱਟ ਲੋਕਾਂ ਦਾ ਅਧਿਕਾਰ ਹੈ। ਹਾਈ ਕੋਰਟ ਨੇ ਹਰਿਆਣਾ, ਪੰਜਾਬ ਅਤੇ ਕੇਂਦਰ ਨੂੰ ਨੋਟਿਸ ਜਾਰੀ ਕਰਕੇ ਇਸ ਮਾਮਲੇ ਦੀ ਜਾਂਚ ਦੀ ਮੰਗ ਕੀਤੀ ਹੈ। ਅਦਾਲਤ ਨੇ ਸੁਣਵਾਈ ਦੌਰਾਨ ਕਿਸਾਨਾਂ ਨੂੰ ਝਾੜ ਪਾਈ ਹੈ ਕਿ ਤੁਸੀਂ ਮੰਗਾਂ ਨੂੰ ਲੈ ਕੇ ਹਾਈਵੇ 'ਤੇ ਬੈਠੇ ਹੋ, ਕਿਸਾਨ ਅਦਾਲਤ ਵਿੱਚ ਆਕੇ ਆਪਣਾ ਪੱਖ ਕਿਉਂ ਨਹੀਂ ਰੱਖਦੇ ਹਨ। ਜਸੀਬੀ ਅਤੇ ਸਪੈਸ਼ਲ ਤਿਆਰ ਕੀਤੇ ਟਰੈਕਟਰਾਂ ਦੇ ਨਾਲ ਅੰਦੋਲਨ ਨੂੰ ਕਿਵੇਂ ਜਾਇਜ਼ ਠਹਿਰਾਇਆ ਜਾ ਸਕਦਾ ਹੈ। ਕੇਂਦਰ ਸਰਕਾਰ ਨੇ ਆਪਣਾ ਪੱਖ ਰੱਖਦੇ ਹੋਏ ਦੱਸਿਆ ਕਿ ਅਸੀਂ ਕਿਸਾਨਾਂ ਦੇ ਲਈ ਵੱਖ-ਵੱਖ ਭਲਾਈ ਦੀਆਂ ਸਕੀਮਾਂ ਸ਼ੁਰੂ ਕੀਤੀਆਂ ਹਨ,ਅਸੀਂ ਵਿਵਾਦ ਨੂੰ ਲੈ ਕੇ ਮੀਟਿੰਗਾਂ ਵੀ ਕੀਤੀਆਂ ਹਨ। ਅਸੀਂ ਅਦਾਲਤ ਨੂੰ ਅਪੀਲ ਕਰਦੇ ਹਾਂ ਕਿ ਉਹ ਦੇਸ਼ ਦੇ ਹਿੱਤ ਵਿੱਚ ਹੁਕਮ ਜਾਰੀ ਕਰਨ।

# ਮੋਦੀ ਸਰਕਾਰ ਨੇ 'ਪੰਥਕ ਮਾਮਲਿਆਂ' ਬਾਰੇ ਬੇਰੁਖੀ ਅਪਣਾਈ

## ➤ ਬੰਦੀ ਸਿੱਖਾਂ ਨੂੰ ਰਿਹਾਅ ਕਰਨ ਲਈ ਤਿਆਰ ਨਹੀਂ ➤ਸ਼੍ਰੋਮਣੀ ਕਮੇਟੀ ਨੂੰ ਗੱਲਬਾਤ ਲਈ ਸਮਾਂ ਨਹੀਂ ਦਿੱਤਾ

ਅੰਮ੍ਰਿਤਸਰ/ਏ.ਟੀ.ਨਿਊਜ਼: ਲੋਕ ਸਭਾ ਚੋਣਾਂ ਐਨ ਸਿਰ 'ਤੇ ਹੋਣ ਦੇ ਬਾਵਜੂਦ ਕੇਂਦਰ ਵਿੱਚ ਮੋਦੀ ਸਰਕਾਰ ਵੱਲੋਂ ਲੰਬੇ ਅਰਸੇ ਤੋਂ 'ਸਿੱਖ ਮਸਲਿਆਂ' ਪ੍ਰਤੀ ਦਿਖਾਈ ਜਾ ਰਹੀ 'ਬੇਰੁਖ਼ੀ' ਅਜੇ ਤੱਕ ਵੀ ਬਰਕਰਾਰ ਰਹਿਣ ਕਾਰਨ ਇਨ੍ਹਾਂ ਸਿੱਖ ਮਸਲਿਆਂ ਸੰਬੰਧੀ ਗੱਲਬਾਤ ਜਾਂ ਕੋਈ ਹੱਲ ਚੋਣਾਂ ਤੋਂ ਬਾਅਦ ਅਗਲੀ ਸਰਕਾਰ ਦੇ ਗਠਨ ਉਪਰੰਤ ਹੀ ਨਿਕਲਣ ਦੀ ਸੰਭਾਵਨਾ ਹੈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਲੰਬੇ ਅਰਸੇ ਤੋਂ ਕੇਂਦਰ ਕੋਲ ਸਿੱਖ ਜਗਤ ਨੂੰ ਦਰਪੇਸ਼ ਮਸਲਿਆਂ ਨੂੰ ਹੱਲ ਕਰਨ ਦੀ ਚਾਰਾਜੋਈ ਕੀਤੀ ਜਾ ਰਹੀ ਹੈ, ਪਰ ਕੇਂਦਰ ਸਰਕਾਰ ਸਿੱਖ ਮਸਲਿਆਂ ਪ੍ਰਤੀ ਪੂਰੀ ਤਰ੍ਹਾਂ ਅੱਖਾਂ ਮੀਟੀ ਬੈਠੀ ਹੈ।



ਸਿਆਸੀ ਹਲਕਿਆਂ ਵਿੱਚ ਚਰਚਾ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਚੋਣਾਂ ਤੋਂ ਪਹਿਲਾਂ ਦੇਸ਼ ਦੇ ਹਰ ਵਰਗ ਨੂੰ ਖੁਸ਼ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਹੈ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਤੇ ਕਈ ਕਈ ਦਹਾਕਿਆਂ ਤੋਂ ਜੇਲ੍ਹਾਂ ਵਿੱਚ ਨਜ਼ਰਬੰਦ ਬੰਦੀ ਸਿੱਖਾਂ ਨੂੰ ਰਿਹਾਅ ਕਰਨ ਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ 'ਚ ਤਬਦੀਲ ਕਰਨ ਦੇ ਆਪਣੇ ਵੱਲੋਂ ਹੀ ਜਾਰੀ ਨੋਟੀਫਿਕੇਸ਼ਨ ਨੂੰ ਲਾਗੂ ਨਹੀਂ ਕਰ ਸਕੀ। ਇਸ ਨੋਟੀਫਿਕੇਸ਼ਨ ਦੇ ਜਾਰੀ ਨਾ ਹੋਣ ਕਾਰਨ ਹੀ ਪ੍ਰੋ: ਦਵਿੰਦਰਪਾਲ ਸਿੰਘ ਭੁੱਲਰ ਤੇ ਭਾਈ ਬਲਵੰਤ ਸਿੰਘ ਖੈੜਾ ਕਰੀਬ ਤਿੰਨ-ਤਿੰਨ ਦਹਾਕਿਆਂ ਦੀਆਂ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਅਜੇ ਤੱਕ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿੱਚ ਕੈਦ ਹਨ। ਹਾਲਾਂਕਿ ਪ੍ਰੋ: ਭੁੱਲਰ ਦੀ ਰਿਹਾਈ ਵਿੱਚ 'ਆਪ' ਦੀ ਦਿੱਲੀ ਸਰਕਾਰ ਵੱਲੋਂ ਵੀ ਹਰੀ ਝੰਡੀ ਨਾ ਦੇਣ ਦੇ ਚਰਚੇ ਹਨ। ਇਸੇ ਦੌਰਾਨ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਸਮੇਤ ਸਿੱਖ ਨੌਜਵਾਨਾਂ ਨੂੰ ਪੰਜਾਬ ਦੀ ਜੇਲ੍ਹ 'ਚ ਤਬਦੀਲ ਕਰਨ, ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ 'ਚ ਤਬਦੀਲ ਕਰਾਉਣ, ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਆਦਿ ਪ੍ਰਤੀ ਕੇਂਦਰ ਸਰਕਾਰ ਵੱਲੋਂ ਅਜੇ ਤੱਕ ਟਾਲ ਮਟੋਲ ਵਾਲੀ ਨੀਤੀ ਅਪਣਾਈ ਹੋਈ ਹੈ।

ਵੱਖਰੀ ਹਰਿਆਣਾ ਸਿੱਖ ਗੁ: ਪ੍ਰ: ਕਮੇਟੀ ਦੇ ਗਠਨ ਨੂੰ ਰੱਦ ਕਰਾਉਣ ਅਤੇ ਸ੍ਰੀ ਦਰਬਾਰ ਸਾਹਿਬ ਤੋਂ ਸਿੱਧੇ ਗੁਰਬਾਣੀ ਕੀਰਤਨ ਪ੍ਰਸਾਰਨ ਲਈ ਸੈਟੇਲਾਈਟ ਚੈਨਲ ਸ਼ੁਰੂ ਕਰਨ ਵਰਗੀਆਂ ਅਹਿਮ ਮੰਗਾਂ ਨੂੰ ਲੈ ਕੇ ਵੀ ਸ਼੍ਰੋਮਣੀ ਕਮੇਟੀ ਨੂੰ ਗ੍ਰਹਿ ਅਤੇ ਸੂਚਨਾ ਤੇ ਪ੍ਰਸਾਰਨ ਮੰਤਰਾਲਿਆਂ ਵੱਲੋਂ ਗੱਲਬਾਤ ਲਈ ਸਮਾਂ ਨਹੀਂ ਦਿੱਤਾ ਜਾ ਰਿਹਾ।

ਇਸੇ ਤਰ੍ਹਾਂ ਸਿੱਖ ਜਗਤ ਦੀਆਂ ਦੋ ਵੱਡੀਆਂ ਧਾਰਮਿਕ ਸੰਸਥਾਵਾਂ ਵਿਚੋਂ ਸ਼੍ਰੋਮਣੀ ਕਮੇਟੀ ਦੇ ਪੰਜਾਬ ਦੀ ਸਿਆਸੀ ਪਾਰਟੀ ਅਕਾਲੀ ਦਲ ਦੇ ਪ੍ਰਭਾਵ ਵਿੱਚ ਅਤੇ ਦਿੱਲੀ ਸਿੱਖ ਗੁ: ਕਮੇਟੀ ਦੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਪ੍ਰਭਾਵ 'ਚ ਹੋਣ ਕਾਰਨ ਸਿੱਖ ਮਸਲਿਆਂ ਪ੍ਰਤੀ ਇਕਜੁੱਟ ਹੋ ਕੇ ਆਵਾਜ਼ ਬੁਲੰਦ ਨਾ ਕਰਨਾ ਵੀ ਸਮਝਿਆ ਜਾ ਰਿਹਾ ਹੈ। ਸਿੱਖ ਮਸਲਿਆਂ ਪ੍ਰਤੀ ਭਾਜਪਾ ਦੀ ਬੇਰੁਖੀ ਕਾਰਨ ਪਾਰਟੀ ਨੂੰ ਲੋਕ ਸਭਾ ਚੋਣਾਂ ਦੌਰਾਨ ਸਿੱਖ ਜਗਤ ਦੀ ਨਾਰਾਜ਼ਗੀ ਦਾ ਵੀ ਸਾਹਮਣਾ ਕਰਨਾ ਪੈ ਸਕਦਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

6 ਮਾਰਚ ਤੋਂ 12 ਮਾਰਚ, 2024

## ਇੰਡੀਆ ਵਿੱਚ ਬੀਬੀਆਂ ਪ੍ਰਤੀ ਮਾਨਸਿਕਤਾ ਅਤੇ ਹਲਾਤ ਚਿੰਤਾਜਨਕ

ਇੰਡੀਆ ਦੇ ਪੂਰਬੀ ਰਾਜ ਝਾਰਖੰਡ ਦੇ ਦੁਮਕਾ ਜ਼ਿਲ੍ਹੇ ਵਿੱਚ ਸਪੇਨ ਦੇ ਪਤੀ ਪਤਨੀ ਜੋੜੇ ਨਾਲ ਹੋਈ ਦਰਿੰਦਗੀ ਦੀ ਖਬਰ ਨੇ ਨਿਆਂ ਪਸੰਦ ਦਿਲਾਂ ਨੂੰ ਫਿਰ ਧੂਹ ਪਾਈ ਹੈ। ਸਪੇਨ ਤੋਂ ਦੁਨੀਆਂ ਭਰ ਦੇ ਦੇਸ਼ਾਂ ਵਿੱਚ ਘੁੰਮਣ ਫਿਰਨ ਲਈ ਨਿਕਲੇ ਇਸ ਜੋੜੇ ਨੇ ਇੰਡੀਆ ਤੋਂ ਬਾਅਦ ਨੇਪਾਲ ਵਿੱਚ ਜਾਣਾ ਸੀ। ਇਹ ਜੋੜਾ ਮੋਟਰਸਾਈਕਲ ਰਾਹੀਂ ਹੀ ਜ਼ਿਆਦਾਤਰ ਦੇਸ਼ਾਂ ਦੀ ਸੈਰ ਕਰਦਾ ਸੀ। ਝਾਰਖੰਡ ਵਿੱਚ ਇਸ ਜੋੜੇ ਨਾਲ ਕੁੱਟਮਾਰ ਹੋਈ, ਜਾਨਲੇਵਾ ਹਮਲਾ ਹੋਇਆ, ਸਮਾਨ ਦੀ ਲੁੱਟ ਹੋਈ, ਬੀਬੀ ਦੀ ਸੱਤ ਤੋਂ ਅੱਠ ਜਣਿਆਂ ਨੇ ਬੇਪਤੀ ਕੀਤੀ। ਇਸ ਘਟਨਾ ਨਾਲ ਹੁਣ ਦੁਨੀਆਂ ਭਰ ਦੇ ਲੋਕ ਇੰਡੀਆ ਦੇ ਹਲਾਤਾਂ ਖਾਸ ਕਰ ਬੀਬੀਆਂ ਦੀ ਹਾਲਤ ਬਾਰੇ ਆਪਣੇ ਵਿਚਾਰ ਰੱਖ ਰਹੇ ਹਨ। ਜ਼ਿਆਦਾਤਰ ਲਿਖਣ ਵਾਲੇ ਬਾਹਰਲੇ ਮੁਲਕਾਂ ਦੇ ਨਾਗਰਿਕਾਂ ਦਾ ਇਹ ਕਹਿਣਾ ਹੈ ਕਿ ਕਿਸੇ ਵੀ ਬਾਹਰਲੇ ਨਾਗਰਿਕ ਨੂੰ ਇੰਡੀਆ ਵਿੱਚ ਇਕੱਲੇ ਤਾਂ ਬਿਲਕੁਲ ਨਹੀਂ, ਪਰ ਚੌਕਸੀ ਨਾਲ ਹੀ ਸ.ਫ਼ਰ ਕਰਨਾ ਚਾਹੀਦਾ ਹੈ ਅਤੇ ਬੀਬੀਆਂ ਨੂੰ ਸ.ਫ਼ਰ ਕਰਨ ਤੋਂ ਬਚਣਾ ਚਾਹੀਦਾ ਹੈ। ਇਸ ਘਟਨਾ ਨਾਲ ਇੰਡੀਆ ਦੇ ਸਮਾਜ ਦੀ ਦੁਨੀਆਂ ਭਰ ਵਿੱਚ ਨਿੰਦਾ ਹੋ ਰਹੀ ਹੈ, ਪਰ ਕੁਝ ਲੋਕ ਇੰਡੀਆ ਦੇ ਸਮਾਜ ਦੇ ਇਸ ਕੁਰੀਤੀ ਨੂੰ ਛੁਪਾਉਣ ਦਾ ਯਤਨ ਕਰ ਰਹੇ ਹਨ।

ਸਪੇਨ ਤੋਂ ਬੀਬੀ ਫਰਨੈਨਡਾ ਆਪਣੇ ਪਤੀ ਨਾਲ ਹੁਣ ਤੱਕ 67 ਦੇਸ਼ ਘੁੰਮ ਚੁੱਕੀ ਹੈ, ਜਿਨ੍ਹਾਂ ਵਿੱਚ ਅਲਜੀਰੀਆ, ਯਮਨ, ਤੁਰਕੀ, ਇਰਾਕ, ਪਾਕਿਸਤਾਨ ਅਤੇ ਅਫਗਾਨਿਸਤਾਨ ਵਰਗੇ ਮੁਲਕ ਵੀ ਸ਼ਾਮਲ ਹਨ, ਜਿੱਥੇ ਆਮ ਤੌਰ 'ਤੇ ਇਹੀ ਸੋਚਿਆ ਜਾਂਦਾ ਹੈ ਕਿ ਬਹੁਤ ਜ਼ਿਆਦਾ ਬੁਰਛਾਗਰਦੀ ਹੋਵੇਗੀ ਅਤੇ ਬੀਬੀਆਂ ਹਾਲਤ ਬਹੁਤ ਮਾੜੀ ਹੋਵੇਗੀ। ਇੰਡੀਆ ਪ੍ਰਤੀ ਆਮ ਤੌਰ 'ਤੇ ਬਾਹਰਲੇ ਲੋਕਾਂ ਦੀ ਇਸ ਤਰ੍ਹਾਂ ਦੀ ਰਾਏ ਨਹੀਂ ਹੈ। ਇੰਡੀਆ ਦੇ ਲੋਕਾਂ ਵੱਲੋਂ ਆਪਣੇ ਆਪ ਨੂੰ ਚੰਗੇ ਅਤੇ ਉੱਤਮ ਬਣਾ ਕੇ ਪੇਸ਼ ਕੀਤਾ ਜਾਂਦਾ ਹੈ, ਅੰਦਰ ਅਜਿਹੀ ਬਹੁਤੀ ਭਲੇਮਾਣਸੀ ਨਹੀਂ ਹੈ। ਹਰ ਸਾਲ ਹਜ਼ਾਰਾਂ ਅਜਿਹੇ ਬੇਪਤੀਆਂ ਦੇ ਮਾਮਲੇ ਦਰਜ ਹੁੰਦੇ ਹਨ। ਇਕੱਲੇ 2022 ਵਿੱਚ ਝਾਰਖੰਡ ਵਿੱਚ ਅਜਿਹੇ ਜਬਰ ਜਿਨਾਹ ਦੀਆਂ ਅੰਦਾਜ਼ਨ 1500 ਘਟਨਾਵਾਂ ਦੇ ਮਾਮਲੇ ਦਰਜ ਹੋਏ ਸਨ। ਇਸ ਜੋੜੇ ਦੇ ਧਿਆਨ ਵਿੱਚ ਆਉਣ ਤੋਂ ਪਹਿਲਾਂ ਵੀ ਇੰਡੀਆ ਭਰ ਵਿੱਚ ਹਰ ਸਾਲ ਸੈਂਕੜਿਆਂ ਦੀ ਗਿਣਤੀ ਵਿੱਚ ਵਿਦੇਸ਼ੀ ਬੀਬੀਆਂ ਦੀ ਬੇਪਤੀ ਦੇ ਮਾਮਲੇ ਦਰਜ ਹੁੰਦੇ ਹਨ।

ਇੰਡੀਆ ਵਿੱਚ ਪਖੰਡ ਭਾਰੂ ਹੈ, ਇਹੀ ਇੰਡੀਆ ਦੀ ਵਿਰਾਸਤ ਰਹੀ ਹੈ। ਉਪਰੋਂ ਵੇਖਣ ਨੂੰ ਭਾਵੇਂ ਮਹਿਮਾਨਾਂ ਨੂੰ ਦੇਵਤਿਆਂ ਦਾ ਦਰਜਾ ਦਿੱਤਾ ਜਾਂਦਾ ਹੈ, ਬੱਚੀਆਂ ਦੀ ਪੂਜਾ ਕੀਤੀ ਜਾਂਦੀ ਹੈ, ਮਾਵਾਂ ਨੂੰ ਮੱਥਾ ਟੇਕਿਆ ਜਾਂਦਾ ਹੈ, ਪਰ ਇਹ ਸਭ ਸਿਰਫ ਰਸਮ, ਕਰਮਕਾਂਡ ਤੱਕ ਹੀ ਸੀਮਤ ਹੈ। ਅਸਲ ਕਦਰਾਂ ਕੀਮਤਾਂ, ਆਚਰਣ, ਸਦਾਚਾਰ ਦੀ ਬਹੁਤੀ ਪ੍ਰਵਾਹ ਨਹੀਂ ਕੀਤੀ ਜਾਂਦੀ। ਸਦੀਆਂ ਤੋਂ ਹੀ ਬੀਬੀਆਂ ਨੂੰ ਪੈਰ ਦੀ ਜੁੱਤੀ ਅਤੇ ਭੋਗਣ ਦੀ ਵਸਤੂ ਵਜੋਂ ਵੇਖਿਆ ਜਾਂਦਾ ਹੈ, ਘਰ ਦੇ ਫੈਸਲਿਆਂ ਵਿੱਚ ਬਰਾਬਰ ਦੀ ਹਿੱਸੇਦਾਰੀ ਨਹੀਂ ਦਿੱਤੀ ਜਾਂਦੀ। ਇਹ ਸਭ ਕੂੜ ਗੱਲਾਂ ਹੁਣ ਮਨੁੱਖਾਂ ਦੇ ਦਿਮਾਗ ਅੰਦਰ ਘਰ ਕਰ ਗਈਆਂ ਹਨ। ਘੱਟਗਿਣਤੀਆਂ ਦੀਆਂ ਬੀਬੀਆਂ ਬਾਰੇ ਆਪਣੀ ਮਾੜੀ ਬਿਰਤੀ ਨੂੰ ਇਥੋਂ ਦੇ ਸਿਆਸੀ ਧਿਰਾਂ ਦੇ ਆਗੂ ਵੀ ਲੁਕਾ ਨਹੀਂ ਪਾਉਂਦੇ। ਸਿੱਖਾਂ ਨੇ 1984 ਵਿੱਚ ਇੰਡੀਅਨ ਸਮਾਜ ਦੀ ਬੀਬੀਆਂ ਪ੍ਰਤੀ ਮਾਨਸਿਕਤਾ ਨੂੰ ਬਹੁਤ ਚੰਗੀ ਤਰ੍ਹਾਂ ਮਹਿਸੂਸ ਕੀਤਾ ਹੈ। ਬਾਅਦ ਵਿੱਚ ਵੀ ਨਿਆਂ ਦੇ ਪੱਖ ਤੋਂ ਕੋਈ ਬਹੁਤੀ ਉਮੀਦ ਨਹੀਂ ਬਚਦੀ। ਜਦੋਂ ਕਿਸੇ ਦੂਜੀ ਧਿਰ ਦੀ ਔਰਤ ਨਾਲ ਅਜਿਹਾ ਵਾਪਰਦਾ ਹੈ ਤਾਂ ਇਹ ਵੀ ਸੋਚਣਾ ਚਾਹੀਦਾ ਹੈ ਕਿ ਇੱਕ ਦਿਨ ਇਹੋ ਬੁਰਾਈ ਉਨ੍ਹਾਂ ਦੇ ਸਾਹਮਣੇ ਵੀ ਖੜੀ ਹੋਵੇਗੀ। ਘੱਟਗਿਣਤੀਆਂ ਦੀਆਂ, ਵਿਦੇਸ਼ੀ ਬੀਬੀਆਂ ਪ੍ਰਤੀ ਕਿਸੇ ਮਨੁੱਖ ਵਲੋਂ ਕੋਈ ਅਵਾਜ਼ ਨਹੀਂ ਉਠਾਈ ਜਾਂਦੀ, ਜਦਕਿ ਜਦੋਂ ਖੁਦ ਰਾਜਧਾਨੀ ਅੰਦਰ ਨਿਰਭਿਆ ਵਰਗੇ ਕਾਂਡ ਹੁੰਦੇ ਹਨ ਤਾਂ ਲੋਕ ਸੜਕਾਂ ਉਪਰ ਨਿਕਲਦੇ ਹਨ। ਓਥੇ ਵੀ ਸਿਰਫ ਕਨੂੰਨੀ ਪੱਖਾਂ ਨੂੰ ਸਖ਼ਤ ਕਰਨ ਦੀ ਹੀ ਮੰਗ ਹੁੰਦੀ ਹੈ, ਪਰ ਦੂਜੀਆਂ ਔਰਤਾਂ ਦੇ ਬਲਾਤਕਾਰ ਦੀ ਬਿਰਤੀ ਤਾਂ ਇਥੋਂ ਦੇ ਸਮਾਜ ਅੰਦਰ ਹੈ। ਅਜਿਹੀਆਂ ਘਟਨਾਵਾਂ ਦੀ ਪੜਚੋਲ ਅਤੇ ਇਹਨਾਂ ਦੇ ਢੁਕਵੇਂ ਹੱਲ ਦੇ ਲਈ ਲੋਕਾਂ ਨੂੰ ਅਤੇ ਪ੍ਰਸ਼ਾਸ਼ਨ ਨੂੰ ਤਰੱਦਦ ਕਰਨ ਦੀ ਲੋੜ ਹੈ। ਕੋਈ ਅਜਿਹਾ ਮਸਲਾ ਨਹੀਂ ਜਿਸਦਾ ਹੱਲ ਨਾ ਹੋਵੇ, ਜੇਕਰ ਸਮਾਜ ਇਕੱਠਾ ਹੋਕੇ ਇਸ ਮਸਲੇ ਪ੍ਰਤੀ ਸੁਹਿਰਦਾ ਦਿਖਾਵੇ ਤਾਂ ਇੰਡੀਅਨ ਸਮਾਜ ਅੰਦਰਲੀ ਇਸ ਕੁਰੀਤੀ ਨੂੰ ਕਾਫੀ ਹੱਦ ਤੱਕ ਠੱਲ ਪਾਈ ਜਾ ਸਕਦੀ ਹੈ।

## ਪਾਰਟੀਆਂ ਦੇ ਗਠਜੋੜ ਅਤੇ ਤੋੜ ਵਿਛੋੜਿਆਂ ਦੀ ਖੇਡ ਸਮਝਣ ਦੀ ਲੋੜ

ਇੰਡੀਆ ਦੇ ਵੋਟਤੰਤਰ ਵਿੱਚ ਹਿੱਸਾ ਲੈਣ ਵਾਲੀਆਂ ਪਾਰਟੀਆਂ, ਜਿਨ੍ਹਾਂ ਵਿੱਚ ਖੇਤਰੀ ਪਾਰਟੀਆਂ ਵੀ ਹਨ, ਹੁਣ ਦੇ ਸਮੇਂ ਸਭ ਤੋਂ ਵੱਧ ਅਸੂਲਣ ਅਤੇ ਸਿਧਾਂਤਕ ਤੌਰ ਤੇ ਵੀ ਗਿਰਾਵਟ ਵੱਲ ਜਾ ਰਹੀਆਂ ਹਨ। ਇਹਨਾਂ ਪਾਰਟੀਆਂ ਦੀ ਸਿਧਾਂਤਕ ਪੈਂਤੜਾ ਜਾਂ ਸਿਧਾਂਤਕ ਸਮਝ, ਜਿਸ ਤੋਂ ਕਦੀ ਪਾਰਟੀਆਂ ਦਾ ਜਨਮ ਹੋਇਆ ਸੀ, ਅੱਜ ਦੋਇਮ ਦਰਜੇ 'ਤੇ ਹੈ, ਅਵੱਲ ਦਰਜੇ 'ਤੇ ਨਿੱਜੀ ਸਮਝ ਅਤੇ ਨਿੱਜੀ ਫੈਸਲੇ ਹੀ ਭਾਰੂ ਹਨ। ਅਜਿਹਾ ਅਮਲ ਵਾਰ ਵਾਰ ਰਾਜਸੀ ਪਾਰਟੀਆਂ ਵਿੱਚ ਪ੍ਰਗਟ ਹੁੰਦਾ ਰਹਿੰਦਾ ਹੈ। ਹੁਣ ਵੀ ਸ੍ਰ.ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਅਕਾਲੀ ਦਲ (ਸੰਯੁਕਤ) ਦੇ ਆਗੂਆਂ ਦਾ ਅਕਾਲੀ ਦਲ (ਬਾਦਲ) ਵਿੱਚ ਰਲੇਵਾਂ ਬਾਰੇ ਹੋਇਆ ਫੈਸਲਾ ਇਹਨਾਂ ਆਗੂਆਂ ਦੀ ਆਪਸੀ ਨਿੱਜੀ ਫੈਸਲਿਆਂ ਦੇ ਉੱਪਰ ਹੀ ਨਿਰਧਾਰਿਤ ਹੋਇਆ ਨਜ਼ਰ ਆ ਰਿਹਾ ਹੈ। ਸ੍ਰ.ਸੁਖਦੇਵ ਸਿੰਘ ਢੀਂਡਸਾ ਨੇ ਬਾਦਲ ਦਲ ਤੋਂ ਵੱਖਰਾ ਹੋਣ ਦਾ ਫ਼ੈਸਲਾ ਬਾਦਲ ਦਲ ਦੀ ਸਾਖ ਖਰਾਬ ਹੁੰਦੀ ਵੇਖਦਿਆਂ ਸਿੱਖ ਸੰਗਤਾਂ ਦੀਆਂ ਵੋਟਾਂ ਨੂੰ ਆਪਣੇ ਪਾਸੇ ਖਿੱਚਣ ਅਤੇ ਭਾਜਪਾ ਵੱਲ ਜਾਣ ਲਈ ਲਿਆ ਸੀ। ਹੁਣ ਸਮਾਂ ਬੀਤਣ ਨਾਲ ਜਦੋਂ ਪਿਛਲੇ ਨਾਪ ਤੋਲ ਸਹੀ ਨਹੀਂ ਬੈਠੇ ਤਾਂ ਨਵੇਂ ਜੋੜ ਤੋੜ ਨਾਲ ਆਪਣੇ ਰਾਜਸੀ ਭਵਿੱਖ ਲਈ ਵਰਕਰਾਂ ਅਤੇ ਹੋਰਨਾ ਆਗੂਆਂ ਦੀ ਰਾਏ ਲਏ ਬਗੈਰ ਮੁੜ ਤੋਂ ਬਾਦਲ ਦਲ ਨਾਲ ਮਿਲਵਰਤਣ ਦੀ ਗੱਲ ਸਾਹਮਣੇ ਆ ਰਹੀ ਹੈ। ਅਜਿਹਾ ਉਨ੍ਹਾਂ ਦੀ ਪਾਰਟੀ ਦੇ ਆਗੂਆਂ ਦੇ ਬਿਆਨਾਂ ਤੋਂ ਸਪਸ਼ਟ ਹੁੰਦਾ ਹੈ। ਰਾਜਸੀ ਪਾਰਟੀਆਂ ਭਾਵੇਂ ਕਹਿਣ ਨੂੰ ਜਮਹੂਰੀਅਤ ਦੀ ਅਗਵਾਈ ਕਰਦੀਆਂ ਹੋਣ, ਪਰ ਅੰਦਰੂਨੀ ਜਮਹੂਰੀਅਤ ਅਜਿਹੀ ਨਜ਼ਰ ਨਹੀਂ ਆਉਂਦੀ।

ਪੰਜਾਬ ਦੇ ਲੋਕ ਹੁਣ ਕਿਸੇ ਵੀ ਪਾਰਟੀ ਤੋਂ ਕੋਈ ਆਸ ਨਹੀਂ ਰੱਖਦੇ, ਸਾਰੀਆਂ ਪਾਰਟੀਆਂ ਨਕਾਰੀਆਂ ਜਾ ਚੁੱਕੀਆਂ ਹਨ। ਪਾਰਟੀਆਂ ਦੇ ਗਠਜੋੜ ਅਤੇ ਆਪਸੀ ਤੋੜ ਵਿਛੋੜੇ ਸਿਰਫ ਨਿੱਜੀ ਮੁਫਾਦਾਂ ਦੀ ਖੇਡ ਹੈ। ਪੰਜਾਬ ਦੇ ਲੋਕਾਂ ਨੂੰ ਹੁਣ ਆਪਣੇ ਇਲਾਕਾਈ ਦਿੱਕਤਾਂ ਦੇ ਹੱਲ ਵਾਸਤੇ ਖੁਦ ਹੀ ਭੂਮਿਕਾ ਨਿਭਾਉਣੀ ਪੈਣੀ ਹੈ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਟੁੱਟੇ ਵਾਅਦਿਆਂ ਦੀ ਦਾਸਤਾਨ ਵਿਸ਼ਵ ਭਰ ਦਾ ਕਿਸਾਨ ਅੰਦੋਲਨ



ਗੁਰਮੀਤ ਸਿੰਘ ਪਲਾਹੀ
9815802070




ਪਿਛਲੇ ਕੁਝ ਦਿਨਾਂ 'ਚ ਫਰਾਂਸ, ਇਟਲੀ, ਰੋਮਾਨੀਆ, ਪੋਲੈਂਡ, ਗਰੀਸ, ਜਰਮਨੀ, ਪੁਰਤਗਾਲ, ਨੀਦਰਲੈਂਡ ਅਤੇ ਅਮਰੀਕਾ ਦੇ ਕਿਸਾਨ ਸੜਕਾਂ ਉਤੇ ਵਿਰੋਧ ਪ੍ਰਦਰਸ਼ਨ ਕਰਦੇ ਵੇਖੇ ਗਏ। ਫਰਾਂਸ ਵਿੱਚ ਤਾਂ ਸੜਕਾਂ ਠੱਪ ਕਰਨ ਤੋਂ ਬਾਅਦ ਯੂਕਰੇਨ ਦੂਤਾਵਾਸ ਉਤੇ ਮਸ਼ੀਨਾਂ ਨਾਲ ਗੋਹੇ ਦੀ ਬੁਛਾੜ ਕਿਸਾਨਾਂ ਨੇ ਕੀਤੀ। ਭਾਰਤ ਵਿੱਚ ਵੀ ਕਿਸਾਨਾਂ ਦਾ ਅੰਦੋਲਨ ਭਖਿਆ ਪਿਆ ਹੈ। ਕਿਸਾਨਾਂ ਨੂੰ ਰਾਜਧਾਨੀ ਦਿੱਲੀ ਜਾਣੋ ਰੋਕਣ ਲਈ ਹਰਿਆਣਾ ਦੀ ਸਰਹੱਦ ਉਤੇ ਵੱਡੀਆਂ ਰੋਕਾਂ ਅਤੇ ਸੁਰੱਖਿਆ ਬਲ ਲਗਾਏ ਹੋਏ ਹਨ। ਅੱਥਰੂ ਗੈਸ ਦੇ ਗੋਲੇ ਛੱਡੇ ਜਾ ਰਹੇ ਹਨ।

ਤਤਕਾਲੀ ਮੰਗਾਂ ਤਾਂ ਭਾਵੇਂ ਵੱਖੋ-ਵੱਖਰੇ ਦੇਸ਼ ਦੇ ਕਿਸਾਨਾਂ ਦੀਆਂ ਕੁਝ ਵੀ ਹੋਣ, ਪਰ ਕਿਸਾਨਾਂ ਦੇ ਹੱਕਾਂ ਦੀ ਲੜਾਈ ਸਿਰਫ਼ ਉਹਨਾਂ ਦੀ ਰੋਟੀ ਕਮਾਉਣ ਦੀ ਰੱਖਿਆ ਦੀ ਹੀ ਨਹੀਂ ਹੈ, ਉਹ ਸਾਡੇ ਸਮੂਹਿਕ ਖਾਧ ਭਵਿੱਖ ਦੀ ਸਮੱਸਿਆ ਲਈ ਵੀ ਹੈ। ਉਹਨਾਂ ਦੀਆਂ ਮੰਗਾਂ ਸਿਰਫ਼ ਆਰਥਿਕ ਸੁਰੱਖਿਆ ਲਈ ਹੀ ਨਹੀਂ ਹਨ, ਉਹ ਇੱਕ ਨਿਆਂਪੂਰਨ ਅਤੇ ਟਿਕਾਊ ਖਾਧ ਪ੍ਰਣਾਲੀ ਦਾ ਪ੍ਰਤੀਨਿਧਤ ਕਰਦੀਆਂ ਹਨ, ਜੋ ਕਿਸਾਨਾਂ ਦੀ ਜ਼ਮੀਨ ਦੇ ਪ੍ਰਬੰਧਕ ਦੇ ਰੂਪ ਵਿੱਚ ਮਹੱਤਵਪੂਰਨ ਹਨ। ਦੁਨੀਆ ਦਾ ਪੇਟ ਪਾਲਣ ਵਿੱਚ ਕਿਸਾਨਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ।

ਅੱਜ ਦੁਨੀਆ ਭਰ ਵਿੱਚ ਕਿਸਾਨਾਂ ਨੂੰ ਵੱਡੀਆਂ ਚਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਦੀ ਰੋਜ਼ੀ-ਰੋਟੀ ਖਤਰੇ ਵਿੱਚ ਹੈ, ਉਹਨਾਂ ਦੇ ਹੱਕਾਂ ਨੂੰ ਕੁਚਲਿਆਂ ਜਾ ਰਿਹਾ ਹੈ। ਭਾਰਤ ਵਿੱਚ ਅੱਜ ਵੀ ਦੇਸ਼ ਦੇ ਲੱਖਾਂ ਕਿਸਾਨ ਦਿੱਲੀ ਦੀਆਂ ਸਰਹੱਦਾਂ ਨੂੰ ਘੇਰਨ ਲਈ ਘਰੋਂ ਨਿਕਲ ਚੁੱਕੇ ਹਨ। ਸੱਤਾ ਦੇ ਗਲਿਆਰਿਆਂ ਵਿੱਚ ਉਹਨਾ ਦੀ ਆਵਾਜ਼ ਗੂੰਜਦੀ ਹੈ। ਉਹਨਾਂ ਦੀਆਂ ਸਮੱਸਿਆਵਾਂ ਦੇ ਹੱਲ ਦੀ ਮੰਗ ਵੀ ਉਠ ਰਹੀ ਹੈ। ਕਿਸਾਨਾਂ ਦੇ ਹੱਕਾਂ ਦੀ ਲੜਾਈ ਲਈ ਭਾਰਤ ਦੇ ਮੈਦਾਨਾਂ ਤੋਂ ਲੈ ਕੇ ਯੂਰਪ ਦੀਆਂ ਉਪਜਾਊ ਘਾਟੀਆਂ ਤੱਕ ਕਿਸਾਨ ਇਕੱਜੁੱਟ ਹੋ ਰਹੇ ਹਨ। ਪੈਦਾਵਾਰ ਦੀਆਂ ਡਿਗਦੀਆਂ ਕੀਮਤਾਂ, ਫ਼ਸਲਾਂ ਉਗਾਉਣ ਲਈ ਵਧਦੀ ਲਾਗਤ, ਕਰਜ਼ੇ ਦਾ ਬੋਝ, ਪੌਣ ਪਾਣੀ ਬਦਲੀ, ਤਾਕਤਵਾਰ ਕਾਰੋਬਾਰੀਆਂ ਵੱਲੋਂ ਉਹਨਾਂ ਦੀ ਲੁੱਟ ਅਤੇ ਉਹਨਾਂ ਦੀ ਜ਼ਮੀਨ ਹਥਿਆਉਣ ਜਾਂ ਇਕਵਾਇਰ ਕਰਨ ਦੀਆਂ ਕਰਵਾਈਆਂ ਕਿਸਾਨਾਂ 'ਚ ਵੱਡੀ ਅਸੰਤੁਸ਼ਟੀ ਪੈਦਾ ਕਰਦੀਆਂ ਹਨ।

ਭਾਰਤ ਵਿੱਚ ਕਿਸਾਨ, ਸਾਰੀਆਂ ਫ਼ਸਲਾਂ ਦੇ ਲਈ ਘੱਟੋ-ਘੱਟ ਸਮਰੱਥਨ ਮੁੱਲ (ਐਮ.ਐਸ.ਪੀ.) ਦੀ ਗਰੰਟੀ ਲਈ ਸੜਕਾਂ 'ਤੇ ਮੁੜ ਆਏ ਹਨ। ਤਿੰਨ ਸਾਲ ਪਹਿਲਾਂ ਉਹਨਾਂ ਨੇ ਕੇਂਦਰ ਸਰਕਾਰ ਵੱਲੋਂ ਬਣਾਏ ਕਾਲੇ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਇੱਕ ਵੱਡੀ ਲੜਾਈ ਜਿੱਤੀ ਸੀ। ਸਮਰੱਥਨ ਮੁੱਲ ਦੀ ਮੰਗ ਉਸ ਵੇਲੇ ਤੋਂ ਹੀ ਲਟਕਦੀ ਆ ਰਹੀ ਹੈ। ਜਿਸ ਸਬੰਧੀ ਕੇਂਦਰ ਸਰਕਾਰ ਨੇ ਟਾਲ ਮਟੋਲ ਦੀ ਨੀਤੀ ਅਪਨਾਈ ਰੱਖੀ ਵਾਅਦੇ ਕੀਤੇ ਜੋ ਕਦੇ ਵੀ ਵਫ਼ਾ ਨਾ ਹੋਏ। ਯੂਰਪ ਵਿੱਚ ਡੱਚ ਡੇਅਰੀ ਕਿਸਾਨਾਂ ਨੇ ਆਪਣਾ 'ਦੁੱਧ ਵਿਰੋਧ ਪ੍ਰਦਰਸ਼ਨ' ਕਰਦੇ ਹੋਏ ਰਾਜਮਾਰਗਾਂ ਅਤੇ ਸੁਪਰ ਬਜ਼ਾਰਾਂ ਵਿੱਚ ਵਿਰੋਧ ਪ੍ਰਗਟ ਕੀਤਾ ਅਤੇ ਦੁੱਧ ਕੀਮਤਾਂ ਨੂੰ ਨਕਾਰਿਆ ਅਤੇ ਆਪਣੇ ਵਾਜਿਬ ਮਿਹਨਤਾਨੇ ਲਈ ਮੁਆਵਜ਼ੇ ਦੀ ਮੰਗ ਕੀਤੀ। ਭਾਰਤ ਵਾਂਗਰ ਫਰਾਂਸ ਵਿੱਚ ਵੀ ਲੱਖਾਂ ਕਿਸਾਨ ਆਪਣੀਆਂ ਮੰਗਾਂ ਨੂੰ ਲੈ ਕੇ ਸਰਕਾਰ ਦੇ ਵਿਰੋਧ 'ਚ ਆਏ। ਹਵਾਈ ਅੱਡਿਆਂ ਤੱਕ ਦੀ ਘੇਰਾ ਬੰਦੀ ਕਰਦਿਆਂ ਉਹਨਾਂ ਉਥੋਂ ਦੀ ਰਾਜਧਾਨੀ ਪੈਰਿਸ ਨੂੰ ਵੀ ਘੇਰ ਲਿਆ।

ਐਟਲਾਂਟਿਕ ਦੇ ਪਾਰ, ਬ੍ਰਾਜ਼ੀਲ ਵਿੱਚ ਸਵਦੇਸ਼ੀ ਸੁਮਾਦਾਏ ਅਤੇ ਛੋਟੇ ਕਿਸਾਨ, ਪੂੰਜੀਵਾਦੀ ਕਾਰਪੋਰੇਟ ਧੁਰੰਤਰਾਂ ਦੇ ਖਿਲਾਫ ਇੱਕ ਜੁੱਟ ਹਨ, ਉਹਨਾਂ ਦਾ ਸੰਘਰਸ਼ ਆਪਣੀਆਂ ਜ਼ਮੀਨਾਂ ਕਾਰਪੋਰੇਟਾਂ ਹੱਥ ਜਾਣ ਤੋਂ ਬਚਾਉਣਾ ਹੈ। ਜੰਗਲਾਂ ਦੀ ਕਟਾਈ ਅਤੇ ਕਾਰਪੋਰੇਟਾਂ ਵੱਲੋਂ ਜ਼ਮੀਨ ਹਥਿਆਉਣ ਲਈ ਕੀਤੇ ਘਿਨੌਣੇ ਯਤਨਾਂ ਦਾ ਵਿਰੋਧ ਕਿਸਾਨਾਂ ਦੇ ਸੰਘਰਸ਼ਾਂ ਦੀ ਕਹਾਣੀ ਵਿੱਚ ਇੱਕ ਨਵੀਂ ਪਰਤ ਜੋੜ ਰਿਹਾ ਹੈ, ਜੋ ਵਾਤਾਵਰਨ ਸੁਰੱਖਿਆ ਅਤੇ ਸਮਾਜਿਕ ਨਿਆਂ ਦੀ ਇੱਕ ਕਹਾਣੀ ਬੁਣਦਾ ਹੈ।

ਦੁਨੀਆਂ ਭਰ ਵਿੱਚ ਕਿਸਾਨਾਂ ਨੂੰ ਪ੍ਰੇਸ਼ਾਨ ਕਰਨ ਵਾਲੇ ਮੁੱਦਿਆਂ ਵਿੱਚ ਲਗਭਗ ਸਮਾਨਤਾ ਹੈ। ਉਹਨਾਂ ਦੇ ਸੰਘਰਸ਼ ਦਾ ਤਾਣਾ-ਬਾਣਾ ਲੁੱਟ-ਖਸੁੱਟ, ਹਾਸ਼ੀਏ 'ਤੇ ਜਾਣ ਅਤੇ ਟੁੱਟੇ ਵਾਇਦਿਆਂ ਦੇ ਧਾਗਿਆਂ ਨਾਲ ਬੁਣਿਆ ਗਿਆ ਹੈ। ਜਦੋਂ ਅਸਿਥਰ ਬਜ਼ਾਰ ਉਹਨਾਂ ਕੀਮਤਾਂ ਵਿੱਚ ਉਤਾਰ-ਚੜਾਅ ਪ੍ਰਤੀ ਸੰਵੇਦਨਸ਼ੀਲਤਾ ਬਣਾ ਦਿੰਦੇ ਹਨ ਤਾਂ ਇਹੋ ਜਿਹੇ 'ਚ ਉਹਨਾਂ ਦੀ ਪੈਦਾਵਾਰ ਦੇ ਲਈ ਬਹੁਤ ਘੱਟ ਮੁੱਲ ਮਿਲਦਾ ਹੈ। ਲੁੱਟ-ਖਸੁੱਟ ਵਾਲਾ ਬਜ਼ਾਰ ਕਿਸਾਨਾਂ ਨੂੰ ਇਹੋ ਜਿਹੀ ਸਥਿਤੀ 'ਚ ਨਿਚੋੜਦਾ ਹੈ, ਜਿਸ ਵਿੱਚ ਉਹਨਾਂ ਦੀ ਫ਼ਸਲ ਦੀ ਲਾਗਤ ਕੀਮਤ ਵੀ ਕਈ ਹਾਲਾਤਾਂ 'ਚ ਨਹੀਂ ਮਿਲਦੀ। ਇਸ ਸਬੰਧੀ ਆਕਸਫੈਮ ਨੇ ਇੱਕ ਰਿਪੋਰਟ ਛਾਇਆ ਕੀਤੀ ਹੈ, ਜਿਸ ਮੁਤਾਬਿਕ ਕਿਸਾਨਾਂ ਨੂੰ ਭੋਜਨ ਦੇ ਅੰਤਿਮ ਖੁਦਰਾ ਮੁੱਲ ਦਾ ਕੇਵਲ ਇੱਕ ਤੋਂ ਅੱਠ ਫੀਸਦੀ ਮਿਲਦਾ ਹੈ।

ਕਾਰਨ ਜੇ ਜਾਣੀਏ ਤਾਂ ਬੱਸ ਇਕੋ ਹੈ, ਉਹ ਇਹ ਕਿ ਤਕੜਾ ਕਾਰਪੋਰੇਟ, ਸੱਤਾ ਦੀ ਤਾਕਤ ਕੁਝ ਹੱਥਾਂ ਵਿੱਚ ਸੌਂਪ ਦਿੰਦਾ ਹੈ। ਇਹੀ ਸੱਤਾਧਾਰੀ ਲੋਕ ਕਾਰਪੋਰੇਟ ਸੈਕਟਰ ਦੇ ਹਿੱਤਾਂ ਦੀ ਰਾਖੀ ਕਰਦੇ ਹਨ। ਕਿਸਾਨਾਂ ਦੀਆਂ ਜ਼ਮੀਨਾਂ ਹਥਿਆਉਣਾ, ਉਹਨਾਂ ਦੀ ਉਪਜ ਉਤੇ ਕੰਟਰੋਲ ਕਰਨਾ, ਛੋਟੇ ਕਿਸਾਨਾਂ ਨੂੰ ਬਜ਼ਾਰ ਵਿੱਚੋਂ ਬਾਹਰ ਕਰਨਾ, ਇਹਨਾ ਧੰਨ ਕੁਬੇਰਾਂ ਦਾ ਮੰਤਵ ਹੈ, ਜੋ ਕਿਸਾਨਾਂ ਦੀਆਂ ਸਮੱਸਿਆਵਾਂ ਦੀ ਮੂਲ ਜੜ੍ਹ ਬਣਦਾ ਹੈ।

ਅੱਜ ਕਿਸਾਨਾਂ ਦੀ ਸਥਿਤੀ ਇਹ ਹੈ ਕਿ ਉਹ ਕਰਜ਼ੇ ਨਾਲ ਮੜ੍ਹੇ ਪਏ ਹਨ। ਵਾਤਾਵਰਨ 'ਚ ਬਦਲਾਅ ਨੇ ਉਹਨਾਂ ਦੀ ਫਸਲ 'ਚ ਅਨਿਸ਼ਚਿਤਤਾ ਵਧਾ ਦਿੱਤੀ ਹੋਈ ਹੈ। ਭਾਰਤ ਵਿੱਚ ਕਿਸਾਨਾਂ ਦੇ ਮੰਦੇ ਹਾਲਾਤ ਇਥੋਂ ਤੱਕ ਹਨ ਕਿ ਉਹ ਖੁਦਕੁਸ਼ੀਆਂ ਕਰ ਰਹੇ ਹਨ। ਉੱਚੀ ਲਾਗਤ ਅਤੇ ਬਜ਼ਾਰੀ ਕੀਮਤਾਂ ਕਾਰਨ ਅਕਸਰ ਕਿਸਾਨ ਕਰਜ਼ੇ ਹੇਠ ਦੱਬੇ ਜਾ ਰਹੇ ਹਨ। ਵਿਸ਼ਵ ਬੈਂਕ ਦੀ ਇੱਕ ਰਿਪੋਰਟ ਕਹਿੰਦੀ ਹੈ ਕਿ ਵਿਸ਼ਵ ਪੱਧਰ 'ਚ ਪੰਜ ਕਰੋੜ ਛੋਟੇ ਕਿਸਾਨ ਕਰਜ਼ੇ ਦੇ ਚੱਕਰ 'ਚ ਫਸੇ ਹੋਏ ਹਨ।

ਵਿਸ਼ਵ ਭਰ 'ਚ ਉਦਯੋਗਿਕਰਨ ਵਧ ਰਿਹਾ ਹੈ ਅਤੇ ਹਰ ਦੇਸ਼ 'ਚ ਬੁਨਿਆਦੀ ਢਾਂਚੇ ਦਾ ਵਿਕਾਸ ਕੀਤਾ ਜਾ ਰਿਹਾ ਹੈ। ਇਸ ਨਾਲ ਕਿਸਾਨਾਂ ਦੀ ਜ਼ਮੀਨ ਤੋਂ ਬੇਦਖਲੀ ਹੋ ਰਹੀ ਹੈ, ਜੋ ਇਹਨਾਂ ਅੰਨ ਦਾਤਿਆਂ ਲਈ ਵੱਡੀ ਸਮੱਸਿਆ ਬਣੀ ਹੋਈ ਹੈ। ਦੇਸ਼ ਦੀਆਂ ਸਥਾਨਕ ਸਰਕਾਰਾਂ ਕਾਰਪੋਰੇਸ਼ਨਾਂ ਅਤੇ ਸਰਕਾਰਾਂ ਵੱਲੋਂ ਜ਼ਮੀਨ ਪ੍ਰਾਪਤ ਕਰਨ ਲਈ ਹਰ ਦਿਨ ਬਿਨ੍ਹਾਂ ਕਿਸੇ ਪੁਨਰਵਾਸ ਦੇ, ਕਿਸਾਨਾਂ ਨੂੰ ਉਜਾੜਿਆ ਜਾ ਰਿਹਾ ਹੈ, ਇਹ ਉਸ ਲਈ ਰੋਜ਼ੀ-ਰੋਟੀ ਦਾ ਮਸਲਾ ਪੈਦਾ ਕਰ ਰਿਹਾ ਹੈ। 'ਲੈਂਡ ਮੈਟਰਿਕਸ ਐਨੀਸ਼ੀਏਟਿਵ' ਦੇ ਅਨੁਸਾਰ 2016 ਤੋਂ 2020 ਦੇ ਵਿਚਕਾਰ ਵਿਸ਼ਵ ਪੱਧਰ 'ਤੇ ਕਿਸਾਨਾਂ ਦੀ 10 ਲੱਖ ਹੈਕਟੇਅਰ ਜ਼ਮੀਨ ਹੜੱਪ ਲਈ ਗਈ।

ਔੜ, ਹੜ੍ਹ ਅਤੇ ਅਨਿਯਮਤ ਮੌਸਮ ਕਿਸਾਨਾਂ ਦੀ ਫ਼ਸਲ ਉਜਾੜ ਦਿੰਦਾ ਹੈ। ਇਹ ਵਿਸ਼ਵ-ਵਿਆਪੀ ਵਰਤਾਰਾ ਹੈ। ਇਹ ਸਥਿਤੀਆਂ ਜਿਥੇ ਖੁਰਾਕ ਸੁਰੱਖਿਆ ਨੂੰ ਖ਼ਤਰੇ 'ਚ ਪਾਉਂਦੀਆਂ ਹਨ, ਉਥੇ ਕਿਸਾਨਾਂ ਨੂੰ ਗਰੀਬੀ ਵੱਲ ਧਕੇਲਦੀਆਂ ਹਨ। ਵਿਸ਼ਵ ਬੈਂਕ ਦਾ ਅੰਦਾਜ਼ਾ ਹੈ ਕਿ ਮੌਸਮੀ ਬਦਲੀ 2030 ਤੱਕ 2.6 ਕਰੋੜ ਹੋਰ ਲੋਕਾਂ ਨੂੰ ਗਰੀਬੀ ਵੱਲ ਧੱਕ ਦੇਵੇਗੀ, ਖ਼ਾਸ ਤੌਰ 'ਤੇ ਪੇਂਡੂ ਖੇਤਰਾਂ ਵਿੱਚ। ਛੋਟੇ ਕਿਸਾਨਾਂ ਕੋਲ ਪਾਣੀ, ਕਰਜ਼ਾ ਅਤੇ ਸੂਚਨਾ ਜਿਹੇ ਜ਼ਰੂਰੀ ਸਾਧਨਾਂ ਤੱਕ ਪਹੁੰਚ ਦੀ ਘਾਟ ਉਹਨਾ ਦੀਆਂ ਫਸਲਾਂ ਦੇ ਪੈਦਾਵਾਰ ਅਤੇ ਲਚੀਲੇਪਨ ਵਿੱਚ ਪੁਠਾ ਅਸਰ ਪਾਉਂਦੇ ਹਨ। ਸਰਕਾਰਾਂ ਨੂੰ ਕਿਸਾਨਾਂ ਦੇ ਵਿਸ਼ਵ ਵਿਦਰੋਹ ਨੂੰ ਨਜ਼ਰਅੰਦਾਜ ਨਹੀਂ ਕਰਨਾ ਚਾਹੀਦਾ, ਨਾ ਹੀ ਦਬਾਉਣਾ ਚਾਹੀਦਾ ਹੈ, ਜਿਵੇਂ ਕਿ ਭਾਰਤ ਵਿੱਚ ਦਬਾਇਆ ਜਾ ਰਿਹਾ ਹੈ। ਭਾਰਤ ਵਿੱਚ ਕਿਸਾਨਾਂ ਦੀ ਗਿਣਤੀ ਕਿਉਂਕਿ ਵੱਧ ਹੈ, ਉਹਨਾਂ ਦੀ ਜਦੋਂ ਸੁਣਵਾਈ ਨਹੀਂ ਹੁੰਦੀ, ਉਹਨਾਂ ਦੇ ਅੰਦੋਲਨ ਨੂੰ ਕੁਚਲਿਆ ਜਾਂਦਾ ਹੈ, ਤਾਂ ਉਹਨਾਂ 'ਚ ਗੁੱਸਾ ਹੋਰ ਜ਼ਿਆਦਾ ਭੜਕਦਾ ਹੈ। ਉਹ ਰੋਕਾਂ ਤੋੜਦੇ ਹਨ, ਆਪਣੀ ਗੱਲ ਵਿਸ਼ਵ ਪੱਧਰ 'ਤੇ ਪਹੁੰਚਾਉਣ ਲਈ ਯਤਨ ਕਰਦੇ ਹਨ।

ਇਤਿਹਾਸ ਗਵਾਹ ਹੈ ਕਿ ਜਦੋਂ-ਜਦੋਂ ਕਿਸਾਨਾਂ-ਮਜ਼ਦੂਰਾਂ ਨੇ ਲੁੱਟ-ਖਸੁੱਟ ਦੇ ਵਿਰੁੱਧ ਇਕੱਠੇ ਹੋ ਕੇ ਸੱਤਾ ਦੇ ਵਿਰੁੱਧ ਹੁੰਕਾਰ ਭਰੀ ਹੈ, ਉਹਨਾਂ ਨੇ ਸੱਤਾ ਪਲਟਾਉਣ ਦਾ ਕੰਮ ਕੀਤਾ ਹੈ।

ਸਾਲ 1917 'ਚ ਰੂਸ 'ਚ ਇਨਕਲਾਬ ਆਇਆ, ਮਾਓ ਜੇ ਤੁੰਗ ਦੀ ਅਗਵਾਈ ਵਿੱਚ ਚੀਨ 'ਚ ਕ੍ਰਾਂਤੀ ਆਈ ਜਾਂ ਭਾਰਤ ਵਿੱਚ ਕਿਸਾਨ ਅੰਦੋਲਨ, ਤਿੰਨ ਮੁੱਦਿਆਂ ਗਰੀਬੀ, ਜ਼ਮੀਨ ਹਥਿਆਉਣ ਦੇ ਮੁੱਦਿਆਂ ਅਤੇ ਗੁਲਾਮੀ ਨੂੰ ਲੈ ਕੇ ਕਿਸਾਨਾਂ ਦਾ ਵਿਰੋਧ ਵੱਡਾ ਰਿਹਾ। ਇਹ ਪੇਂਡੂ ਖਿੱਤਿਆਂ 'ਚ ਮੁੱਖ ਤੌਰ 'ਤੇ ਵੇਖਣ ਨੂੰ ਮਿਲਿਆ। ਇਹ ਤਿੰਨੇ ਅੰਦੋਲਨ ਸੱਤਾ ਧਾਰੀਆਂ ਦੇ ਵਿਰੋਧ 'ਚ ਪੈਦਾ ਹੋਏ।

ਹਰੇਕ ਅੰਦੋਲਨ ਨੇ ਤਬਦੀਲੀ ਦੀ ਵਕਾਲਤ ਕਰਨ ਵਾਲੀ ਵਿਚਾਰਧਾਰਾ ਤੋਂ ਪ੍ਰੇਰਨਾ ਲਈ। ਰੂਸ ਵਿੱਚ ਬਾਲਸ਼ਵਿਕਾਂ ਨੇ ਜ਼ਮੀਨ ਦੀ ਵੰਡ ਬਰਾਬਰੀ ਦਾ ਵਾਅਦਾ ਕਰਦਿਆਂ ਸਮਾਜਵਾਦ ਨੂੰ ਅਪਨਾਇਆ। ਮਾਓ ਜੇ ਤੁੰਗ ਦੀ ਕ੍ਰਾਂਤੀ ਮਾਓਵਾਦ ਤੋਂ ਪ੍ਰੇਰਿਤ ਸੀ ਜੋ ਮਾਰਕਸਵਾਦ ਅਤੇ ਖੇਤੀ ਸਮਾਜਵਾਦ ਦਾ ਮਿਸ਼ਰਣ ਸੀ। ਜਦ ਕਿ ਹੁਣ ਵਾਲਾ ਭਾਰਤੀ ਅੰਦੋਲਨ ਵੀ ਸਮਾਜਿਕ ਨਿਆਂ ਅਤੇ ਉਚਿਤ ਵਤੀਰੇ ਦੇ ਵਿਚਾਰਾਂ ਨੂੰ ਪ੍ਰਗਟਾਉਂਦਾ ਹੈ। ਕਿਸਾਨ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਦੀ ਗੱਲ ਵੀ ਕਰਦੇ ਹਨ, ਉਹ ਆਪਣੀ ਮਨੁੱਖੀ ਹੱਕਾਂ ਦੀ ਗੱਲ ਕਰਦੇ ਹਨ ਅਤੇ ਆਪਣੀਆਂ ਮੰਗਾਂ ਦੇ ਹੱਕ 'ਚ ਦ੍ਰਿੜਤਾ ਨਾਲ ਖੜ੍ਹੇ ਹਨ। ਉਹ ਦੇਸ਼ 'ਚ ਨਿੱਜੀਕਰਨ ਦੇ ਵਾਧੇ ਦਾ ਵਿਰੋਧ ਵੀ ਕਰਦੇ ਹਨ। ਆਪਣੀ ਜ਼ਮੀਨ ਦੀ ਰੱਖਿਆ ਤਾਂ ਉਹਨਾ ਦਾ ਮੁੱਖ ਮੰਤਵ ਹੈ। ਉਹਨਾਂ ਦੀ ਪ੍ਰੇਸ਼ਾਨੀ ਵੀ ਵਿਸ਼ਵ ਦੇ ਕਿਸਾਨਾਂ ਦੀ ਪ੍ਰੇਸ਼ਾਨੀ ਵਰਗੀ ਹੈ। ਸਰਕਾਰ ਦੀਆਂ ਨੀਤੀਆਂ ਕਾਰਨ ਉਹਨਾਂ ਸਿਰ ਕਰਜ਼ਾ ਵਧ ਰਿਹਾ ਹੈ। ਇਹ ਸਤੰਬਰ 2016 ਤੱਕ 12.80 ਲੱਖ ਕਰੋੜ ਸੀ। 1995 ਤੋਂ 2013 ਤੱਕ ਤਿੰਨ ਲੱਖ ਤੋਂ ਵਧ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਸਨ। ਇਹ ਕਿਸੇ ਵੀ ਕੁਦਰਤੀ ਆਫ਼ਤ 'ਚ ਹੋਈਆਂ ਮੌਤਾਂ ਤੋਂ ਵੱਧ ਗਿਣਤੀ ਹੈ।

ਜਿੰਨੇ ਵੀ ਵਿਸ਼ਵ ਭਰ ਵਿੱਚ ਇਨਕਲਾਬ ਹੋਏ ਹਨ, ਉਹਨਾਂ ਸਾਰਿਆਂ 'ਚ ਕਿਸਾਨਾਂ, ਮਜ਼ਦੂਰਾਂ, ਲੇਖਕਾਂ, ਬੁੱਧੀਜੀਵੀਆਂ ਅਤੇ ਸਮਾਜ ਦੇ ਹਰ ਵਰਗ ਦੇ ਲੋਕਾਂ ਨੇ ਹਿੰਮਤ ਨਾਲ ਭੂਮਿਕਾ ਨਿਭਾਈ।

(ਬਾਕੀ ਸਫ਼ਾ 31 'ਤੇ)

# ਮੋਦੀ ਵਾਂਗ ਜੇਤੂ ਮਾਹੌਲ ਨਹੀਂ ਬਣਾ ਸਕਿਆ 'ਇੰਡੀਆ' ਗਠਜੋੜ



**ਅਭੈ ਕੁਮਾਰ ਦੂਬੇ**
ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ 'ਚ ਪ੍ਰੋਫ਼ੈਸਰ ਅਤੇ ਭਾਰਤੀ ਭਾਸ਼ਾਵਾਂ 'ਚ ਅਭਿਲੇਖਾਗਰੀ ਖੋਜ ਪ੍ਰੋਗਰਾਮ ਦੇ ਨਿਰਦੇਸ਼ਕ ਹਨ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਰ-ਵਾਰ ਹਰ ਮੰਚ ਤੋਂ ਦਾਅਵਾ ਕਰ ਰਹੇ ਹਨ ਕਿ ਮਈ ਦੇ ਮਹੀਨੇ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਉਨ੍ਹਾਂ ਦੀ ਪਾਰਟੀ ਨੂੰ 370 ਸੀਟਾਂ ਮਿਲਣਗੀਆਂ ਅਤੇ ਕੌਮੀ ਲੋਕਤੰਤਰਿਕ ਗੱਠਜੋੜ 400 ਤੋਂ ਪਾਰ ਚਲਾ ਜਾਵੇਗਾ। ਆਪਣੇ ਵਰਕਰਾਂ ਵਿੱਚ ਜੋਸ਼ ਭਰਨ ਲਈ ਇਸ ਤਰ੍ਹਾਂ ਦੀਆਂ ਗੱਲਾਂ ਠੀਕ ਹਨ, ਪਰ ਇਹ ਇਕ ਤੱਥ ਹੈ ਕਿ ਜਦੋਂ ਤੱਕ ਭਾਜਪਾ ਦੱਖਣ ਭਾਰਤ ਵਿੱਚ ਜਿੱਤ ਹਾਸਿਲ ਕਰਨ ਲਾਇਕ ਸਮਰਥਨ ਆਧਾਰ ਤਿਆਰ ਨਹੀਂ ਕਰਦੀ, ਉਦੋਂ ਤੱਕ ਇਸ ਤਰ੍ਹਾਂ ਦਾ ਨਤੀਜਾ ਹਾਸਿਲ ਨਹੀਂ ਕਰ ਸਕਦੀ। ਇਸ ਤੋਂ ਪਹਿਲਾਂ ਤਾਂ ਭਾਜਪਾ ਨੂੰ 272 ਸੀਟਾਂ ਲਿਆਉਣਾ ਯਕੀਨੀ ਬਣਾਉਣਾ ਪਵੇਗਾ। ਪਿਛਲੀ ਵਾਰ ਉਸ ਨੇ ਕਰਨਾਟਕ (25), ਤੇਲੰਗਾਨਾ (4), ਪੱਛਮੀ ਬੰਗਾਲ (18), ਬਿਹਾਰ (17), ਝਾਰਖੰਡ (11) ਅਤੇ ਮਹਾਰਾਸ਼ਟਰ (23) ਨੂੰ ਮਿਲਾ ਕੇ 98 ਸੀਟਾਂ ਜਿੱਤੀਆਂ ਸਨ। ਇਨ੍ਹਾਂ ਸੀਟਾਂ ਨੂੰ ਦੁਬਾਰਾ ਜਿੱਤਣਾ ਸੌਖਾ ਸਾਬਿਤ ਨਹੀਂ ਹੋਵੇਗਾ। ਇਨ੍ਹਾਂ ਸੂਬਿਆਂ 'ਚ ਹਾਲਾਤ ਬਦਲ ਚੁੱਕੇ ਹਨ। ਮਹਾਰਾਸ਼ਟਰ ਵਿੱਚ ਮਹਾਂਵਿਕਾਸ ਅਘਾੜੀ ਭਾਜਪਾ ਦੇ ਗੱਠਜੋੜ ਤੋਂ ਅੱਗੇ ਹੈ। ਬਿਹਾਰ ਵਿੱਚ ਮਹਾਂਗੱਠਜੋੜ ਕੌਮੀ ਜਮਹੂਰੀ ਗੱਠਜੋੜ (ਐੱਨ.ਡੀ.ਏ.) ਨੂੰ ਸਖ਼ਤ ਟੱਕਰ ਦੇਣ ਜਾ ਰਿਹਾ ਹੈ।

ਝਾਰਖੰਡ ਵਿੱਚ ਸੋਰੇਨ ਸਰਕਾਰ ਡੇਗਣ ਦੇ ਚੱਕਰ 'ਚ ਭਾਜਪਾ ਮਾਤ ਖਾ ਚੁੱਕੀ ਹੈ। ਬੰਗਾਲ 'ਚ ਮਮਤਾ ਬੈਨਰਜੀ 2019 ਦੇ ਮੁਕਾਬਲੇ ਜ਼ਿਆਦਾ ਚੌਕਸ ਅਤੇ ਤਿਆਰ ਹੈ। ਕਰਨਾਟਕ ਅਤੇ ਤੇਲੰਗਾਨਾ ਵਿੱਚ ਕਾਂਗਰਸ ਦੀ ਸਰਕਾਰ ਭਾਜਪਾ ਦੀ ਰਾਹ 'ਚ ਬਹੁਤ ਮੁਸ਼ਕਿਲਾਂ ਪੇਸ਼ ਕਰਨ ਵਾਲੀ ਹੈ। ਇਹ ਜ਼ਰੂਰ ਹੈ ਕਿ ਇਸ ਸਭ ਦੇ ਬਾਵਜੂਦ ਉਹ ਵਿਰੋਧੀ ਧਿਰ ਤੋਂ ਬਿਹਤਰ ਸਥਿਤੀ ਵਿੱਚ ਹੈ।

ਆਖ਼ਰਕਾਰ ਡਿਗਦੇ-ਢਹਿੰਦੇ ਹੀ ਸਹੀ, ਪਰ ਵਿਰੋਧੀ ਧਿਰ ਦੀ ਏਕਤਾ ਆਪਣੇ ਮੁਕਾਮ ਤੱਕ ਪਹੁੰਚਦੀ ਦਿਖਾਈ ਦੇਣ ਲੱਗੀ ਹੈ। ਸੰਭਾਵਨਾ ਇਹ ਹੈ ਕਿ ਉੱਤਰ ਪ੍ਰਦੇਸ਼, ਦਿੱਲੀ, ਬੰਗਾਲ, ਗੁਜਰਾਤ, ਗੋਆ, ਆਸਾਮ, ਮੇਘਾਲਿਆ, ਬਿਹਾਰ ਅਤੇ ਮਹਾਰਾਸ਼ਟਰ 'ਚ ਇਸ ਮਹੀਨੇ ਜਾਂ ਮਾਰਚ ਦੇ ਪਹਿਲੇ ਹਫ਼ਤੇ ਤੱਕ ਕਾਂਗਰਸ, ਸਮਾਜਵਾਦੀ ਪਾਰਟੀ, ਆਮ ਆਦਮੀ ਪਾਰਟੀ, ਤ੍ਰਿਣਮੂਲ ਕਾਂਗਰਸ, ਬਿਹਾਰ ਦੇ ਮਹਾਂਗੱਠਜੋੜ ਅਤੇ ਮਹਾਰਾਸ਼ਟਰ ਦੇ ਮਹਾਂਵਿਕਾਸ ਅਘਾੜੀ ਗੱਠਜੋੜ ਦੀਆਂ ਪਾਰਟੀਆਂ ਵਿਚਾਲੇ ਸੀਟਾਂ ਦਾ ਤਾਲਮੇਲ ਹੋ ਜਾਵੇਗਾ। ਪਿਛਲੀਆਂ ਦੋ ਲੋਕ ਸਭਾ ਚੋਣਾਂ ਦੇ ਲਿਹਾਜ਼ ਨਾਲ ਦੇਖੀਏ ਤਾਂ ਇਸ ਵਾਰ ਇਹ ਇੱਕ ਨਵੀਂ ਗੱਲ ਹੋਵੇਗੀ। ਭਾਜਪਾ ਦੇ ਖ਼ਿਲਾਫ਼ ਵਿਰੋਧੀ ਧਿਰ ਦੀ ਏਕਤਾ ਦਾ ਸੂਚਕਅੰਕ 2014 ਅਤੇ 2019 'ਚ ਸਿਫ਼ਰ ਸੀ। ਇਸ ਵਾਰ ਉਹ ਘੱਟ ਤੋਂ ਘੱਟ ਜ਼ੀਰੋ ਨਹੀਂ, ਬਲਕਿ ਉਸ ਤੋਂ ਕੁਝ ਬਿਹਤਰ ਹੋਵੇਗਾ।

ਸਵਾਲ ਇਹ ਹੈ ਕਿ ਇਸ ਵਿਰੋਧੀ ਏਕਤਾ ਦੀ ਰੂਪਰੇਖਾ ਅਤੇ ਰਾਜਨੀਤਕ ਤੱਥਾਂ ਦੀ ਸਮਝ ਕਿਸ ਤਰ੍ਹਾਂ ਬਣਾਉਣੀ ਚਾਹੀਦੀ ਹੈ? ਕੀ ਵਿਰੋਧੀ ਧਿਰ ਉਸ ਭਰੋਸੇ 'ਤੇ ਖਰੀ ਉੱਤਰ ਰਹੀ ਹੈ, ਜੋ ਉਸ ਨੇ ਕਰੀਬ ਸਾਲ-ਸਵਾ ਸਾਲ ਪਹਿਲਾਂ ਦੇਸ਼ ਦੀ ਜਨਤਾ ਨੂੰ ਦਿੱਤਾ ਸੀ? ਰਾਹੁਲ ਗਾਂਧੀ ਆਪਣੀ ਪਹਿਲੀ ਭਾਰਤ ਜੋੜੋ ਯਾਤਰਾ ਕਰਦੇ ਹੋਏ ਵਾਰ-ਵਾਰ ਕਹਿੰਦੇ ਸਨ ਕਿ ਅਸੀਂ ਵਿਰੋਧੀ ਧਿਰ ਦੇ ਨਾਲ ਮਿਲ ਕੇ ਭਾਜਪਾ ਨੂੰ ਹਰਾਵਾਂਗੇ। ਨਿਤਿਸ਼ ਕੁਮਾਰ ਦਾ ਕਹਿਣਾ ਸੀ ਕਿ ਉਨ੍ਹਾਂ ਦੀ ਦਿਲਚਸਪੀ ਤਾਂ ਸਿਰਫ਼ ਵਿਰੋਧੀ ਧਿਰ ਦੀ ਏਕਤਾ ਵਿੱਚ ਹੈ। ਮੇਰਾ ਮੁਲਾਂਕਣ ਇਹ ਹੈ ਕਿ ਗੱਠਜੋੜ ਤਾਂ ਹੋਇਆ ਹੈ ਅਤੇ ਬਾਕੀ ਜਿੱਥੇ ਰਹਿੰਦਾ ਹੈ, ਉੱਥੇ ਵੀ ਹੋ ਜਾਵੇਗਾ। ਪਰ ਇਹ ਅੱਧਾ-ਅਧੂਰਾ ਅਤੇ ਖਿੱਚੋਤਾਣ ਕਰ ਕੇ ਕੀਤਾ ਗਿਆ ਹੈ। ਇਸ ਨੇ ਮੁੱਦਿਆਂ ਨੂੰ ਆਪਸ ਵਿੱਚ ਉਲਝਾ ਕੇ ਭਾਜਪਾ ਵਲੋਂ ਬਣਾਈ ਜਾ ਰਹੀ ਹਵਾ ਦੇ ਮੁਕਾਬਲੇ ਕਿਸੇ ਸਮਾਂਤਰ ਹਵਾ ਨੂੰ ਬਣਾਉਣ ਦੀ ਕੋਸ਼ਿਸ਼ ਅਜੇ ਤੱਕ ਨਹੀਂ ਕੀਤੀ। ਵਿਰੋਧੀ ਧਿਰ ਨੇ ਸਿਰਫ਼ ਅੰਕ ਗਣਿਤ ਤਿਆਰ ਕੀਤਾ ਹੈ।

ਰਸਾਇਣ ਸ਼ਾਸਤਰ ਵਾਂਗ ਉਸ ਦੀਆਂ ਨਜ਼ਰਾਂ ਨਹੀਂ ਹਨ। ਉਹ ਮਾਹੌਲ ਤਿਆਰ ਹੀ ਨਹੀਂ ਕੀਤਾ ਗਿਆ, ਜਿਸ ਦੇ ਜ਼ਰੀਏ ਸੱਤਾ ਤਬਦੀਲੀ ਦੀ ਭਾਵਨਾ ਵੋਟਰਾਂ ਵਿਚ ਫੈਲਦੀ। ਇਸ ਲਿਹਾਜ਼ ਨਾਲ ਇਹ ਪੈਰਾਂ ਭਾਰ ਨਹੀਂ, ਸਗੋਂ ਸਿਰ ਭਾਰ ਖੜ੍ਹਾ ਗੱਠਜੋੜ ਹੈ।

ਵਿਰੋਧੀ ਧਿਰ ਨੂੰ 'ਇੰਡੀਆ' ਨਾਂਅ ਦਾ ਗੱਠਜੋੜ ਐਲਾਨ ਕਰਨ ਤੋਂ ਬਾਅਦ ਸਭ ਤੋਂ ਪਹਿਲਾ ਕੰਮ ਘੱਟੋ-ਘੱਟ ਸਾਂਝਾ ਪ੍ਰੋਗਰਾਮ ਬਣਾਉਣ ਦਾ ਕਰਨਾ ਚਾਹੀਦਾ ਸੀ। ਸੋਨੀਆ ਗਾਂਧੀ ਨੇ 9 ਮੁੱਦਿਆਂ ਨੂੰ ਦਰਸਾ ਕੇ ਉਸ ਦੀ ਸ਼ੁਰੂਆਤ ਵੀ ਕਰ ਦਿੱਤੀ ਸੀ। ਇਸ ਤੋਂ ਬਾਅਦ ਸਿਰਫ਼ ਖੇਤਰੀ ਸ਼ਕਤੀਆਂ ਨੇ ਉਨ੍ਹਾਂ ਦੇ ਨਾਲ ਆਪਣੇ-ਆਪਣੇ ਸਥਾਨਕ ਮੁੱਦਿਆਂ ਨੂੰ ਜੋੜਨਾ ਸੀ ਪਰ ਇਹ ਕੰਮ ਫਟਾਫਟ ਨਾ ਕਰ ਕੇ ਸਮਾਂ ਬਰਬਾਦ ਕੀਤਾ ਜਾਂਦਾ ਰਿਹਾ। ਸ਼ਾਇਦ ਸ਼ੁਰੂ ਤੋਂ ਵਿਰੋਧੀ ਧਿਰ ਦੇ ਨੇਤਾ ਸੋਚ ਰਹੇ ਸਨ ਕਿ ਸਿਰਫ਼ ਸੀਟਾਂ ਦਾ ਤਾਲਮੇਲ ਕਰ ਕੇ ਉਹ ਆਪਣੇ ਫ਼ਰਜ਼ ਪੂਰੇ ਕਰ ਲੈਣਗੇ। ਇਹੀ ਕਾਰਨ ਹੈ ਕਿ ਅੱਜ ਵਿਰੋਧੀ ਧਿਰ ਕੋਲ ਅਜਿਹੀ ਕੋਈ ਕਹਾਣੀ ਨਹੀਂ ਹੈ, ਜੋ ਉਹ ਦੇਸ਼ ਦੀ ਜਨਤਾ ਨੂੰ ਸੁਣਾ ਸਕੇ। ਉਸ ਕੋਲ ਮੋਦੀ ਸਰਕਾਰ ਖ਼ਿਲਾਫ਼ ਕਿਸੇ ਵੀ ਮੁੱਦੇ 'ਤੇ ਜਾਰੀ ਕੀਤਾ ਗਿਆ ਕੋਈ 'ਵਾਈਟ ਪੇਪਰ' ਨਹੀਂ ਹੈ, ਜਿਸ ਨੂੰ ਉਹ ਸਰਕਾਰ ਦੀਆਂ ਅਸਫਲਤਾਵਾਂ ਦੇ ਸਬੂਤ ਵਜੋਂ ਪੇਸ਼ ਕਰ ਸਕੇ।

ਇਸ ਦਾ ਮਤਲਬ ਇਹ ਹੋਇਆ ਕਿ 'ਇੰਡੀਆ' ਗੱਠਜੋੜ ਦੇ ਉਮੀਦਵਾਰ ਚੋਣਾਂ ਦਾ ਪਰਚਾ ਭਰਨ ਤੋਂ ਬਾਅਦ ਵੋਟਰਾਂ ਕੋਲ ਮਹਿੰਗਾਈ, ਬੇਰੁਜ਼ਗਾਰੀ, ਕਿਸਾਨ ਅੰਦੋਲਨ, ਮੋਦੀ-ਅਡਾਨੀ ਸੰਬੰਧ, ਭਾਰਤ-ਚੀਨ-ਸਰਹੱਦੀ ਵਿਵਾਦ ਅਤੇ ਫ਼ਿਰਕਾਪ੍ਰਸਤੀ ਵਰਗੇ ਮੁੱਦਿਆਂ ਦੇ ਨਾਲ ਜਾਣਗੇ ਜ਼ਰੂਰ, ਪਰ ਉਨ੍ਹਾਂ ਕੋਲ ਦੇਣ ਲਈ ਕੋਈ ਬਦਲਵਾਂ ਸੰਦੇਸ਼ ਨਹੀਂ ਹੋਵੇਗਾ। ਉਹ ਜਨਤਾ ਨੂੰ ਇਹ ਨਹੀਂ ਦੱਸ ਸਕਣਗੇ ਕਿ ਜੇਕਰ ਮੋਦੀ ਸਰਕਾਰ ਰੁਜ਼ਗਾਰ ਨਹੀਂ ਦੇ ਸਕਦੀ ਤਾਂ ਉਹ ਕਿਸ ਤਰ੍ਹਾਂ ਨੌਕਰੀਆਂ ਅਤੇ ਰੁਜ਼ਗਾਰ ਦਾ ਬੰਦੋਬਸਤ ਕਰਨਗੇ? ਉਹ ਵੋਟਰਾਂ ਨੂੰ ਇਹ ਭਰੋਸਾ ਨਹੀਂ ਦੇ ਸਕਣਗੇ ਕਿ ਜੇਕਰ ਮੋਦੀ ਸਰਕਾਰ ਮਹਿੰਗਾਈ ਘੱਟ ਨਹੀਂ ਕਰ ਸਕੀ ਤਾਂ ਉਨ੍ਹਾਂ ਕੋਲ ਜ਼ਰੂਰੀ ਚੀਜ਼ਾਂ ਦੇ ਭਾਅ ਦਾ ਉੱਚਿਤ ਪ੍ਰਬੰਧ ਕਰਨ ਦਾ ਕੀ ਬੰਦੋਬਸਤ ਹੋਵੇਗਾ ਉਹ ਅਜਿਹਾ ਕੋਈ ਦਾਅਵਾ ਨਹੀਂ ਕਰ ਸਕਣਗੇ ਕਿ ਜੇਕਰ ਮੋਦੀ ਸਰਕਾਰ ਕਿਸਾਨਾਂ ਨੂੰ ਫ਼ਸਲਾਂ ਦੇ ਲਾਭਕਾਰੀ ਮੁੱਲ ਮੁਹੱਈਆ ਕਰਵਾਉਣ ਦੇ ਵਾਅਦੇ ਤੋਂ ਮੁਨਕਰ ਹੋ ਰਹੀ ਹੈ ਤਾਂ ਉਹ ਕਿਵੇਂ ਅਤੇ ਕਿੰਨੇ ਸਮੇਂ 'ਚ ਕਿਸਾਨਾਂ ਦੀ ਇਹ ਮੰਗ ਪੂਰੀ ਕਰ ਦੇਣਗੇ? ਚੀਨ ਸਰਹੱਦ 'ਤੇ ਲਗਾਤਾਰ ਕਬਜ਼ਾ ਕਰ ਰਿਹਾ ਹੈ ਅਤੇ ਮੋਦੀ ਸਰਕਾਰ ਉਸ ਨੂੰ ਰੋਕਣ 'ਚ ਅਸਮਰੱਥ ਹੈ ਪਰ ਕੀ ਵਿਰੋਧੀ ਧਿਰ ਕੋਲ ਇਸ ਗੱਲ ਦੀ ਕੋਈ ਗਾਰੰਟੀ ਹੈ ਕਿ ਉਹ ਚੀਨ ਨੂੰ ਪਿੱਛੇ ਧੱਕ ਦੇਵੇਗਾ?

ਦਰਅਸਲ ਵਿਰੋਧੀ ਧਿਰ ਨੇ ਕੋਈ ਬਦਲਵਾਂ ਨਕਸ਼ਾ ਪੇਸ਼ ਕਰਨ ਵਿੱਚ ਦਿਮਾਗ਼ ਨਹੀਂ ਖਪਾਇਆ ਉਸ ਦਾ ਰਵੱਈਆ ਪ੍ਰਤੀਕਿਰਿਆਤਮਿਕ ਹੈ। ਜਿਵੇਂ, ਜਦੋਂ ਕਿਸਾਨਾਂ ਨੇ ਦਿੱਲੀ ਮਾਰਚ ਸ਼ੁਰੂ ਕੀਤਾ ਤਾਂ ਵਿਰੋਧੀ ਧਿਰ ਦੇ ਨੇਤਾ ਉਸ ਬਾਰੇ ਬੋਲਣ ਲੱਗੇ। ਜਦੋਂ ਲਖਨਊ 'ਚ ਪ੍ਰਸ਼ਨ ਪੱਤਰ ਲੀਕ ਹੋਏ ਤਾਂ ਰੁਜ਼ਗਾਰ 'ਤੇ ਕੁਝ ਕਹਿਣਾ ਸ਼ੁਰੂ ਕਰ ਦਿੱਤਾ। ਜੇਕਰ ਮਹਿੰਗਾਈ ਦੇ ਅੰਕੜੇ ਆਏ ਤਾਂ ਸਰਕਾਰ ਦੀ ਕੁਝ ਨਿੰਦਾ ਕਰ ਦਿੱਤੀ। ਅਡਾਨੀ ਸੰਬੰਧੀ ਵਿਦੇਸ਼ਾਂ ਤੋਂ ਕਿਸੇ ਤੱਥ ਦੀ ਆਮਦ ਹੋਈ ਤਾਂ 'ਕ੍ਰੋਨੀ ਕੈਪਿਟਲਿਜ਼ਮ' 'ਤੇ ਬਿਆਨ ਜਾਰੀ ਕਰ ਦਿੱਤਾ। ਜੇਕਰ ਉਹ ਸੁਚਾਰੂ ਢੰਗ ਨਾਲ ਕੰਮ ਕਰਦੇ ਤਾਂ ਸਾਰੇ ਜ਼ਰੂਰੀ ਮੁੱਦਿਆਂ 'ਤੇ ਆਪਣੀ ਸਮਾਂਤਰ ਕਾਰਜ ਯੋਜਨਾ ਪੇਸ਼ ਕਰ ਸਕਦੇ ਸਨ। ਇਹ ਕੰਮ ਇਕ ਦਿਨ 'ਚ ਨਹੀਂ ਹੋ ਸਕਦਾ ਸੀ। ਇਸ 'ਚ ਸਾਲ-ਡੇਢ ਸਾਲ ਲੱਗਣਾ ਸੀ। ਅੱਜ ਵੋਟਰਾਂ ਨੂੰ ਇਹ ਪਤਾ ਨਹੀਂ ਹੈ ਕਿ ਜੇਕਰ ਉਹ ਮੋਦੀ ਦੀ ਸਰਕਾਰ ਨੂੰ ਹਟਾਉਣ ਬਾਰੇ ਸੋਚਣ ਵੀ ਤਾਂ ਜੋ ਨਵੀਂ ਸਰਕਾਰ ਉਸ ਦੀ ਥਾਂ ਆਏਗੀ, ਉਸ ਤੋਂ ਉਨ੍ਹਾਂ ਨੂੰ ਕੀ ਉਮੀਦ ਕਰਨੀ ਚਾਹੀਦੀ ਹੈ?

ਇੰਝ ਲੱਗਦਾ ਹੈ ਕਿ ਵਿਰੋਧੀ ਧਿਰ ਮੋਦੀ ਸਰਕਾਰ ਦੇ ਖ਼ਿਲਾਫ਼ ਕਿਸੇ ਬਹੁਤ ਵੱਡੀ ਅਤੇ ਮਜ਼ਬੂਤ 'ਐਂਟੀ-ਇਨਕੁੰਬੈਂਸੀ' (ਸੱਤਾ ਵਿਰੋਧੀ ਲਹਿਰ) ਦੀ ਉਮੀਦ 'ਚ ਹੈ। ਪਰ ਕੀ ਅਜਿਹੀ ਕੋਈ ਸਰਕਾਰ ਵਿਰੋਧੀ ਹਵਾ ਚੱਲ ਰਹੀ ਹੈ? ਮੇਰਾ ਖ਼ਿਆਲ ਹੈ ਕਿ ਵਿਰੋਧੀ ਧਿਰ ਦੇ ਪ੍ਰਤੀ ਖ਼ਾਸੀ ਹਮਦਰਦੀ ਰੱਖਣ ਵਾਲਾ ਕੋਈ ਸਮੀਖਿਅਕ ਵੀ ਸੱਤਾ 'ਚ ਤਬਦੀਲੀ ਲਿਆ ਸਕਣ ਵਾਲੀ ਕਿਸੇ ਹਵਾ ਨੂੰ ਨਹੀਂ ਦੇਖ ਪਾ ਰਿਹਾ ਹੈ। 10 ਸਾਲ ਤੱਕ ਚੱਲਣ ਵਾਲੀ ਸਰਕਾਰ ਦੇ ਵਿਰੋਧ ਵਿੱਚ ਕੁਝ ਨਾ ਕੁਝ ਨਾਰਾਜ਼ਗੀਆਂ ਹੁੰਦੀਆਂ ਹੀ ਹਨ, ਪਰ ਉਹ ਆਪਣੇ ਆਪ ਚੋਣ ਜਿੱਤਣ ਦੀ ਕੋਈ ਗਾਰੰਟੀ ਨਹੀਂ ਦਿੰਦੀਆਂ। ਸੱਤਾ ਵਿਰੋਧੀ ਭਾਵਨਾ ਦੀ ਗ਼ੈਰ-ਮੌਜੂਦਗੀ ਵਿੱਚ ਵਿਰੋਧੀ ਧਿਰ ਦੇ ਉਮੀਦਵਾਰ ਸਿਰਫ਼ ਸਥਾਨਕ ਜਾਤੀਗਤ ਅਤੇ ਫ਼ਿਰਕੂਗਤ ਸਮੀਕਰਨਾਂ ਦੇ ਆਸਰੇ ਹੀ ਰਹਿਣਗੇ। ਹੋ ਸਕਦਾ ਹੈ ਕਿ ਕੁਝ ਚੋਣ ਖੇਤਰਾਂ 'ਚ ਉਨ੍ਹਾਂ ਨੂੰ ਇਸ ਆਧਾਰ 'ਤੇ ਕਾਮਯਾਬੀ ਮਿਲ ਜਾਵੇ, ਪਰ ਜੇਕਰ ਅਜਿਹਾ ਹੋਇਆ ਵੀ ਤਾਂ ਉਹ ਇੱਕ ਅਪਵਾਦ ਦੇ ਤੌਰ 'ਤੇ ਹੀ ਹੋਵੇਗਾ। ਇਸ ਹਾਲਤ 'ਚ ਵੋਟਰ ਸਿਰਫ਼ ਇੱਕ ਹੀ ਪਾਰਟੀ ਦੀ ਸਰਕਾਰ ਬਣਦੇ ਹੋਏ ਦੇਖ ਪਾ ਰਹੇ ਹਨ। ਜੰਮੀ ਹੋਈ ਸਰਕਾਰ ਉਖਾੜਨ ਲਈ ਕਿਸੇ ਬਦਲਵੀਂ ਬਣਤਰ ਨੂੰ ਉਨ੍ਹਾਂ ਦੇ ਵਿਚਾਰ ਲਈ ਪੇਸ਼ ਹੀ ਨਹੀਂ ਕੀਤਾ ਗਿਆ।

# ਨਾਨਕ ਪੰਥੀ ਕਬੀਲਿਆਂ ਨੂੰ ਸਿੱਖ ਮੁੱਖ ਧਾਰਾ ਨਾਲ ਜੋੜੇ ਸ਼੍ਰੋਮਣੀ ਕਮੇਟੀ ਤੇ ਦਿੱਲੀ ਗੁਰਦੁਆਰਾ ਕਮੇਟੀ

**ਡਾ. ਦਲਵਿੰਦਰ ਸਿੰਘ ਗਰੇਵਾਲ**

ਇਹ ਬਹੁਤ ਚਿੰਤਾ ਦੀ ਗੱਲ ਹੈ ਕਿ ਸਿੱਖ ਆਪਣੇ ਇਤਿਹਾਸ, ਸਿੱਖ ਕਬੀਲੇ ਅਤੇ ਧਾਰਮਿਕ ਅਸਥਾਨਾਂ ਦੀ ਸਾਂਭ-ਸੰਭਾਲ ਨਹੀਂ ਕਰ ਸਕੇ ਅਤੇ ਉਨ੍ਹਾਂ ਲੋਕਾਂ ਨਾਲ ਸੰਪਰਕ ਨਹੀਂ ਕਰ ਰਹੇ, ਜੋ ਪਹਿਲਾਂ ਗੁਰੂਆਂ ਅਤੇ ਸਿੱਖ ਧਰਮ ਦੇ ਬਹੁਤ ਨੇੜੇ ਸਨ। ਤੇਲੰਗਾਨਾ ਦੇ ਮਹਿਬੂਬਨਗਰ ਜ਼ਿਲ੍ਹੇ ਦੇ ਮਦੂਰ ਮੰਡਲ 'ਚ ਥਿਮਾ ਰੈੱਡੀ ਪੱਲੇ ਅਜਿਹਾ ਹੀ ਇੱਕ ਅਸਥਾਨ ਹੈ, ਜਿੱਥੇ 300 ਸਾਲ ਪੁਰਾਣਾ ਗੁਰਦੁਆਰਾ ਮੰਜੀ ਸਾਹਿਬ ਦੱਖਣੀ ਭਾਰਤ 'ਚ ਗੌਂਡ ਅਤੇ ਵਣਜਾਰਾ ਸਿੱਖਾਂ 'ਚ ਸਿੱਖਾਂ ਦੇ ਇਤਿਹਾਸ ਦੀ ਯਾਦ ਦਿਵਾਉਂਦਾ ਹੈ। ਇੱਥੇ ਲੋਕਾ ਮਸੰਦ, ਲਿੰਗਾ ਮਸੰਦ ਅਤੇ ਮਾਈ ਭਾਗੋ ਦੀ ਪੂਜਾ ਕੀਤੀ ਜਾਂਦੀ ਹੈ।

ਮਸੰਦ ਸਿੱਖ ਅਧਿਕਾਰਤ ਤੌਰ 'ਤੇ ਗੁਰੂ ਦੀ ਨੁਮਾਇੰਦਗੀ ਕਰਨ ਵਾਲੇ ਨਿਯੁਕਤ ਮਿਸ਼ਨਰੀ ਮੰਤਰੀ ਸਨ, ਜੋ ਪੂਰੀ ਤਰ੍ਹਾਂ ਸਿੱਖ ਧਰਮ ਨਾਲ ਜੁੜੇ ਹੁੰਦੇ ਸਨ। ਗੁਰੂ ਗੋਬਿੰਦ ਸਿੰਘ ਵੇਲੇ ਤੋਂ ਉਹ ਖੰਡੇ-ਬਾਟੇ ਦੀ ਪਾਹੁਲ ਦੇ ਧਾਰਨੀ ਹੁੰਦੇ ਸਨ ਅਤੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਤੋਂ ਇਲਾਵਾ ਭੇਟ ਵਜੋਂ ਦਸਵੰਧ ਇਕੱਠਾ ਕਰਕੇ ਗੁਰੂ ਘਰ ਪਹੁੰਚਾਉਂਦੇ ਸਨ। ਬਾਅਦ ਵਿੱਚ ਵੀ ਬਹੁਤ ਸਾਰੇ ਮਸੰਦਾਂ ਨੇ ਸਮਰਪਿਤ ਸਿੱਖਾਂ ਵਜੋਂ ਸੇਵਾ ਨਿਭਾਈ, ਲੋਕ ਭਲਾਈ ਦੇ ਕੰਮ ਕੀਤੇ ਅਤੇ ਸਿੱਖ ਧਰਮ ਦਾ ਪ੍ਰਚਾਰ ਕੀਤਾ। ਉਨ੍ਹਾਂ ਵਿਚੋਂ ਕੁਝ ਗੌਂਡ ਭਾਈਚਾਰੇ ਦੇ ਸਨ, ਜੋ ਧਰਮ ਦੇ ਪ੍ਰਚਾਰ ਲਈ ਅਤੇ ਅਤਿਆਚਾਰਾਂ ਤੇ ਜ਼ੁਲਮਾਂ ਵਿਰੁੱਧ ਲੜਨ ਲਈ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਜਾਂਦੇ ਰਹੇ। ਉਨ੍ਹਾਂ ਵਿਚੋਂ 8 ਪ੍ਰਮੁੱਖ ਮਸੰਦ ਜੋ ਸਿੱਖੀ ਪ੍ਰਚਾਰ ਅਤੇ ਲੋਕ ਭਲਾਈ ਦੇ ਕੰਮਾਂ ਲਈ ਲੋਕਾਂ ਵਿੱਚ ਸਨਮਾਨੇ ਜਾਂਦੇ ਹਨ, ਉਹ ਹਨ 1. ਤੇਫਾ ਮਸੰਦ, 2. ਵੂਕਾ ਮਸੰਦ, 3. ਧਰਮਾ ਮਸੰਦ, 4. ਲੋਕਾਂ ਮਸੰਦ, 5. ਲਿੰਗਾ ਮਸੰਦ, 6. ਹੇਮਾ ਮਸੰਦ, 7. ਹਰੀ ਮਸੰਦ ਅਤੇ 8. ਲਛਮਾ ਮਸੰਦ।ਲੋਕਾਂ ਮਸੰਦ ਅਤੇ ਲਿੰਗਾ ਮਸੰਦ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਮਸੰਦ ਸਨ, ਜਿਨ੍ਹਾਂ ਨੂੰ ਦਸਵੇਂ ਪਾਤਸ਼ਾਹ ਨੇ ਦੱਖਣ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਨਾਂਦੇੜ ਤੋਂ ਹੈਦਰਾਬਾਦ ਰਿਆਸਤ ਵਿੱਚ ਭੇਜਿਆ ਸੀ। ਉਹ ਦੋਵੇਂ ਹੈਦਰਾਬਾਦ ਰਾਜ ਦੇ ਮਹਿਬੂਬਨਗਰ ਜ਼ਿਲ੍ਹੇ ਦੇ ਮਦੂਰ ਮੰਡਲ 'ਚ ਥਿਮਾ ਰੈੱਡੀ ਪੱਲੇ 'ਚ ਵਸ ਗਏ। ਪਿੱਛੋਂ ਇਹ ਇਲਾਕਾ ਨਵੇਂ ਬਣੇ ਤੇਲੰਗਾਨਾ ਰਾਜ ਦਾ ਹਿੱਸਾ ਬਣ ਗਿਆ। ਥਿਮਾ ਰੈੱਡੀ



ਪੱਲੇ ਵਿੱਚ ਉਨ੍ਹਾਂ ਦੀ ਯਾਦ 'ਚ ਗੁਰਦੁਆਰਾ ਮੰਜੀ ਸਾਹਿਬ ਬਣਾਇਆ ਗਿਆ, ਜਿਸ 'ਚ ਲੋਕਾਂ ਮਸੰਦ ਅਤੇ ਲਿੰਗਾ ਮਸੰਦ ਦੀਆਂ ਤਸਵੀਰਾਂ ਦੀ ਪੂਜਾ ਕੀਤੀ ਜਾਂਦੀ ਹੈ। ਗੁਰਦੁਆਰਾ ਵਿਖੇ ਦੋ ਨਿਸ਼ਾਨ ਸਾਹਿਬ ਇਨ੍ਹਾਂ ਦੋਵਾਂ ਮਸੰਦਾਂ ਦੀ ਯਾਦ ਦਿਵਾਉਂਦੇ ਹਨ ਅਤੇ ਖੰਡੇ ਦੇ ਨਾਲ ਨਿਸ਼ਾਨ ਸਾਹਿਬ ਹਵਾ ਵਿੱਚ ਝੂਲਦੇ ਦੇਖੇ ਜਾ ਸਕਦੇ ਹਨ। ਗੁਰਦੁਆਰੇ ਦੀਆਂ ਬਾਹਰਲੀਆਂ ਕੰਧਾਂ 'ਤੇ ਇਨ੍ਹਾਂ ਦੋਵਾਂ ਮਸੰਦਾਂ ਦੀਆਂ ਵੱਡੀਆਂ ਤਸਵੀਰਾਂ ਦੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਦੋਵਾਂ ਮਸੰਦਾਂ ਦੀਆਂ ਵੱਡੀਆਂ ਤਸਵੀਰਾਂ ਗੁਰਦੁਆਰਿਆਂ 'ਚੋਂ ਇੱਕ ਦੇ ਪਾਵਨ ਅਸਥਾਨ ਵਿੱਚ ਵੀ ਪ੍ਰਦਰਸ਼ਿਤ ਹਨ। ਲੋਕਾਂ ਮਸੰਦ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਬੈਠਾ ਦਿਖਾਇਆ ਗਿਆ ਹੈ ਅਤੇ ਇੱਕ ਹੋਰ ਤਸਵੀਰ 'ਚ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ ਪ੍ਰਾਪਤ ਕਰਦਾ ਵਿਖਾਇਆ ਗਿਆ ਹੈ।ਤੇਲੰਗਾਨਾ, ਕਰਨਾਟਕ, ਆਂਧਰਾ ਪ੍ਰਦੇਸ਼, ਮਹਾਰਾਸ਼ਟਰ ਅਤੇ ਪੰਜਾਬ ਦੇ ਗੌਂਡ ਅਤੇ ਵਣਜਾਰਾ ਸ਼ਰਧਾਲੂ ਵੱਡੀ ਗਿਣਤੀ ਵਿੱਚ ਲੋਕਾਂ ਮਸੰਦ ਦੇ ਜਨਮ ਅਤੇ ਮਾਈ ਭਾਗੋ ਨਾਲ ਸੰਬੰਧਿਤ ਹੋਰ ਸਮਾਗਮਾਂ ਦੀ ਯਾਦ ਵਿੱਚ ਨਿਯਮਿਤ ਤੌਰ 'ਤੇ ਇਕੱਠੇ ਹੁੰਦੇ ਹਨ, ਜਿੱਥੇ ਵਣਜਾਰਾਂ ਅਤੇ ਗੌਂਡ ਦੇ ਲਗਭਗ 20 ਪਿੰਡ (ਟਾਂਡੇ) ਹਨ, ਜੋ ਇਨ੍ਹਾਂ ਸਮਾਗਮਾਂ ਨੂੰ ਬਹੁਤ ਧੂਮ-ਧਾਮ ਨਾਲ ਮਨਾਉਂਦੇ ਹਨ। ਲੋਕਾਂ ਮਸੰਦ ਦੇ ਜਨਮ ਉਤਸਵ ਮੌਕੇ ਹਰ ਸਾਲ 10-13 ਅਪ੍ਰੈਲ ਤੱਕ ਮੰਜੀ ਸਾਹਿਬ (ਮੰਜੀ ਸਾਹਿਬ) ਵਿਖੇ ਦੱਖਣੀ ਭਾਰਤ 'ਚ ਗੌਂਡ ਅਤੇ ਵਣਜਾਰਾ ਸਿੱਖ ਦਾ ਸਭ ਤੋਂ ਵੱਡਾ ਇਕੱਠ ਹੁੰਦਾ ਹੈ। ਪਿਛਲੇ ਸਾਲ ਇਹ ਇਕੱਠ ਛੇ ਲੱਖ ਸ਼ਰਧਾਲੂਆਂ ਦਾ ਸੀ। ਇਸੇ ਦਿਨ ਪੰਜ ਮੰਜ਼ਿਲਾਂ ਪਾਲਕੀ, ਜਿਸ 'ਚ ਗੁਰੂ ਗੋਬਿੰਦ ਸਿੰਘ ਜੀ ਅਤੇ ਦੋ ਮਸੰਦਾਂ ਦੀਆਂ ਤਸਵੀਰਾਂ ਨੂੰ ਸਜਾ ਕੇ ਪਿੰਡਾਂ ਦੇ ਆਲੇ-ਦੁਆਲੇ ਲਿਜਾਇਆ ਜਾਂਦਾ ਹੈ। ਇਸ ਤੋਂ ਬਾਅਦ ਲੰਗਰ (ਰਸੋਈ) ਤਿਆਰ ਕੀਤਾ ਜਾਂਦਾ ਹੈ ਤੇ ਸਾਰੇ ਸ਼ਰਧਾਲੂ ਪਰੰਪਰਾ ਅਨੁਸਾਰ ਪੰਗਤ ਵਿੱਚ ਲੰਗਰ ਛਕਦੇ ਹਨ। ਇਨ੍ਹਾਂ ਦੋਹਾਂ ਮਸੰਦਾਂ ਤੋਂ ਬਾਅਦ ਸੰਤ ਸੇਵਾ ਲਾਲ ਮਹਾਰਾਜ ਨੇ ਗੁਰਦੁਆਰਾ ਕੰਪਲੈਕਸ ਦੀ ਦੇਖ-ਰੇਖ ਸੰਭਾਲੀ। ਉਹ ਬਹੁਤ ਅਮੀਰ ਸੀ, ਜਿਸ ਕੋਲ 3755 ਬਲਦ ਸਨ ਅਤੇ ਉਹ ਇੱਕ ਜਾਣਿਆ-ਪਛਾਣਿਆ ਗੌੜ ਸੀ, ਜਿਸ ਨੂੰ ਹੈਦਰਾਬਾਦ ਦੇ ਨਵਾਬ ਨੇ ਵੀ ਮਾਨਤਾ ਦਿੱਤੀ ਸੀ।ਇਸੇ ਗੁਰਦੁਆਰੇ ਦੀ ਚਾਰਦੀਵਾਰੀ ਵਿੱਚ ਹੀ ਮਾਈ ਭਾਗੋ ਦਾ ਗੁਰਦੁਆਰਾ ਵੀ ਹੈ, ਜਿਸ 'ਚ ਮਾਈ ਭਾਗੋ ਨੂੰ ਪੂਜਿਆ ਜਾਂਦਾ ਹੈ। ਮਾਈ ਭਾਗੋ ਸਿੱਖ ਇਤਿਹਾਸ ਵਿੱਚ ਮੁਕਤਸਰ ਦੇ 40 ਮੁਕਤਿਆਂ ਦੇ ਆਗੂ ਵਜੋਂ ਮਸ਼ਹੂਰ ਹੈ, ਜੋ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈ ਸੀ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਇਲਾਜ ਕਰਵਾਇਆ ਤਾਂ ਗੁਰੂ ਜੀ ਨਾਲ ਪੱਕੀ ਸੇਵਕ ਵਜੋਂ ਜੁੜ ਗਈ ਅਤੇ ਦੱਖਣ ਤੱਕ ਨਾਲ ਗਈ, ਜਿੱਥੋਂ ਉਹ ਜਨਵਾੜਾ ਨਾਂਅ ਦੀ ਥਾਂ 'ਤੇ ਭਗਤੀ ਅਤੇ ਲੋਕ ਸੇਵਾ ਵਿੱਚ ਲੱਗੀ ਰਹੀ। ਮੁਕਤਸਰ ਦੇ ਸਰੋਵਰ ਦੇ ਕਿਨਾਰੇ ਇੱਕ ਗੁਰਦੁਆਰਾ ਉਸ ਦੀ ਬਹਾਦਰੀ ਦੀ ਯਾਦ ਵਿੱਚ ਹੈ। ਬਾਅਦ 'ਚ ਉਸ ਨੇ ਆਪਣਾ ਸਾਰਾ ਜੀਵਨ ਤੇ ਧਿਆਨ ਦੱਖਣ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਨ ਵਿੱਚ ਸਮਰਪਿਤ ਕੀਤਾ।ਇਹ ਸਥਾਨ ਪੰਜਾਬ ਤੋਂ ਲਗਭਗ 2000 ਕਿੱਲੋਮੀਟਰ, ਹੈਦਰਾਬਾਦ ਤੋਂ 150 ਕਿੱਲੋਮੀਟਰ ਅਤੇ ਮਦੂਰ ਤੋਂ 2 ਕਿੱਲੋਮੀਟਰ ਦੂਰ ਹੈ। ਇਸ ਸਥਾਨ 'ਤੇ ਪਹੁੰਚਣ ਲਈ ਤੁਸੀਂ ਹੈਦਰਾਬਾਦ ਤੱਕ ਰੇਲਗੱਡੀ 'ਤੇ ਜਾ ਸਕਦੇ ਹੋ ਅਤੇ ਮਦੂਰ ਤੱਕ ਬੱਸ ਯਾਤਰਾ ਕਰ ਸਕਦੇ ਹੋ, ਜਿੱਥੋਂ ਥਿਮਾ ਰੈਡੀ ਪੱਲੇ ਦੇ ਗੁਰਦੁਆਰੇ ਲਈ ਆਟੋ ਲੈ ਸਕਦੇ ਹੋ। ਇਨ੍ਹਾਂ ਲੋਕਾਂ ਦਾ ਸ਼੍ਰੋਮਣੀ ਕਮੇਟੀ, ਡੀ.ਜੀ.ਐਮ.ਸੀ. ਜਾਂ ਹਜ਼ੂਰ ਸਾਹਿਬ ਗੁਰਦੁਆਰਾ ਬੋਰਡ ਨਾਲ ਕੋਈ ਸੰਬੰਧ ਨਹੀਂ ਹੈ, ਕਿਉਂਕਿ ਇਨ੍ਹਾਂ ਵਿਚੋਂ ਕਿਸੇ ਨੇ ਵੀ ਇਨ੍ਹਾਂ ਦੀ ਖੋਜ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਭਗਵਾਨ ਸਿੰਘ ਖੋਜੀ ਦੁਆਰਾ ਰਿਕਾਰਡ ਕੀਤਾ ਗਿਆ ਇੱਕ ਛੋਟਾ ਜਿਹਾ ਵੀਡੀਓ ਸਿੱਖਾਂ ਲਈ ਅੱਖਾਂ ਖੋਲ੍ਹਣ ਵਾਲਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹਜ਼ੂਰ ਸਾਹਿਬ ਪ੍ਰਬੰਧਕ ਕਮੇਟੀ ਨੂੰ ਇਸ ਅਸਥਾਨ ਦੀ ਸਾਂਭ-ਸੰਭਾਲ ਲਈ ਖੋਜਾਰਥੀ ਅਤੇ ਪ੍ਰਚਾਰਕ ਟੀਮਾਂ ਭੇਜਣ ਅਤੇ ਇਨ੍ਹਾਂ ਵਣਜਾਰਿਆਂ ਨੂੰ ਸਿੱਖੀ ਤੋਂ ਜਾਣੂ ਕਰਵਾ ਕੇ ਮੁੱਖ ਸਿੱਖ ਧਾਰਾ ਨਾਲ ਜੋੜਨ ਦੀ ਅਤਿਅੰਤ ਲੋੜ ਹੈ।

# ਮਸਨੂਈ ਲਿਆਕਤ ਦੇ ਦੌਰ 'ਚ ਪੰਜਾਬੀ ਭਾਸ਼ਾ ਦੇ ਸਰੋਕਾਰ



ਪਰਮਜੀਤ ਸਿੰਘ ਢੀਂਗਰਾ

ਅੱਜ ਕੰਪਿਊਟਰਾਂ ਵਿੱਚ ਸੋਚਣ ਸ਼ਕਤੀ, ਵਿਸ਼ਲੇਸ਼ਣ ਕਰਨ ਤੇ ਫ਼ੈਸਲੇ ਲੈਣ ਦੀ ਯੋਗਤਾ ਏਨੀ ਵਧਾ ਦਿੱਤੀ ਗਈ ਹੈ ਕਿ ਇਸਨੇ ਮਸਨੂਈ ਲਿਆਕਤ ਦੀ ਗਤੀ ਨੂੰ ਨਵੀਆਂ ਉਚਾਈਆਂ ਦਿੱਤੀਆਂ ਹਨ। ਕੰਪਿਊਟਰਾਂ ਦੀ ਤਾਕਤ ਤੇ ਮਸ਼ੀਨੀ ਰਚਨਾਤਮਿਕਤਾ ਦੇ ਆਧਾਰ 'ਤੇ ਵਿਗਿਆਨੀਆਂ ਦਾ ਅਨੁਮਾਨ ਹੈ ਕਿ 2062 ਤੱਕ ਕੰਪਿਊਟਰ ਲਗਪਗ ਮਨੁੱਖੀ ਦਿਮਾਗ ਵਾਂਗ ਸੋਚਣ ਦੀ ਤਾਕਤ ਹਾਸਲ ਕਰ ਲਏਗਾ ਤੇ ਸਮੁੱਚੀ ਦੁਨੀਆ ਦੇ ਕਾਰੋਬਾਰ, ਰਾਜਨੀਤੀ, ਵਿੱਤ, ਯੁੱਧ, ਰੋਜ਼ਾਨਾ ਜ਼ਿੰਦਗੀ ਦੇ ਕਾਰ-ਵਿਹਾਰ ਤੇ ਹੋ ਸਕਦੇ ਮੌਤ ਨੂੰ ਵੀ ਕੰਟਰੋਲ ਕਰਨ ਵਿੱਚ ਸਫ਼ਲ ਹੋ ਜਾਵੇ। ਸਿਹਤ ਦੇ ਖੇਤਰ ਵਿੱਚ 'ਟਾਟਾ ਮੈਮੋਰੀਅਲ ਕੈਂਸਰ ਹਸਪਤਾਲ' ਨੇ ਮਸਨੂਈ ਲਿਆਕਤ ਨਾਲ ਕੈਂਸਰ ਹੀਟ ਮੈਪ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਨਾਲ ਭਾਰਤ ਵਿੱਚ ਕੈਂਸਰ ਵਰਗੀ ਬਿਮਾਰੀ ਨੂੰ ਰੋਕਣ ਵਿੱਚ ਮਦਦ ਮਿਲੇਗੀ। ਡਿਜੀਟਲ ਪੈਥਾਲੋਜੀ ਤੇ ਇਮੇਜਿੰਗ ਬਾਇਓਬੈਂਕ ਵਰਗੀਆਂ ਯੋਜਨਾਵਾਂ ਮਸਨੂਈ ਲਿਆਕਤ ਦੀ ਮਦਦ ਨਾਲ ਪਹਿਲੇ ਹੱਲੇ ਹੀ ਬਿਮਾਰੀ ਦੀ ਸਟੀਕ ਪਛਾਣ ਕਰਨ ਦੇ ਸਮਰੱਥ ਹਨ। ਫੋਰਸ ਹੈੱਲਥ ਨੇ ਇੱਕ ਪੋਰਟੇਬਲ ਯੰਤਰ ਬਣਾਇਆ ਹੈ ਜਿਸ ਨਾਲ ਅੱਖਾਂ ਦੀਆਂ ਬਿਮਾਰੀਆਂ ਦੇ ਨਾਲ-ਨਾਲ ਡਾਇਬਿਟਿਕ ਰੈਟੀਨੋਪੈਥੀ ਵਰਗੀਆਂ ਜਟਿਲ ਸਥਿਤੀਆਂ ਦੀ ਜਾਂਚ ਸੌਖਿਆਂ ਕੀਤੀ ਜਾ ਸਕਦੀ ਹੈ। ਸਿਹਤ ਦੇ ਖੇਤਰ ਵਿੱਚ ਇਸ ਨਾਲ ਜਿਹੜੀ ਕ੍ਰਾਂਤੀ ਆ ਰਹੀ ਹੈ, ਉਸਨੇ ਜਟਿਲ ਰੋਗ ਪ੍ਰਣਾਲੀ ਨੂੰ ਨਵੇਂ ਆਯਾਮ ਦਿੱਤੇ ਹਨ।

ਭਾਰਤ ਬੁਨਿਆਦੀ ਰੂਪ ਵਿੱਚ ਖੇਤੀ ਪ੍ਰਧਾਨ ਦੇਸ਼ ਹੈ। ਇਸ ਦੇ ਲੰਮੇ-ਚੌੜੇ ਭੂ-ਭਾਗ ਵਿੱਚ ਖੇਤੀ ਵਿਭਿੰਨਤਾ ਦੇ ਬਹੁਤ ਸਾਰੇ ਨਮੂਨੇ ਮਿਲਦੇ ਹਨ। ਕੋਈ ਸਮਾਂ ਸੀ ਜਦੋਂ ਭਾਰਤ ਦੇਸ਼ ਦੀ ਅੰਨ ਦੀ ਲੋੜ ਪੂਰੀ ਕਰਨ ਲਈ ਵਿਦੇਸ਼ਾਂ ਤੋਂ ਵੱਡੀ ਮਾਤਰਾ ਵਿੱਚ ਅਨਾਜ ਮੰਗਵਾਉਂਦਾ ਸੀ। ਸਵਾਮੀਨਾਥਨ ਦੀਆਂ ਕੋਸ਼ਿਸ਼ਾਂ ਸਦਕਾ ਆਏ ਹਰੇ ਇਨਕਲਾਬ ਨੇ ਨਾ ਸਿਰਫ਼ ਦੇਸ਼ ਨੂੰ ਅਨਾਜ ਦੇ ਖੇਤਰ ਵਿੱਚ ਆਤਮ ਨਿਰਭਰ ਬਣਾਇਆ ਹੈ ਸਗੋਂ ਅੱਜ ਪ੍ਰਧਾਨ ਮੰਤਰੀ ਮੁਫ਼ਤ ਅਨਾਜ ਸਕੀਮ ਹੇਠ 80 ਕਰੋੜ ਲੋਕਾਂ ਨੂੰ ਹਰ ਮਹੀਨੇ ਪੰਜ ਕਿਲੋ ਮੁਫ਼ਤ ਰਾਸ਼ਨ ਦੇਣ ਵਿੱਚ ਸਫ਼ਲ ਹੋਇਆ ਹੈ। ਇਹ ਵੱਖਰੀ ਗੱਲ ਹੈ ਕਿ ਅੱਜ ਅਨਾਜ ਪੈਦਾ ਕਰਨ ਵਾਲਾ ਕਿਸਾਨ ਸੜਕਾਂ 'ਤੇ ਆਪਣੇ ਹੱਕਾਂ ਲਈ ਲੜਦਾ ਨਜ਼ਰ ਆ ਰਿਹਾ ਹੈ। ਖੇਤੀ ਵਿੱਚ ਆਏ ਇਸ ਇਨਕਲਾਬ ਪਿੱਛੇ ਨਵੀਆਂ ਤਕਨੀਕਾਂ ਤੇ ਖੋਜਾਂ ਦਾ ਵੱਡਾ ਹੱਥ ਹੈ। ਇਸ ਨੂੰ ਹੋਰ ਸਮਰੱਥ ਬਣਾਉਣ ਲਈ ਖੇਤੀ ਖੇਤਰ ਵਿੱਚ ਪਿਛਲੇ ਕੁਝ ਵਰ੍ਹਿਆਂ ਦੌਰਾਨ 50 ਭਾਰਤੀ ਕੰਪਨੀਆਂ ਜੋ ਮਸਨੂਈ ਲਿਆਕਤ 'ਤੇ ਆਧਾਰਿਤ ਹਨ, ਨੇ 500 ਮਿਲੀਅਨ ਅਮਰੀਕੀ ਡਾਲਰਾਂ ਦਾ ਨਿਵੇਸ਼ ਕੀਤਾ ਹੈ। ਉਦਾਹਰਨ ਲਈ ਇਨਟੈਲੋ ਲੈਬ ਨੇ ਫਸਲਾਂ ਦੀ ਨਿਗਰਾਨੀ ਕਰਨ ਤੇ ਖੇਤੀ ਪੈਦਾਵਾਰ ਦੀ ਭਵਿੱਖ ਬਾਣੀ ਕਰਨ ਲਈ ਇਮੇਜ ਰੈਕੋਗਨੀਸ਼ਨ ਸਾਫਟ ਵੇਅਰ ਤਿਆਰ ਕੀਤਾ ਹੈ। ਏਸੇ ਤਰ੍ਹਾਂ ਆਈਬੋਨੋ ਕੰਪਨੀ ਨੇ ਫ਼ਸਲੀ ਪੈਦਾਵਾਰ ਨੂੰ ਸਥਿਰ ਕਰਨ ਲਈ ਖੇਤੀ ਡਾਟਾ ਵਿਗਿਆਨ ਵਿੱਚ ਮਸਨੂਈ ਲਿਆਕਤ ਨਾਲ ਹੈਰਾਨੀ ਜਨਕ ਸਿੱਟੇ ਕੱਢੇ ਹਨ। ਤਰਿਥੀ ਰੋਬੋਟਿਕਸ ਨੇ ਕਿਸਾਨਾਂ ਨੂੰ ਠੀਕ ਸਮੇਂ 'ਤੇ ਫਸਲਾਂ ਦੀ ਨਿਗਰਾਨੀ ਕਰਨ ਤੇ ਮਿੱਟੀ ਦੇ ਸਟੀਕ ਵਿਸ਼ਲੇਸ਼ਣ ਲਈ ਡ੍ਰੋਨ ਤਕਨੀਕ ਤਿਆਰ ਕੀਤੀ ਹੈ। ਇਸ ਤੋਂ ਇਲਾਵਾ ਮਸਨੂਈ ਲਿਆਕਤ ਨਾਲ ਫਸਲਾਂ ਦੀ ਸਿਹਤ ਦੀ ਨਿਗਰਾਨੀ, ਠੀਕ ਸਮੇਂ ਕਿਸਾਨਾਂ ਨੂੰ ਸਲਾਹ ਦੇਣ ਤੇ ਫਸਲੀ ਬਿਮਾਰੀਆਂ ਵੇਲੇ ਉਨ੍ਹਾਂ ਦੀ ਅਗਵਾਈ ਕਰਨ ਲਈ ਇਮੇਜ ਕਲਾਸੀਫੀਕੇਸ਼ਨ ਯੰਤਰਾਂ ਦੀ ਕਾਢ ਕੱਢੀ ਹੈ। ਇਸ ਸੰਬੰਧੀ ਕਈ ਐਪਸ ਬਣਾਈਆਂ ਗਈਆਂ ਹਨ ਜੋ ਕਿਸਾਨੀ ਲਈ ਲਾਹੇਵੰਦ ਹਨ। ਕਹਿਣ ਦਾ ਭਾਵ ਹੈ ਕਿ ਪੰਜਾਬ ਵਰਗੇ ਖੇਤੀ ਪ੍ਰਧਾਨ ਸੂਬੇ ਲਈ ਇਸ ਮਸਨੂਈ ਲਿਆਕਤ ਦੀ ਬਹੁਤ ਜ਼ਿਆਦਾ ਅਹਿਮੀਅਤ ਹੈ।



ਜੇ ਪੰਜਾਬ ਤੇ ਪੰਜਾਬੀ ਦੀ ਗੱਲ ਕਰੀਏ ਤਾਂ ਗੂਗਲ ਨੇ ਜੇਮਿਨੀ(ਬਾਰਡ) ਪ੍ਰੋਗਰਾਮ, ਜੋ ਕਿ ਭਾਸ਼ਾਵਾਂ ਵਿਚਲੀ ਮਸਨੂਈ ਲਿਆਕਤ ਨੂੰ ਪ੍ਰਖਤਾ ਕਰਨ ਵਾਲਾ ਹੈ, ਵਿਚ ਪੰਜਾਬੀ ਨੂੰ ਸ਼ਾਮਿਲ ਨਹੀਂ ਕੀਤਾ। ਉਨ੍ਹਾਂ ਦਾ ਤਰਕ ਹੈ ਕਿ ਸਾਨੂੰ ਇਸ ਬਾਰੇ ਜਿੰਨਾ ਡਾਟਾ ਚਾਹੀਦਾ ਉਹ ਮੌਜੂਦ ਨਹੀਂ। ਅਸੀਂ ਲੰਮੇ ਸਮੇਂ ਤੋਂ ਸਰਕਾਰੀ/ਗ਼ੈਰ-ਸਰਕਾਰੀ/ਅਰਧ ਸਰਕਾਰੀ ਸੰਸਥਾਵਾਂ ਤੋਂ ਮੰਗ ਕਰਦੇ ਆ ਰਹੇ ਹਾਂ ਕਿ ਪੰਜਾਬੀ ਭਾਸ਼ਾ ਨੂੰ ਡਿਜੀਟਲ ਕਰਨ ਲਈ ਨੀਤੀਆਂ ਘੜੀਆਂ ਜਾਣ, ਇਸ ਲਈ ਲੋੜੀਂਦੇ ਫੰਡ ਮੁਹੱਈਆ ਕਰਵਾਏ ਜਾਣ ਪਰ ਕਿਸੇ ਸਰਕਾਰ ਨੇ ਇਸ ਪਾਸੇ ਕੋਈ ਤਵੱਜੋਂ ਨਹੀਂ ਦਿੱਤੀ। ਅਫਸਰਸ਼ਾਹੀ ਨੇ ਪੰਜਾਬੀ ਦੀ ਤਰੱਕੀ ਵਿਚ ਹਮੇਸ਼ਾ ਰੋੜੇ ਅਟਕਾਏ ਹਨ। ਸਰਕਾਰ ਦਾ ਸਾਰਾ ਕਾਰ ਵਿਹਾਰ ਅੰਗਰੇਜ਼ੀ ਵਿੱਚ ਹੋ ਰਿਹਾ ਹੈ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੀ ਭਾਸ਼ਾ ਅੰਗਰੇਜ਼ੀ ਹੈ, ਕਿਸੇ ਸਰਕਾਰ ਨੇ ਹੁਣ ਤੱਕ ਏਥੇ ਪੰਜਾਬੀ ਭਾਸ਼ਾ ਨੂੰ ਲਾਗੂ ਕਰਨ ਲਈ ਸਿਵਾਏ ਮਤੇ ਪਾਸ ਕਰਨ ਤੋਂ ਵਿਹਾਰਕ ਰੂਪ ਵਿੱਚ ਕੁਝ ਨਹੀਂ ਕੀਤਾ। ਹਰਿਆਣੇ, ਹਿਮਾਚਲ, ਦਿੱਲੀ, ਜੰਮੂ ਕਸ਼ਮੀਰ ਵਿੱਚ ਜਿਥੇ ਪੰਜਾਬੀਆਂ ਦੀ ਵੱਡੀ ਗਿਣਤੀ ਹੈ, ਉਥੇ ਪੰਜਾਬੀ ਨੂੰ ਮੁੰਗੇੜ ਦਿੱਤਾ ਗਿਆ ਹੈ। ਤਮਿਲਨਾਡੂ ਵਾਂਗੂੰ ਏਥੇ ਵੀ ਸਰਕਾਰ ਨੂੰ ਕਾਨੂੰਨ ਬਣਾਉਣ ਦੀ ਲੋੜ ਹੈ ਕਿ ਪੰਜਾਬੀ ਵਿੱਚ ਛਪੀ ਸਾਰੀ ਸਮੱਗਰੀ ਦਾ ਡਿਜੀਟਲੀਕਰਨ ਕੀਤਾ ਜਾਵੇ। ਅਵੇਸਲੇਪਣ ਦਾ ਨਤੀਜਾ ਸਾਡੇ ਸਾਹਮਣੇ ਹੈ। ਹੁਣ ਅਸੀਂ ਤਰਲੋਮੱਛੀ ਹੋ ਰਹੇ ਹਾਂ ਪਰ ਇਸ ਦੇ ਬਾਵਜੂਦ ਸਰਕਾਰ ਸੰਜੀਦਾ ਨਹੀਂ। ਅਸਲ ਵਿਚ ਸਰਕਾਰ ਚਲਾਉਣ ਵਾਲੇ ਰਾਜਨੀਤੀ ਕਰਨ ਵਿੱਚ ਤਾਂ ਮਾਹਿਰ ਹੋ ਸਕਦੇ ਹਨ ਪਰ ਭਵਿੱਖੀ ਲੋੜਾਂ ਨੂੰ ਸਾਹਮਣੇ ਰੱਖ ਕੇ ਨੀਤੀਆਂ ਬਣਾਉਣ ਦਾ ਕੰਮ ਬਾਬੂਆਂ ਆਸਰੇ ਛੱਡ ਦਿੰਦੇ ਹਨ ਤੇ ਬਾਬੂ ਸਮਝਦੇ ਹਨ ਕਿ ਉਨ੍ਹਾਂ ਵਰਗਾ ਦੁਨੀਆ 'ਤੇ ਹੋਰ ਕੋਈ ਸਿਆਣਾ ਬੰਦਾ ਨਹੀਂ। ਪੰਜਾਬੀ ਭਾਸ਼ਾ ਦੀ ਤਰੱਕੀ ਤੇ ਇਸ ਨੂੰ ਭਵਿੱਖ ਦੀਆਂ ਲੋੜਾਂ ਦੇ ਸਮਰੱਥ ਬਣਾਉਣ ਲਈ ਜਿਹੜੀਆਂ ਏਜੰਸੀਆਂ ਤੇ ਸੰਸਥਾਵਾਂ ਹਨ, ਉਨ੍ਹਾਂ ਦੀ ਕਾਰਗੁਜ਼ਾਰੀ ਵੀ ਨਿਰਾਸ਼ਾਜਨਕ ਹੈ। ਮਸਲਨ ਜੇ ਭਾਸ਼ਾ ਵਿਭਾਗ ਦੀ ਗੱਲ ਕਰੀਏ ਤਾਂ ਇਸ ਕੋਲ ਭਾਸ਼ਾ ਦੀ ਤਕਨੀਕੀ ਉੱਨਤੀ ਦੀ ਕੋਈ ਸੋਝੀ ਨਹੀਂ। ਇਸਦਾ ਭਾਵੇਂ ਮੁੱਖ ਖੇਤਰ ਭਾਸ਼ਾ ਦੀ ਖੋਜ, ਸਾਹਿਤ ਦੀ ਉੱਨਤੀ ਤੇ ਪੁਰਾਤਨ ਸ਼ਬਦ ਸੱਭਿਆਚਾਰ ਦੀ ਸਾਂਭ-ਸੰਭਾਲ ਕਰਨਾ ਹੈ। ਪਰ ਇਸ ਸਾਰੇ ਪਿੱਛੇ ਉਹਦਾ ਇਕੋ ਇਕ ਰੋਣਾ ਹੈ ਕਿ ਪਿਛਲੀਆਂ ਸਰਕਾਰਾਂ ਨੇ ਉਹਦੀਆਂ ਵਿੱਤੀ ਲੋੜਾਂ ਵਲੋਂ ਮੂੰਹ ਮੋੜੀ ਰੱਖਿਆ ਹੈ। ਇਸ ਦਾ ਨਤੀਜਾ ਇਹ ਨਿਕਲਿਆ ਕਿ ਇਹ ਸੰਸਥਾ ਭਾਸ਼ਾ ਦੀਆਂ ਤਕਨੀਕੀ ਲੋੜਾਂ ਪ੍ਰਤੀ ਨਾ ਤਾਂ ਕੋਈ ਯੋਜਨਾ ਉਲੀਕ ਸਕੀ ਨਾ ਕਦੇ ਸਰਕਾਰ ਨੂੰ ਇਸ ਬਾਰੇ ਜ਼ੋਰ ਦੇ ਕੇ ਚੇਤਨਾ ਪੈਦਾ ਕਰ ਸਕੀ। ਇਹ ਸੰਸਥਾ ਹੁਣ ਭਾਸ਼ਾ ਤੇ ਸਾਹਿਤ ਦੀ ਖੋਜ, ਸਾਂਭ-ਸੰਭਾਲ ਦੀ ਥਾਂ ਸੱਭਿਆਚਾਰਕ ਪ੍ਰੋਗਰਾਮਾਂ ਤੇ ਮੁਕਾਬਲੇ ਕਰਾਉਣ ਵੱਲ ਸੇਧਤ ਹੋ ਗਈ ਹੈ।

ਪੰਜਾਬ ਦੀਆਂ ਯੂਨੀਵਰਸਿਟੀਆਂ ਜਿਨ੍ਹਾਂ ਵਿੱਚ ਪੰਜਾਬੀ, ਗੁਰੂ ਨਾਨਕ ਦੇਵ, ਪੰਜਾਬ ਤੇ ਖੇਤੀ ਬਾੜੀ ਪ੍ਰਮੁੱਖ ਹਨ, ਦੀ ਇਸ ਪੱਖੋਂ ਕਾਰਗੁਜ਼ਾਰੀ ਨੂੰ ਵਿਚਾਰਿਆ ਜਾ ਸਕਦਾ ਹੈ। ਯੂਨੀਵਰਸਿਟੀਆਂ ਦਾ ਮੁੱਖ ਉਦੇਸ਼ ਉਚੇਰੀ ਪੜ੍ਹਾਈ ਨੂੰ ਪਹਿਲ ਦੇਣੀ ਤੇ ਖਿੱਤੇ ਦੀ ਭਾਸ਼ਾ, ਸੱਭਿਆਚਾਰ ਤੇ ਵਿਰਾਸਤ ਦੀ ਸਾਂਭ-ਸੰਭਾਲ ਦੇ ਨਾਲ-ਨਾਲ ਖੋਜ ਤੇ ਭਵਿੱਖੀ ਲੋੜਾਂ ਦੀ ਯੋਜਨਾਬੰਦੀ ਕਰਨੀ ਹੁੰਦਾ ਹੈ। ਪਰ ਇਸ ਪੱਖੋਂ ਇਹ ਯੂਨੀਵਰਸਿਟੀਆਂ ਬਿਲਕੁਲ ਫਾਡੀ ਕਹੀਆਂ ਜਾ ਸਕਦੀਆਂ ਹਨ।ਅਜੇ ਤੱਕ ਮੁਕੰਮਲ ਰੂਪ ਵਿਚ ਇਹ ਆਪਣੀ ਖੋਜ ਨੂੰ ਪੰਜਾਬੀ ਵਿਚ ਪੇਸ਼ ਕਰਨ ਤੋਂ ਅਸਮਰੱਥ ਹਨ। ਯੂਨੀਵਰਸਿਟੀਆਂ ਵਿਚ ਡਾਕਟ੍ਰੇਟ ਪੱਧਰ 'ਤੇ ਹੁੰਦੀ ਖੋਜ ਨੂੰ ਡਿਜੀਟਲ ਕਰਨ ਨਾਲ ਮਸਨੂਈ ਲਿਆਕਤ ਲਈ ਭਰਪੂਰ ਡਾਟਾ ਮਿਲ ਸਕਦਾ ਸੀ ਪਰ ਇਸ ਖੇਤਰ ਵਿੱਚ ਕੋਈ ਪਹਿਲਕਦਮੀ ਨਹੀਂ ਕੀਤੀ ਗਈ। ਸਿੱਟੇ ਵਜੋਂ ਸਾਰੀ ਖੋਜ ਅਲਮਾਰੀਆਂ ਵਿੱਚ ਬੰਦ ਪਈ ਹੈ।

ਯੂਨੀਵਰਸਿਟੀਆਂ ਦੇ ਖੋਜ ਰਸਾਲੇ ਪੰਜਾਬੀ ਵਿੱਚ ਪ੍ਰਕਾਸ਼ਿਤ ਕਰਨ ਦੀ ਕਦੇ ਲੋੜ ਨਹੀਂ ਸਮਝੀ ਗਈ ਤੇ ਜਿਥੇ ਇਹ ਛਪਦੇ ਵੀ ਸਨ, ਉਨ੍ਹਾਂ ਨੂੰ ਕਈ ਬਹਾਨੇ ਬਣਾ ਕੇ ਬੰਦ ਕਰ ਦਿੱਤਾ ਗਿਆ। ਖੇਤੀਬਾੜੀ ਯੂਨੀਵਰਸਿਟੀ ਦਾ ਮੁਕੰਮਲ ਡਾਟਾ ਪੰਜਾਬੀ ਭਾਸ਼ਾ ਵਿੱਚ ਮੌਜੂਦ ਨਹੀਂ। ਕਿਸਾਨਾਂ ਨੂੰ ਸਮੇਂ-ਸਮੇਂ ਸਲਾਹਾਂ ਦੇਣ ਤੇ ਅਗਵਾਈ ਦੇਣ ਵਿੱਚ ਇਸ ਦਾ ਰੋਲ ਆਦਰਸ਼ਕ ਮਾਡਲ ਨਹੀਂ ਬਣ ਸਕਿਆ। ਪੰਜਾਬ ਦਾ ਵਿਰਾਸਤੀ ਗਿਆਨ ਸ਼ਾਸਤਰ ਹੌਲੀ-ਹੌਲੀ ਅਲੋਪ ਹੋ ਗਿਆ ਹੈ।

ਇਥੇ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਕਿਤਾਬਾਂ ਦੀਆਂ ਫੋਟੋ ਕਾਪੀਆਂ ਦੇ ਡਿਜੀਟਲੀਕਰਨ ਨਾਲ ਡਾਟਾ ਨਹੀਂ ਮਿਲਦਾ। ਇਸ ਲਈ ਸਾਫਟ ਕਾਪੀ ਦੀ ਲੋੜ ਹੁੰਦੀ ਹੈ ਤਾਂ ਕਿ ਸਰਵਰ ਉਸਦੀ ਵਰਤੋਂ ਆਪਣੀ ਮਸਨੂਈ ਲਿਆਕਤ ਨਾਲ ਕਰਕੇ ਉਹਦੀ ਗੁਣਵੱਤਾ ਤੇ ਮੁਹਾਰਤ ਨੂੰ ਸਿਖ਼ਰ 'ਤੇ ਲੈ ਜਾਵੇ। ਲੇਖਕਾਂ, ਪ੍ਰਕਾਸ਼ਕਾਂ, ਸੰਸਥਾਵਾਂ ਨੂੰ ਕਾਪੀ ਰਾਈਟ ਮਸਲੇ ਬਾਰੇ ਵੀ ਮੁੜ ਸੋਚਣ ਦੀ ਲੋੜ ਹੈ, ਕਿਉਂਕਿ ਅੱਜ ਦੇ ਡਿਜੀਟਲ ਜ਼ਮਾਨੇ ਵਿੱਚ ਇੰਟਰਨੈੱਟ 'ਤੇ ਪਈ ਰਚਨਾ ਜਿਥੇ ਸਦੀਵੀ ਹੋ ਸਕਦੀ ਹੈ ਓਥੇ ਉਹਦੇ ਤੋਂ ਦੂਸਰੇ ਵੱਧ ਤੋਂ ਵੱਧ ਫਾਇਦਾ ਲੈ ਸਕਦੇ ਹਨ (ਬਾਕੀ ਸਫ਼ਾ 31 'ਤੇ)

# ਪੰਜਾਬੀ ਨੌਜਵਾਨਾਂ ਦੇ ਸਾਹਮਣੇ ਨਹੀਂ ਹਨ ਸਹੀ ਰੋਲ ਮਾਡਲ

ਵਿਨਾਇਕ ਦੱਤ

ਪੰਜਾਬ 'ਚ ਪੈਸੇ ਦੀ ਕੋਈ ਕਮੀ ਨਹੀਂ ਹੈ। ਅੱਜ ਵੀ ਇੱਕ ਔਸਤਨ ਪੰਜਾਬੀ ਕੋਲ ਔਸਤ ਮਰਾਠੀ ਜਾਂ ਕਿਸੇ ਹੋਰ ਭਾਰਤੀ ਨਾਲੋਂ ਕਿਤੇ ਵਧ ਪੈਸਾ ਹੈ ਪਰ ਸਾਡੀ ਸੋਚ ਹੀ ਅਜਿਹੀ ਹੈ ਕਿ ਆਮ ਪੰਜਾਬੀ, ਜੋ ਪੈਸਾ ਕਮਾਉਂਦਾ ਹੈ, ਉਸ ਨੂੰ ਆਪਣੇ ਹੀ ਐਸ਼ੋ-ਆਰਾਮ 'ਤੇ ਖ਼ਰਚ ਕਰ ਦਿੰਦਾ ਹੈ, ਵੱਡੀਆਂ ਕੋਠੀਆਂ, ਕਾਰਾਂ ਖਰੀਦਦਾ ਹੈ ਬਜਾਇ ਇਸ ਦੇ ਕਿ ਉਸ ਨੂੰ ਕਿਤੇ ਨਿਵੇਸ਼ ਕੀਤਾ ਜਾਵੇ। ਆਪਣੀ ਖੇਤੀ ਜਾਂ ਕਾਰੋਬਾਰ ਵਿੱਚ ਵਾਧਾ ਕੀਤਾ ਜਾਏ, ਜਿਸ ਨਾਲ ਉਸ ਦੀ ਆਮਦਨ 'ਚ ਵਾਧਾ ਹੋਵੇ।

1967 ਤੋਂ ਬਾਅਦ ਅੱਜ ਤੱਕ ਜਿੰਨੇ ਵੀ ਪੰਜਾਬ ਦੇ ਮੁੱਖ ਮੰਤਰੀ ਹੋਏ ਹਨ, ਜਸਟਿਸ ਗੁਰਨਾਮ ਸਿੰਘ ਤੋਂ ਲੈ ਕੇ ਭਗਵੰਤ ਮਾਨ ਤੱਕ, ਸਾਰੇ ਮੁੱਖ ਮੰਤਰੀ ਕਿਸਾਨੀ ਪਿਛੋਕੜ ਤੋਂ ਸਨ। ਮੁੱਖ ਮੰਤਰੀ ਭਾਵੇਂ ਗਿਆਨੀ ਜ਼ੈਲ ਸਿੰਘ ਜਾਂ ਚਰਨਜੀਤ ਸਿੰਘ ਚੰਨੀ ਵੀ ਬਣੇ ਪਰ ਉਨ੍ਹਾਂ ਦੀਆਂ ਯੋਜਨਾਵਾਂ ਵੀ ਹੋਰਨਾਂ ਨਾਲੋਂ ਵੱਖਰੀਆਂ ਨਹੀਂ ਸਨ ਜਾਂ ਇਹ ਕਹਿ ਲਓ ਕਿ ਇਹ ਦੋਵੇਂ ਵੀ ਕੁੱਝ ਵੱਖਰਾ ਨਹੀਂ ਕਰ ਸਕੇ।

ਕੀ ਇਹ ਸਾਰੇ ਮੁੱਖ ਮੰਤਰੀ, ਇਨ੍ਹਾਂ ਦੇ ਮੰਤਰੀ ਤੇ ਅਫ਼ਸਰ ਸਾਰਾ ਅਮਲਾ ਕਾਰਪੋਰੇਟਾਂ ਦੇ ਏਜੰਟ ਸਨ?

ਇੰਨਾ ਸਮਾਂ, ਇੰਨੇ ਸਾਲ ਤੇ ਪੈਸਾ ਲਾਉਣ ਤੋਂ ਬਾਅਦ ਵੀ ਸਾਡੇ ਜ਼ਿਮੀਂਦਾਰ ਗਰੀਬ ਕਿਉਂ ਹਨ? ਦੂਜੇ ਪਾਸੇ ਵੇਖੀਏ ਤਾਂ ਸਾਡੇ ਅਕਾਦਮਿਕ ਅਦਾਰੇ ਸਿਰਫ਼ ਇਮਾਰਤਾਂ ਬਣ ਕੇ ਕਿਉਂ ਰਹਿ ਗਏ ਹਨ? ਪੰਜਾਬ 'ਚ ਲੋਕ ਪੀ.ਐੱਚ.ਡੀ. ਦੀਆਂ ਡਿਗਰੀਆਂ ਲੈ ਕੇ ਵੀ ਵਿਹਲੇ ਫਿਰ ਰਹੇ ਹਨ। ਦੂਜੇ ਪਾਸੇ ਸਾਡੇ ਸਨਅਤੀ ਖੇਤਰ ਲਗਾਤਾਰ ਪੜ੍ਹੇ-ਲਿਖੇ ਤੇ ਹੋਣਹਾਰ ਕਾਮਿਆਂ ਦੀ ਕਮੀ ਨਾਲ ਜੂਝ ਰਹੇ ਹਨ। ਉਨ੍ਹਾਂ ਨੂੰ ਚੰਗੇ ਪੜ੍ਹੇ-ਲਿਖੇ ਨੌਜਵਾਨ ਨਹੀਂ ਮਿਲ ਰਹੇ। ਇੱਕ ਪਾਸੇ ਹਜ਼ਾਰਾਂ ਦੀ ਗਿਣਤੀ ਵਿੱਚ ਚੰਗੇ ਲੋਕਾਂ ਦੀ ਲੋੜ ਹੈ, ਦੂਜੇ ਪਾਸੇ ਲੱਖਾਂ ਬੇਰੁਜ਼ਗਾਰ ਹਨ। ਇਸ ਵਚਿੱਤਰ ਸਥਿਤੀ ਲਈ ਜ਼ਿੰਮੇਵਾਰ ਕੌਣ ਹੈ? ਕਮੀ ਕਿੱਥੇ ਹੈ?

ਅੱਜ ਦੇ ਪੰਜਾਬੀ ਨੌਜਵਾਨਾਂ ਦੇ ਦੋ ਹੀ ਸੁਪਨੇ ਹਨ। ਸਰਕਾਰੀ ਨੌਕਰੀ ਮਿਲ ਜਾਵੇ ਜਾਂ ਕੈਨੇਡਾ ਚਲੇ ਜਾਈਏ?

ਅਮਰੀਕਾ 'ਚ ਵੀ ਚੋਣ ਮੁਹਿੰਮ ਚੱਲ ਰਹੀ ਹੈ, ਜਿਸ 'ਚ ਰਿਪਬਲਿਕਨ ਪਾਰਟੀ ਦਾ ਇੱਕ ਲੀਡਰ ਆਪਣੇ ਚੋਣ ਪ੍ਰਚਾਰ ਦੌਰਾਨ 1925 ਦੇ ਮੈਨਹੈਟਨ ਦੀ ਇੱਕ ਤਸਵੀਰ ਵਿਖਾ ਰਿਹਾ ਸੀ। ਉਸ ਸ਼ਹਿਰ 'ਚ ਅੱਜ ਤੋਂ 100 ਸਾਲ ਪਹਿਲਾਂ ਵੀ 50 ਮੰਜ਼ਿਲੀਆਂ, 100 ਮੰਜ਼ਿਲੀਆਂ ਕਈ ਇਮਾਰਤਾਂ ਸਨ। ਉਨ੍ਹਾਂ ਦੇ ਅਦਾਰਿਆਂ 'ਚ ਉਦੋਂ ਵੀ ਖੋਜ ਹੋ ਰਹੀ ਸੀ। ਉਹ ਅੱਜ ਵੀ ਤਕਨੀਕ ਤੇ ਖੋਜ ਦੇ ਖੇਤਰ 'ਚ ਦੁਨੀਆ ਨਾਲੋਂ ਕਿਤੇ ਅੱਗੇ ਹਨ, ਕਿਉਂਕਿ ਅਮਰੀਕਾ ਦੇ ਇੱਕ ਆਮ ਬਾਸ਼ਿੰਦੇ ਦੀ ਸੋਚ ਦੁਨੀਆਂ ਦੇ ਹੋਰਨਾਂ ਮੁਲਕਾਂ ਦੇ ਲੋਕਾਂ ਨਾਲੋਂ ਬਿਹਤਰ ਹੈ। ਉਹ ਲੋਕ ਇਮਾਨਦਾਰ ਹਨ ਤੇ ਆਪਣੇ ਮੁਫਾਦਾਂ ਲਈ ਸਜੱਗ ਹਨ। ਵੇਖਿਆ ਜਾਵੇ ਤਾਂ ਇੱਕ ਔਸਤਨ ਅਮਰੀਕੀ 100 ਸਾਲ ਪਹਿਲਾਂ ਵੀ ਅਤੇ ਅੱਜ ਵੀ ਇੱਕ ਆਮ ਪੰਜਾਬੀ ਨਾਲੋਂ ਜ਼ਿਆਦਾ ਇਮਾਨਦਾਰ ਤੇ ਨਿਯਮ/ਕਾਨੂੰਨ ਮੰਨਣ ਵਾਲਾ ਹੁੰਦਾ ਹੈ। ਉਨ੍ਹਾਂ ਦੇ ਜ਼ਿਹਨ 'ਚ ਅੱਜ ਵੀ ਕੁਝ ਕਰ ਗੁਜ਼ਰਨ ਦੀ ਤਮੰਨਾ ਹੁੰਦੀ ਹੈ ਅਤੇ ਉਨ੍ਹਾਂ ਦੇ ਅਕਾਦਮਿਕ ਅਦਾਰੇ ਉਨ੍ਹਾਂ ਨੂੰ ਸਹੀ ਰਾਹ ਪਾ ਰਹੇ ਹਨ। ਹੁਣ ਜੇ ਅਸੀਂ ਇਨ੍ਹਾਂ ਸਾਰੇ ਬਿੰਦੂਆਂ ਨੂੰ ਜੋੜ ਕੇ ਲੜੀਬੱਧ ਢੰਗ ਨਾਲ ਵੇਖੀਏ ਤਾਂ ਤਸਵੀਰ ਸਾਫ਼ ਹੋ ਜਾਂਦੀ ਹੈ ਕਿ ਪੰਜਾਬ ਦੀ ਮਾੜੀ ਹਾਲਤ ਦੇ ਜ਼ਿੰਮੇਵਾਰ ਸਾਡੇ ਸਿਆਸਤਦਾਨ ਜਾਂ ਸਰਕਾਰਾਂ ਹੀ ਨਹੀਂ, ਸਗੋਂ ਅਸੀਂ ਖ਼ੁਦ ਵੀ ਹਾਂ।



ਪਹਿਲਾਂ ਇੱਕ ਆਮ ਸ਼ਹਿਰੀ, ਇੱਕ ਜ਼ਿਮੀਂਦਾਰ ਨੂੰ ਟਿੱਚਰ ਕਰਦਾ ਸੀ ਕਿ ਇਸ ਨੂੰ ਬਿਜਲੀ ਮੁਫ਼ਤ ਮਿਲਦੀ ਹੈ। ਸਰਕਾਰ ਤੋਂ ਸਬਸਿਡੀ ਦੇ ਨਾਂਅ ਹੇਠ ਹੋਰ ਕਈ ਰਿਆਇਤਾਂ ਲੈਂਦਾ ਹੈ ਪਰ ਹੁਣ ਉਹ ਆਮ ਸ਼ਹਿਰੀ ਵੀ ਆਪਣੀ ਉਹ ਥਾਂ ਗੁਆ ਚੁੱਕਾ ਹੈ, ਕਿਉਂਕਿ ਉਸ ਨੇ ਖ਼ੁਦ ਆਪਣੀ ਵੋਟ 300 ਯੂਨਿਟ ਮੁਫ਼ਤ ਬਿਜਲੀ ਖਾਤਰ ਵੇਚ ਦਿੱਤੀ ਹੈ। ਕੋਈ ਚੀਜ਼ ਮੁਫ਼ਤ ਮਿਲਣ ਨਾਲ ਆਦਮੀ ਉਸ ਲਈ ਸੰਘਰਸ਼ ਕਰਨਾ ਛੱਡ ਦਿੰਦਾ ਹੈ ਅਤੇ ਹੌਲੀ-ਹੌਲੀ ਆਲਸੀ ਤੇ ਨਿਕੰਮਾ ਹੋਣਾ ਸ਼ੁਰੂ ਹੋ ਜਾਂਦਾ ਹੈ। ਕੀ ਅਮਰੀਕਾ-ਕੈਨੇਡਾ ਦੀਆਂ ਸਰਕਾਰਾਂ ਆਪਣੇ ਲੋਕਾਂ ਨੂੰ ਮੁਫ਼ਤ ਬਿਜਲੀ ਨਹੀਂ ਦੇ ਸਕਦੀਆਂ? ਬਿਲਕੁਲ ਦੇ ਸਕਦੀਆਂ ਹਨ, ਪਰ ਉਹ ਨਹੀਂ ਦਿੰਦੀਆਂ, ਕਿਉਂਕਿ ਉਹ ਆਪਣੇ ਲੋਕਾਂ ਦੀ ਸ਼ਖ਼ਸੀਅਤ ਦਾ ਸਨਮਾਨ ਕਰਦੀਆਂ ਹਨ ਅਤੇ ਆਮ ਅਮਰੀਕੀ-ਕੈਨੇਡੀਅਨ ਦੇ ਅੰਦਰਲਾ ਜੁਝਾਰੂ ਕਿਰਦਾਰ ਜਗਾਈ ਰੱਖਣਾ ਚਾਹੁੰਦੀਆਂ ਹਨ ਪਰ ਇੱਥੇ ਪੰਜਾਬ 'ਚ ਅਸੀਂ ਸਾਰਿਆਂ ਨੇ ਰਲ ਕੇ ਸਿਆਸਤ ਨੂੰ ਮੁੱਦਾ ਵਿਹੀਣ ਬਣਾ ਦਿੱਤਾ ਹੈ।

ਸੱਚਾਈ ਇਹ ਹੈ ਕਿ ਸਾਡੇ ਵਿਚੋਂ ਬਹੁਤ ਸਾਰੇ ਲੋਕ ਲਾਲਚੀ ਹਨ, ਖ਼ੁਦਗਰਜ਼ ਹਨ, ਆਲਸੀ ਤੇ ਦੋਗਲੇ ਹਨ। ਆਲਸੀ ਹਨ, ਇਸੇ ਲਈ ਬਹੁਤੇ ਨੌਜਵਾਨਾਂ ਦੀ ਸਰਕਾਰੀ ਨੌਕਰੀ ਪਹਿਲੀ ਚਾਹਤ ਹੈ। ਅਸੀਂ ਸਰਕਾਰੀ ਨੌਕਰੀ ਚਾਹੁੰਦੇ ਹਾਂ ਪਰ ਆਪਣੇ ਬੱਚੇ ਨੂੰ ਸਰਕਾਰੀ ਸਕੂਲ 'ਚ ਨਹੀਂ ਪੜ੍ਹਾਉਣਾ ਚਾਹੁੰਦੇ। ਸਾਨੂੰ ਪਤਾ ਹੈ ਭਾਵੇਂ 8 ਘੰਟੇ ਦੀ ਸ਼ਿਫਟ ਦਿਸੇ ਕਾਗ਼ਜ਼ 'ਤੇ ਪਰ 5-7 ਘੰਟੇ ਹੀ ਕੰਮ ਕਰਕੇ ਆਮ ਸਰਕਾਰੀ ਕਰਮਚਾਰੀ ਦਾ ਸਰ ਜਾਂਦਾ ਹੈ ਤੇ ਛੁੱਟੀਆਂ ਵੱਖਰੀਆਂ। ਸਾਡੇ ਨੌਜਵਾਨਾਂ ਅੰਦਰ ਕੁਝ ਕਰ ਗੁਜ਼ਰਨ ਦੀ ਅੱਗ ਮੰਦੀ ਪੈ ਚੁੱਕੀ ਹੈ ਜਾਂ ਅੰਗਰੇਜ਼ੀ ਦਾ ਸ਼ਬਦ ਵਰਤੀਏ ਤਾਂ ਉਹ 'ਮਿਸਗਾਇਡਿਡ' ਹੋ ਚੁੱਕੇ ਹਨ। ਸਿਆਸੀ ਪਾਰਟੀਆਂ ਅਤੇ ਕਈ ਪ੍ਰਕਾਰ ਦੇ ਹੋਰ ਸੰਗਠਨ ਉਨ੍ਹਾਂ ਦੀ ਅੰਦੋਲਨਾਂ 'ਚ ਦੁਰਵਰਤੋਂ ਵੀ ਕਰਦੇ ਹਨ। 1966 ਤੋਂ ਪਹਿਲਾਂ ਵਾਲੇ ਪੰਜਾਬ 'ਤੇ ਝਾਤ ਮਾਰੀਏ ਤਾਂ ਇਹ ਆਮ ਸੀ ਕਿ ਜਦੋਂ ਕੋਈ ਆਮ ਪੰਜਾਬੀ ਬਾਹਰ ਜਾਂਦਾ ਸੀ ਤਾਂ ਉਹ ਨੌਕਰੀ ਲੈਣ ਲਈ ਨਹੀਂ, ਸਗੋਂ ਰੁਜ਼ਗਾਰ ਦੇਣ ਲਈ ਜਾਂਦਾ ਸੀ। ਉਹ ਜਿੱਥੇ ਜਾਂਦਾ ਸੀ, ਆਪਣੇ ਦਿਮਾਗ ਤੇ ਆਪਣੀ ਮਿਹਨਤ ਨਾਲ ਰੁਜ਼ਗਾਰ ਪੈਦਾ ਕਰਦਾ ਸੀ।

1950-60 ਦੇ ਦਹਾਕੇ ਵਾਲੀ ਪੀੜ੍ਹੀ ਨੂੰ ਜਿਹੜਾ ਪੰਜਾਬ ਮਿਲਿਆ ਸੀ, ਉਸ 'ਚ ਸਾਂਝੀਵਾਲਤਾ ਦੀ ਗੱਲ ਹੁੰਦੀ ਸੀ। 1947 ਦੀ ਵੰਡ ਤੋਂ ਬਾਅਦ ਲੋਕ ਜਾਤ-ਪਾਤ ਨੂੰ ਛੱਡ ਕੇ ਇੱਕ-ਦੂਜੇ ਨਾਲ ਖੜ੍ਹੇ ਰਹੇ ਸਨ। ਸਭ ਰਲ ਕੇ ਅੱਗੇ ਵਧਣ ਦੀ ਗੱਲ ਕਰ ਰਹੇ ਸਨ। ਫੇਰ ਜਦੋਂ ਅਸੀਂ ਤਰੱਕੀ ਦੇ ਅਰੂਜ਼ ਤੱਕ ਪੁੱਜੇ ਤਾਂ ਆਪਣੇ 'ਤੇ ਗੁਮਾਨ ਕਰਨ ਲੱਗੇ ਅਤੇ ਝੂਠੀਆਂ-ਸੱਚੀਆਂ ਕਹਾਣੀਆਂ ਦੇ ਜ਼ਰੀਏ ਦੂਜਿਆਂ ਨੂੰ ਨੀਵਾਂ ਵਿਖਾਉਣ ਲੱਗੇ। ਇਹ ਆਦਤ ਹੇਠਾਂ ਸਮਾਜ ਦੇ ਤਬਕਿਆਂ ਤੱਕ ਵੀ ਆਣ ਪੁੱਜੀ ਅਤੇ ਸਮਾਜ ਪੰਥ-ਜਾਤ ਦੇ ਨਾਂਅ 'ਤੇ ਪੈਣ ਵਾਲੀਆਂ ਵੰਡੀਆਂ ਨੂੰ ਸਵੀਕਾਰਨ ਲੱਗਾ। (ਬਾਕੀ ਸਫ਼ਾ 31 'ਤੇ)

# ਸਮਰਥਨ ਮੁੱਲ ਦੀ ਗਾਰੰਟੀ ਨਾਲ ਖੇਤੀ ਖੇਤਰ ਹੋ ਸਕਦੈ ਮਜ਼ਬੂਤ



ਅੰਮ੍ਰਿਤ ਸਾਗਰ ਮਿੱਤਲ




ਕਿਸਾਨਾਂ ਦੇ ਮੁੜ ਤੋਂ ਉੱਭਰੇ ਵਿਰੋਧ ਪ੍ਰਦਰਸ਼ਨਾਂ ਨੇ, ਖੇਤੀ ਖੇਤਰ 'ਚ ਟਿਕਾਊ ਲਾਭ ਦੀ ਮੰਗ ਨੂੰ ਲੈ ਕੇ ਉਨ੍ਹਾਂ ਦੇ ਲੰਮੇ ਸਮੇਂ ਤੋਂ ਚੱਲ ਰਹੇ ਸੰਘਰਸ਼ ਵੱਲ ਇੱਕ ਵਾਰ ਫਿਰ ਧਿਆਨ ਖਿੱਚਿਆ ਹੈ। ਹਾਲਾਂ ਕਿ ਉਨ੍ਹਾਂ ਦੀਆਂ ਕਈ ਕਿਸਮ ਦੀਆਂ ਮੰਗਾਂ ਹਨ ਪਰ ਉਨ੍ਹਾਂ ਦੀ ਮੁੱਖ ਮੰਗ ਜਾਂ ਕਹਿ ਲਉ ਮੁੱਢਲੀ ਬੇਨਤੀ ਹੈ, ਐੱਮ.ਐੱਸ.ਪੀ. ਭਾਵ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ। ਕਿਸਾਨਾਂ ਦਾ ਮੰਨਣਾ ਹੈ ਕਿ ਸਰਕਾਰ ਨੇ ਐੱਮ.ਐੱਸ.ਪੀ. ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਵਿੱਚ ਕੋਈ ਰੁਚੀ ਨਹੀਂ ਵਿਖਾਈ, ਜਿਸ ਕਾਰਨ ਉਨ੍ਹਾਂ ਦੇ ਬੇਵਿਸ਼ਵਾਸੀ ਤੇ ਨਿਰਾਸ਼ਾ ਹੱਥ ਲੱਗੀ ਅਤੇ ਹੁਣ ਕਿਸਾਨ ਕਾਨੂੰਨੀ ਗਾਰੰਟੀ ਦੀ ਜ਼ਰੂਰਤ ਮਹਿਸੂਸ ਕਰ ਰਹੇ ਹਨ। ਇਨ੍ਹਾਂ ਮੁੱਦਿਆਂ ਨੇ ਉਨ੍ਹਾਂ ਨੂੰ ਖੇਤ ਅਤੇ ਘਰ ਛੱਡ ਕੇ ਵਿਰੋਧ ਦਾ ਰਸਤਾ ਅਪਣਾਉਣ ਲਈ, ਸ਼ਾਹੀ ਮਾਰਗਾਂ 'ਤੇ ਜਾਣ ਲਈ ਮਜਬੂਰ ਕਰ ਦਿੱਤਾ ਹੈ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਇਨ੍ਹਾਂ ਪ੍ਰਦਰਸ਼ਨਾਂ ਦੌਰਾਨ ਕੁਝ ਕਿਸਾਨਾਂ ਦੀ ਮੌਤ ਹੋ ਗਈ ਤੇ ਕੁੱਝ ਜ਼ਖ਼ਮੀ ਵੀ ਹੋਏ, ਜਿਸ ਕਾਰਨ ਹਾਲਾਤ ਆਮ ਵਰਗੇ ਨਹੀਂ ਰਹੇ ਤੇ ਯਾਤਰੂਆਂ ਦੀ ਆਵਾਜਾਈ ਅਤੇ ਵਪਾਰਕ ਸਰਗਰਮੀਆਂ ਦੇ ਨਾਲ-ਨਾਲ ਆਮ ਜਨ ਜੀਵਨ 'ਤੇ ਵੀ ਅਸਰ ਪਿਆ।

ਸਤੰਬਰ 2020 'ਚ ਸਰਕਾਰ ਨੇ ਤਿੰਨ ਵਿਵਾਦਤ ਖੇਤੀ ਕਾਨੂੰਨ ਲਿਆਂਦੇ, ਜਿਨ੍ਹਾਂ ਦਾ ਰੱਜ ਕੇ ਵਿਰੋਧ ਹੋਇਆ, ਫਿਰ ਉਨ੍ਹਾਂ ਨੂੰ ਰੱਦ ਕਰਨ ਦੀ ਮੰਗ ਉੱਠੀ। ਆਖ਼ਰਕਾਰ ਨਵੰਬਰ 2021 'ਚ ਉਨ੍ਹਾਂ ਨੂੰ ਰੱਦ ਵੀ ਕਰ ਦਿੱਤਾ ਗਿਆ, ਪ੍ਰੰਤੂ ਕਿਸਾਨਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਲਈ ਐੱਮ.ਐੱਸ.ਪੀ. ਬਾਰੇ ਗਠਿਤ ਕਮੇਟੀ ਦੀ ਹਾਲੇ ਤੱਕ ਅੰਤਰਿਮ ਰਿਪੋਰਟ ਤੱਕ ਵੀ ਨਹੀਂ ਆਈ। ਫ਼ੈਸਲਾ ਲੈਣ 'ਚ ਹੋ ਰਹੀ ਇਸ ਦੇਰੀ ਨੇ ਖੇਤੀਬਾੜੀ ਖੇਤਰ 'ਚ ਅਨਿਸ਼ਚਿੱਤਤਾਵਾਂ ਨੂੰ ਬਰਕਰਾਰ ਰੱਖਿਆ ਹੋਇਆ ਹੈ। ਇਹ ਗੱਲ 1966-67 ਦੀ ਹੈ, ਜਦੋਂ ਦੇਸ਼ 'ਚ ਭੋਜਨ (ਅਨਾਜ) ਦੀ ਬਹੁਤ ਕਮੀ ਸੀ, ਉਸ ਵੇਲੇ ਭੋਜਨ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਐੱਮ.ਐੱਸ.ਪੀ. ਲਾਗੂ ਕੀਤੀ ਗਈ ਸੀ। ਹਾਲਾਂ ਕਿ ਐੱਮ.ਐੱਸ.ਪੀ. ਨੂੰ ਕਾਨੂੰਨੀ ਰੂਪ ਦੇਣ ਵਾਸਤੇ ਵੱਡੇ ਪੱਧਰ 'ਤੇ ਰਾਜਨੀਤਕ ਸਮਰਥਨ ਮਿਲਿਆ ਸੀ, ਪ੍ਰੰਤੂ ਮਗਰੋਂ ਦੀਆਂ ਸਰਕਾਰਾਂ ਇਸ ਨੂੰ ਰਸਮੀ ਰੂਪ ਦੇਣ 'ਚ ਨਾਕਾਮਯਾਬ ਰਹੀਆਂ ਅਤੇ ਇਸੇ ਕਾਰਨ ਖੇਤੀਬਾੜੀ ਖੇਤਰ ਅੱਜ ਵੀ ਸ਼ਸ਼ੋਪੰਜ ਵਾਲੇ ਹਾਲਤ ਵਿਚੋਂ ਗੁਜ਼ਰ ਰਿਹਾ ਹੈ। ਜ਼ਾਹਿਰ ਹੈ ਕਿ ਹੁਣ ਦਹਾਕਿਆਂ ਪੁਰਾਣੀ ਐੱਮ.ਐੱਸ.ਪੀ. ਦੀ ਨੀਤੀ ਨੂੰ ਕਮਜ਼ੋਰ ਕਰਨ ਵਾਲੇ ਕਾਰਨਾਂ ਨੂੰ ਦੂਰ ਕਰਨ, ਇਸ ਦੇ ਕਾਨੂੰਨ ਦੀਆਂ ਜਟਿਲਤਾਵਾਂ ਨੂੰ ਹਟਾਉਣ ਅਤੇ ਖੇਤੀ ਖੇਤਰ, ਜੋ ਕਿ ਦੇਸ਼ ਦੀ ਜੀਵਨ ਰੇਖਾ ਹੈ, ਦੇ ਸਮੁੱਚੇ ਵਿਕਾਸ ਨੂੰ ਅੱਗੇ ਵਧਾਉਣ ਲਈ ਐੱਮ.ਐੱਸ.ਪੀ. ਨੂੰ ਕਾਨੂੰਨੀ ਰੂਪ ਦੇਣ ਲਈ ਕਦਮ ਚੁੱਕੇ ਜਾਣ।

**ਕਾਨੂੰਨੀ ਗਰੰਟੀ ਕਿਉਂ ?**

ਸਵਾਲ ਇਹ ਹੈ ਕਿ ਆਖਰ ਕਿਸਾਨ ਐੱਮ.ਐੱਸ.ਪੀ. ਦੀ ਕਾਨੂੰਨੀ ਗਰੰਟੀ ਦੀ ਮੰਗ ਕਰ ਹੀ ਕਿਉਂ ਰਹੇ ਹਨ? ਦਰਅਸਲ ਐੱਮ.ਐੱਸ.ਪੀ. 23 ਫ਼ਸਲਾਂ ਦਾ ਇਕ ਅਜਿਹਾ ਮੁੱਲ ਹੈ, ਜੋ ਪ੍ਰਸ਼ਾਸਨ ਦੀ ਸਲਾਹ ਨਾਲ ਤੈਅ ਕੀਤਾ ਜਾਂਦਾ ਹੈ ਅਤੇ ਖੇਤੀ ਲਾਗਤ ਤੇ ਮੁੱਲ ਕਮਿਸ਼ਨ (ਸੀ.ਏ.ਸੀ.ਪੀ.) ਵੱਲੋਂ ਹਰ ਸਾਲ ਤੈਅ ਕੀਤਾ ਜਾਂਦਾ ਹੈ ਅਤੇ ਜਦੋਂ ਬਾਜ਼ਾਰ 'ਚ ਅਨਾਜ ਦੀਆਂ ਕੀਮਤਾਂ ਥੱਲੇ ਡਿਗਦੀਆਂ ਹਨ ਅਤੇ ਉਹ ਐੱਮ.ਐੱਸ.ਪੀ. ਤੋਂ ਵੀ ਥੱਲੇ ਚਲੀਆਂ ਜਾਂਦੀਆਂ ਹਨ ਤਾਂ ਕਿਸਾਨਾਂ ਨੂੰ ਇਸ ਨਮੋਸ਼ੀ ਤੋਂ ਬਚਾਉਣ ਤੇ ਕੀਮਤਾਂ ਦੀ ਅਸਥਿਰਤਾ 'ਤੇ ਰੋਕ ਲਾਉਣ ਲਈ ਹੀ ਇਹ ਸਿੱਧੀ ਸਰਕਾਰੀ ਦਖ਼ਲ-ਅੰਦਾਜ਼ੀ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਇਹ ਖਪਤਕਾਰਾਂ ਨੂੰ ਬਾਜ਼ਾਰ ਦੀ ਭ੍ਰਿਸ਼ਟ ਜੋੜ-ਤੋੜ ਦੀ ਨੀਤੀ ਤੋਂ ਬਚਾ ਕੇ, ਵਧਦੀਆਂ ਕੀਮਤਾਂ ਨੂੰ ਸਥਿਰ ਰੱਖਦੇ ਹੋਏ ਭੋਜਨ ਸੁਰੱਖਿਆ ਨੂੰ ਵੀ ਬਰਕਰਾਰ ਰੱਖਦੀ ਹੈ। ਇਹ ਨੀਤੀ ਭਾਰਤ 'ਚ ਕਰੀਬ ਪੰਜ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਵਜੂਦ 'ਚ ਹੈ। ਫਿਰ ਵੀ ਇਹੀ ਸਵਾਲ ਅਹਿਮ ਹੈ ਕਿ ਕਿਸਾਨ ਇਸ ਨੀਤੀ ਦੀ ਕਾਨੂੰਨੀ ਗਾਰੰਟੀ ਦੀ ਮੰਗ ਕਿਉਂ ਕਰ ਰਹੇ ਹਨ? ਨੀਤੀ ਆਯੋਗ ਦੇ ਤਾਜ਼ਾ ਤਰੀਨ ਅੰਕੜੇ ਦੱਸਦੇ ਹਨ ਕਿ ਐੱਮ.ਐੱਸ.ਪੀ. ਦਾ ਲਾਭ ਸਿਰਫ਼ 6 ਫ਼ੀਸਦੀ ਕਿਸਾਨਾਂ ਨੂੰ ਹੀ ਮਿਲਦਾ ਹੈ ਅਤੇ ਸਾਡਾ ਦੇਸ਼, ਕੁੱਲ ਖੇਤੀ ਉਤਪਾਦਨ ਦਾ ਸਿਰਫ਼ 11 ਫ਼ੀਸਦੀ ਹੀ ਕਿਸਾਨਾਂ ਤੋਂ ਖ਼ਰੀਦ ਰਿਹਾ ਹੈ।

ਹਕੀਕਤ ਇਹ ਹੈ ਕਿ 90 ਫ਼ੀਸਦੀ ਤੋਂ ਜ਼ਿਆਦਾ ਫ਼ਸਲਾਂ ਤੈਅਸ਼ੁਦਾ ਐੱਮ.ਐੱਸ.ਪੀ. ਤੋਂ, 20 ਤੋਂ 30 ਫ਼ੀਸਦੀ ਘੱਟ ਕੀਮਤਾਂ 'ਤੇ ਵੇਚੀਆਂ ਜਾਂਦੀਆਂ ਹਨ, ਨਤੀਜਾ ਇਹ ਨਿਕਲਦਾ ਹੈ ਕਿ ਕਿਸਾਨਾਂ ਨੂੰ ਇੱਕ ਏਕੜ ਖੇਤ ਦੀ ਪੈਦਾਵਾਰ 'ਤੇ ਕਰੀਬ 20 ਹਜ਼ਾਰ ਰੁਪਏ ਦਾ ਨੁਕਸਾਨ ਹੁੰਦਾ ਹੈ, ਜਿਸ ਦੀ ਸਾਲਾਨਾ ਗਿਣਤੀ-ਮਿਣਤੀ ਕਰੀਏ ਤਾਂ ਇਹ ਨੁਕਸਾਨ ਕਰੀਬ 10 ਲੱਖ ਕਰੋੜ ਦਾ ਹੋ ਜਾਂਦਾ ਹੈ। ਭਾਰਤੀ ਅੰਤਰਰਾਸ਼ਟਰੀ ਆਰਥਿਕ ਸੰਬੰਧ ਖੋਜ ਕੌਂਸਲ (ਸੀ.ਆਰ.ਆਈ.ਈ.) ਅਤੇ ਆਰਥਿਕ ਸਹਿਯੋਗ ਅਤੇ ਵਿਕਾਸ ਸੰਗਠਨ ਵਲੋਂ ਕੀਤੇ ਗਏ ਇੱਕ ਅਧਿਐਨ ਤੋਂ ਪਤਾ ਲੱਗਿਆ ਹੈ ਕਿ ਬੇਅਸਰ ਨੀਤੀਆਂ ਕਾਰਨ ਭਾਰਤੀ ਕਿਸਾਨਾਂ ਨੂੰ ਸੰਨ 2000 ਤੋਂ ਲਗਾਤਾਰ ਨੁਕਸਾਨ ਹੋ ਰਿਹਾ ਹੈ। ਰਿਪੋਰਟ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਭਾਰਤੀ ਕਿਸਾਨਾਂ ਨੂੰ ਘੱਟ ਕੀਮਤਾਂ ਮਿਲਣ ਕਾਰਨ 2000-2017 ਦੌਰਾਨ 45 ਲੱਖ ਕਰੋੜ ਦਾ ਨੁਕਸਾਨ ਹੋਇਆ।

ਗ਼ਲਤ ਧਾਰਨਾਵਾਂ: ਐੱਮ.ਐੱਸ.ਪੀ. ਦੀ ਕਾਨੂੰਨੀ ਗਰੰਟੀ ਨੂੰ ਲੈ ਕੇ ਇਸ ਦੀਆਂ ਵਿੱਤੀ ਲਾਗਤਾਂ ਬਾਰੇ ਕੀਤੇ ਜਾ ਰਹੇ ਅੱਤਕਥਨੀ ਵਾਲੇ ਦਾਅਵਿਆਂ ਕਾਰਨ ਰੁਕਾਵਟਾਂ ਖੜ੍ਹੀਆਂ ਹੋ ਰਹੀਆਂ ਹਨ। ਐੱਮ.ਐੱਸ.ਪੀ. ਦੀ ਕਾਨੂੰਨੀ ਗਰੰਟੀ ਦੇਣ ਲਈ ਖੇਤੀ ਉਤਪਾਦਾਂ ਅਤੇ ਪਸ਼ੂ ਧਨ ਮਾਰਕੀਟ ਕਮੇਟੀਆਂ (ਏ.ਪੀ.ਐੱਮ.ਸੀ.) ਦੇ ਕਾਨੂੰਨ 'ਚ ਹੀ ਇਕ ਹੋਰ ਧਾਰਾ ਨੂੰ ਜੋੜਦੇ ਹੋਏ ਕੁਝ ਲਾਜ਼ਮੀ ਸੋਧਾਂ ਦੀ ਲੋੜ ਹੈ, ਉਹ ਇਹ ਕਿ ਏ.ਪੀ.ਐੱਮ.ਸੀ. ਦੀਆਂ ਮੰਡੀਆਂ 'ਚ ਖੇਤੀ ਉਪਜ ਦੀ ਬੋਲੀ, ਤੈਅਸ਼ੁਦਾ ਐੱਮ.ਐੱਸ.ਪੀ. ਦੀਆਂ ਕੀਮਤਾਂ ਤੋਂ ਥੱਲੇ ਲਾਉਣ ਦੀ ਕਾਨੂੰਨੀ ਰੂਪ 'ਚ ਇਜਾਜ਼ਤ ਨਹੀਂ ਹੈ। ਐੱਮ.ਐੱਸ.ਪੀ. ਦੇ ਕਾਨੂੰਨੀ ਰੂਪ 'ਚ ਸੰਚਾਲਨ 'ਚ ਖ਼ਦਸ਼ਾ ਇਹ ਪੈਦਾ ਹੁੰਦਾ ਹੈ ਕਿ ਜ਼ਿਆਦਾਤਰ ਖੇਤੀ ਉਤਪਾਦਾਂ ਦੀ ਵਿੱਕਰੀ ਏ.ਪੀ.ਐੱਮ.ਸੀ. ਦੀਆਂ ਮੰਡੀਆਂ ਰਾਹੀਂ ਨਹੀਂ ਹੁੰਦੀ ਅਤੇ ਵਪਾਰੀ ਖੇਤੀ ਉਪਜਾਂ ਦੀ ਖ਼ਰੀਦ ਦਾ ਬਾਈਕਾਟ ਵੀ ਕਰ ਸਕਦੇ ਹਨ। ਸਰਕਾਰ ਕੋਲ ਖੇਤੀ ਪੈਦਾਵਾਰ ਨੂੰ, ਗੁਦਾਮਾਂ 'ਚ ਰੱਖਣ ਅਤੇ ਉਸ ਦੀ ਵਿੱਕਰੀ ਜਾਂ ਮੰਡੀਕਰਨ ਲਈ ਭੌਤਿਕ ਅਤੇ ਵਿੱਤੀ ਸਾਧਨ ਨਹੀਂ ਹਨ, ਇਸ ਦਲੀਲ 'ਤੇ ਕੋਈ ਤਰਕ ਨਹੀਂ ਕੀਤਾ ਜਾ ਸਕਦਾ। ਸਰਕਾਰੀ ਦਖ਼ਲ-ਅੰਦਾਜ਼ੀ ਉਦੋਂ ਹੀ ਲਾਜ਼ਮੀ ਹੁੰਦੀ ਹੈ, ਜਦੋਂ ਬਾਜ਼ਾਰ ਦੀਆਂ ਕੀਮਤਾਂ ਐੱਮ.ਐੱਸ.ਪੀ. ਤੋਂ ਥੱਲੇ ਆ ਜਾਂਦੀਆਂ ਹਨ।

ਉਂਝ ਵਪਾਰੀਆਂ ਵੱਲੋਂ ਖੇਤੀ ਉਤਪਾਦਾਂ ਦੀ ਖਰੀਦ ਦਾ ਵੱਡੇ ਪੱਧਰ 'ਤੇ ਕੀਤਾ ਜਾ ਸਕਣ ਵਾਲਾ ਸੰਭਾਵਿਤ ਬਾਈਕਾਟ ਵੀ ਤਰਕਹੀਣ ਦਲੀਲ ਹੈ; ਕਿਉਂ ਜੋ ਖੇਤੀ ਦੀ ਉਪਜ ਦੀ ਮੰਗ ਦੇ ਮੁਕਾਬਲੇ ਖੇਤੀ ਜਿਣਸ ਦੀ ਸਪਲਾਈ ਪਹਿਲਾਂ ਹੀ ਘੱਟ ਹੈ। ਇਹ ਇਸ ਗੱਲ ਤੋਂ ਵੀ ਸਾਫ ਹੋ ਜਾਂਦਾ ਹੈ ਕਿ 2023 ਦੇ ਸੀਜ਼ਨ 'ਚ ਸਰਕਾਰ ਨੇ ਐੱਮ.ਐੱਸ.ਪੀ. 'ਤੇ 44.4 ਮਿਲੀਅਨ ਟਨ ਕਣਕ ਖਰੀਦਣ ਦਾ ਟੀਚਾ ਮਿਥਿਆ ਸੀ, ਲੇਕਿਨ ਉਹ ਸਿਰਫ਼ 26 ਮਿਲੀਅਨ ਟਨ ਕਣਕ ਹੀ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦ ਸਕੀ।

ਇਹ ਦਾਅਵਾ ਕਰਨਾ ਕਿ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਭਾਰਤ ਲਈ ਵਿੱਤੀ ਮੁਸੀਬਤਾਂ ਖੜ੍ਹੀਆਂ ਕਰੇਗੀ, ਬਿਲਕੁਲ ਬੇਬੁਨਿਆਦ ਹੈ। ਸਰਕਾਰੀ ਅਨੁਮਾਨਾਂ ਮੁਤਾਬਿਕ 23 ਫ਼ਸਲਾਂ ਦੇ ਉਤਪਾਦਨ ਦਾ ਐੱਮ.ਐੱਸ.ਪੀ. ਮੁੱਲ ਕਰੀਬ 17 ਲੱਖ ਕਰੋੜ ਰੁਪਏ ਬਣਦਾ ਹੈ ਅਤੇ ਕੁਝ ਅਧਿਐਨ ਇਸ ਨੂੰ 10 ਲੱਖ ਕਰੋੜ ਰੁਪਏ ਵੀ ਦੱਸਦੇ ਹਨ। ਇਸ ਤੋਂ ਇਲਾਵਾ ਖੇਤੀ ਪੈਦਾਵਾਰ ਦਾ ਮਹਿਜ 70 ਫ਼ੀਸਦੀ ਹੀ ਵਿੱਕਰੀ ਲਈ, ਵਾਧੂ ਉਤਪਾਦਨ ਦੇ ਰੂਪ 'ਚ ਮੰਡੀਆਂ 'ਚ ਆਉਂਦਾ ਹੈ ਅਤੇ ਬਾਕੀ ਉਤਪਾਦਨ ਕਿਸਾਨ ਪਰਿਵਾਰ ਘਰੇਲੂ ਖਪਤ ਦੇ ਰੂਪ 'ਚ ਇਸਤੇਮਾਲ ਕਰਦੇ ਹਨ। ਸੱਚਾਈ ਤਾਂ ਇਹ ਹੈ ਕਿ ਭੋਜਨ ਪ੍ਰੋਸੈਸਿੰਗ ਦੇ ਆਹਰ 'ਚ ਲੱਗੇ ਵਪਾਰੀ ਜਾਂ ਕਾਰਪੋਰੇਟ ਘਰਾਣੇ, ਜੇਕਰ ਐੱਮ.ਐੱਸ.ਪੀ. ਦੀਆਂ ਮੰਡੀਆਂ ਦਾ ਬਾਈਕਾਟ ਕਰਦੇ ਹਨ ਤਾਂ, ਐੱਮ.ਐੱਸ.ਪੀ. ਦੀ ਕਾਨੂੰਨੀ ਗਰੰਟੀ 'ਤੇ ਸਰਕਾਰ ਨੂੰ ਸਿਰਫ਼ 5 ਲੱਖ ਕਰੋੜ ਦੇ ਕਰੀਬ ਰੁਪਏ ਹੀ ਖਰਚ ਕਰਨੇ ਪੈਣਗੇ, ਪਰ ਇਹ ਦ੍ਰਿਸ਼ ਅਸੰਭਵ ਜਿਹਾ ਹੀ ਲਗਦਾ ਹੈ। ਹੁਣ ਸਮਾਂ ਆ ਗਿਆ ਹੈ ਕਿ ਐੱਮ.ਐੱਸ.ਪੀ. ਦੇ ਆਲੇ-ਦੁਆਲੇ ਪਸਰੇ ਗ਼ਲਤਫਹਿਮੀਆਂ ਦੇ ਮੱਕੜ ਜਾਲ ਨੂੰ ਤੋੜਿਆ ਜਾਵੇ ਤੇ ਐੱਮ.ਐੱਸ.ਪੀ. ਦੀ ਕਾਨੂੰਨੀ ਗਰੰਟੀ ਦੇਣ ਦੀਆਂ ਖ਼ੂਬੀਆਂ 'ਤੇ ਧਿਆਨ ਕੇਂਦਰਿਤ ਕੀਤਾ ਜਾਵੇ। **(ਬਾਕੀ ਸਫ਼ਾ 31 'ਤੇ)**

## ਵਿਸ਼ਵ ਮਹਿਲਾ ਦਿਵਸ 'ਤੇ ਵਿਸ਼ੇਸ਼

# ਔਰਤਾਂ ਪ੍ਰਤੀ ਬਦਲਣਾ ਹੋਵੇਗਾ ਰਵੱਈਆ

ਰਮੇਸ਼ ਸਰਾਫ਼






ਭਾਰਤ ਵਿੱਚ ਔਰਤ ਨੂੰ ਦੇਵੀ ਦੇ ਰੂਪ ਵਿੱਚ ਦੇਖਿਆ ਜਾਂਦਾ ਰਿਹਾ ਹੈ। ਕਿਹਾ ਜਾਂਦਾ ਹੈ ਕਿ ਜਿੱਥੇ ਔਰਤਾਂ ਦੀ ਪੂਜਾ ਹੁੰਦੀ ਹੈ, ਉੱਥੇ ਦੇਵਤਾਵਾਂ ਦਾ ਵਾਸ ਹੁੰਦਾ ਹੈ। ਪੁਰਾਤਨ ਸਮੇਂ ਤੋਂ ਹੀ ਸਮਾਜ ਵਿੱਚ ਔਰਤਾਂ ਨੂੰ ਵਿਸ਼ੇਸ਼ ਸਨਮਾਨ ਅਤੇ ਸਨਮਾਨ ਦਿੱਤਾ ਜਾਂਦਾ ਹੈ। ਭਾਰਤ ਇੱਕ ਅਜਿਹਾ ਦੇਸ਼ ਹੈ ਜਿੱਥੇ ਔਰਤਾਂ ਦੀ ਸੁਰੱਖਿਆ ਅਤੇ ਸਨਮਾਨ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ। ਜੇਕਰ ਇੱਕੀਵੀਂ ਸਦੀ ਦੀ ਗੱਲ ਕਰੀਏ ਤਾਂ ਇੱਥੋਂ ਦੀਆਂ ਔਰਤਾਂ ਹਰ ਖੇਤਰ ਵਿੱਚ ਮਰਦਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੀਆਂ ਹਨ।

ਸਾਡੇ ਦੇਸ਼ ਵਿੱਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਹਨ। ਔਰਤਾਂ ਦੇਸ਼ ਦੀ ਅੱਧੀ ਆਬਾਦੀ ਦੀ ਨੁਮਾਇੰਦਗੀ ਕਰਦੀਆਂ ਹਨ ਅਤੇ ਵਿਕਾਸ ਵਿੱਚ ਵੀ ਬਰਾਬਰ ਦੀਆਂ ਭਾਈਵਾਲ ਹਨ। ਅੱਜ ਦੇ ਯੁੱਗ ਵਿੱਚ ਔਰਤਾਂ ਨੇ ਨਾ ਸਿਰਫ਼ ਮਰਦਾਂ ਦਾ ਸਾਥ ਦਿੱਤਾ ਹੈ ਸਗੋਂ ਉਨ੍ਹਾਂ ਤੋਂ ਵੀ ਦੋ ਕਦਮ ਅੱਗੇ ਨਿਕਲ ਗਈਆਂ ਹਨ। ਔਰਤਾਂ ਤੋਂ ਬਿਨਾਂ ਸਮਾਜ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਭਾਰਤੀ ਸੰਵਿਧਾਨ ਅਨੁਸਾਰ ਔਰਤਾਂ ਨੂੰ ਵੀ ਮਰਦਾਂ ਦੇ ਬਰਾਬਰ ਜ਼ਿੰਦਗੀ ਜਿਊਣ ਦਾ ਅਧਿਕਾਰ ਹੈ।

ਸਾਲ 2020 ਦੇ ਮੁਕਾਬਲੇ ਸਾਲ 2021 'ਚ ਦੇਸ਼ 'ਚ ਔਰਤਾਂ ਵਿਰੁੱਧ ਅਪਰਾਧਾਂ 'ਚ 15.3 ਫੀਸਦੀ ਦਾ ਵਾਧਾ ਹੋਇਆ । ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ.) ਦੁਆਰਾ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ, 2021 ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੇ 4,28,278 ਮਾਮਲੇ ਦਰਜ ਕੀਤੇ ਗਏ ਸਨ, ਜਦੋਂ ਕਿ 2020 ਵਿੱਚ 3,71,503 ਮਾਮਲੇ ਦਰਜ ਕੀਤੇ ਗਏ ਸਨ।

ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪ੍ਰਤੀ 1 ਲੱਖ ਆਬਾਦੀ ਵਿੱਚ ਔਰਤਾਂ ਵਿਰੁੱਧ ਅਪਰਾਧ 2020 ਵਿੱਚ 56.5 ਪ੍ਰਤੀਸ਼ਤ ਤੋਂ ਵੱਧ ਕੇ 2021 ਵਿੱਚ 64.5 ਪ੍ਰਤੀਸ਼ਤ ਹੋ ਗਏ ਹਨ। ਇਹਨਾਂ ਵਿੱਚੋਂ ਬਹੁਤੇ ਮਾਮਲੇ (31.8 ਪ੍ਰਤੀਸ਼ਤ) ਪਤੀ ਜਾਂ ਉਸਦੇ ਰਿਸ਼ਤੇਦਾਰਾਂ ਦੁਆਰਾ ਬੇਰਹਿਮੀ ਦੇ ਹਨ। ਇਸ ਤੋਂ ਬਾਅਦ 20.8 ਫੀਸਦੀ ਮਾਮਲੇ ਔਰਤਾਂ 'ਤੇ ਉਨ੍ਹਾਂ ਦੀ ਇੱਜ਼ਤ ਨੂੰ ਢਾਹ ਲਾਉਣ ਦੇ ਇਰਾਦੇ ਨਾਲ ਹਮਲਿਆਂ ਦੇ ਹਨ। ਇਨ੍ਹਾਂ ਵਿਚੋਂ 17.6 ਫੀਸਦੀ ਅਗਵਾ ਅਤੇ 7.4 ਫੀਸਦੀ ਬਲਾਤਕਾਰ ਦੇ ਹਨ।

ਰਿਪੋਰਟ ਦੇ ਅਨੁਸਾਰ, 2021 ਵਿੱਚ ਅਸਾਮ ਵਿੱਚ ਔਰਤਾਂ ਵਿਰੁੱਧ ਅਪਰਾਧ ਦੇ ਸਭ ਤੋਂ ਵੱਧ ਮਾਮਲੇ ਸਾਹਮਣੇ ਆਏ, ਲਗਭਗ 168.3 ਪ੍ਰਤੀਸ਼ਤ। ਅਸਾਮ ਵਾਂਗ ਰਾਜਸਥਾਨ ਵਿੱਚ ਵੀ ਮਾਮਲਿਆਂ ਵਿੱਚ ਮਾਮੂਲੀ ਗਿਰਾਵਟ ਦੇਖੀ ਗਈ ਹੈ। ਜਦੋਂ ਕਿ ਬਾਕੀ ਤਿੰਨ ਰਾਜਾਂ ਉੜੀਸਾ, ਹਰਿਆਣਾ ਅਤੇ ਤੇਲੰਗਾਨਾ ਵਿੱਚ ਮਾਮਲੇ ਵਧੇ ਹਨ। ਰਿਪੋਰਟ ਵਿੱਚ, ਉੱਤਰ ਪ੍ਰਦੇਸ਼ ਅਸਲ ਵਿੱਚ 56,083 ਦਰਜ ਕੀਤੇ ਕੇਸਾਂ ਵਿੱਚ ਪਹਿਲੇ ਨੰਬਰ 'ਤੇ ਹੈ, ਹਾਲਾਂਕਿ ਇਸਦੀ ਦਰ 50.5 ਪ੍ਰਤੀਸ਼ਤ ਤੋਂ ਘੱਟ ਹੈ। ਰਾਜਸਥਾਨ ਵਿੱਚ 2021 ਵਿੱਚ ਬਲਾਤਕਾਰ ਦੀ ਸਭ ਤੋਂ ਵੱਧ ਦਰ 16.4 ਪ੍ਰਤੀਸ਼ਤ ਹੈ ਅਤੇ 6,337 ਅਸਲ ਕੇਸ ਦਰਜ ਕੀਤੇ ਗਏ ਹਨ। ਹਾਲਾਂਕਿ, ਨਾਗਾਲੈਂਡ ਪਿਛਲੇ ਤਿੰਨ ਸਾਲਾਂ ਤੋਂ ਔਰਤਾਂ ਵਿਰੁੱਧ ਸਭ ਤੋਂ ਘੱਟ ਅਪਰਾਧਾਂ ਵਾਲੇ ਰਾਜਾਂ ਵਿੱਚੋਂ ਇੱਕ ਰਿਹਾ ਹੈ। ਇੱਥੇ 2019 ਵਿੱਚ 43, 2020 ਵਿੱਚ 39 ਅਤੇ 2021 ਵਿੱਚ 54 ਮਾਮਲੇ ਦਰਜ ਕੀਤੇ ਗਏ ਸਨ। ਇੱਥੇ 2021 ਵਿੱਚ ਵੀ ਔਰਤਾਂ ਵਿਰੁੱਧ ਸਭ ਤੋਂ ਘੱਟ ਅਪਰਾਧ ਦਰ 5.5 ਫੀਸਦੀ ਦਰਜ ਕੀਤੀ ਗਈ।

ਭਾਰਤ ਵਿੱਚ ਔਰਤਾਂ ਅਹਿਮ ਪ੍ਰਾਪਤੀਆਂ ਕਰ ਰਹੀਆਂ ਹਨ। ਭਾਰਤ ਵਿੱਚ ਵੱਡੀ ਗਿਣਤੀ ਅਦਾਰਿਆਂ ਵਿੱਚ ਮਹਿਲਾਵਾਂ ਚੰਗੇ ਅਹੁਦਿਆਂ 'ਤੇ ਕੰਮ ਕਰ ਰਹੀਆਂ ਹਨ। ਰਾਜਨੀਤੀ ਵਿੱਚ ਵੀ ਅਨੇਕਾਂ ਮਹਿਲਾ ਆਗੂ ਸਰਗਰਮ ਹਨ। ਕਹਿਣ ਦਾ ਭਾਵ ਇਹ ਹੈ ਕਿ ਭਾਰਤ ਵਿੱਚ ਔਰਤਾਂ ਹਰ ਖੇਤਰ ਵਿੱਚ ਤਰੱਕੀ ਕਰ ਰਹੀਆਂ ਹਨ।



# ਇੱਕ ਵਾਰ ਲੰਘਿਆ ਸਮਾਂ ਮੁੜ ਕੇ ਨਹੀਂ ਆਉਣਾ

## ਹਾਲੇ ਵੀ ਵਕਤ ਹੈ ਕਿ ਸੰਭਲ ਜਾਓ ਪੰਜਾਬੀਓ




ਸਮੇਂ ਦਾ ਇੱਕ ਬਹੁਤ ਵੱਡਾ ਗੁਣ ਹੈ ਕਿ ਇਹ ਕਦੇ ਵੀ ਰੁਕਦਾ ਨਹੀਂ ਸਗੋਂ ਆਪਣੀ ਨਿਰੰਤਰ ਚਾਲ ਚਲਦਾ ਰਹਿੰਦਾ ਹੈ। ਸਮੇਂ ਦੀ ਚਾਲ ਅਨੁਸਾਰ ਹੀ ਪੰਜਾਬ ਵਿੱਚ ਰੁੱਤਾਂ ਬਦਲਦੀਆਂ ਰਹਿੰਦੀਆਂ ਹਨ। ਕੁਝ ਵਿਦਵਾਨ ਦਾਅਵਾ ਕਰਦੇ ਹਨ ਕਿ ਦੁਨੀਆਂ ਵਿੱਚ ਸਿਰਫ਼ ਪੰਜਾਬ ਹੀ ਇੱਕ ਅਜਿਹਾ ਇਲਾਕਾ ਹੈ, ਜਿਥੇ ਕਿ ਇੱਕ ਸਾਲ ਵਿੱਚ 6 ਰੁੱਤਾਂ ਵਾਰੋ ਵਾਰੀ ਆਉਂਦੀਆਂ ਹਨ। ਇਹਨਾਂ ਵਿਦਵਾਨਾਂ ਅਨੁਸਾਰ ਦੁਨੀਆਂ ਦੇ ਹੋਰ ਕਿਸੇ ਵੀ ਇਲਾਕੇ ਵਿੱਚ ਇੱਕ ਸਾਲ ਵਿੱਚ 6 ਰੁੱਤਾਂ ਨਹੀਂ ਆਉਂਦੀਆਂ।

ਸਿਆਣੇ ਲੋਕ ਸਮੇਂ ਨੂੰ ਇਸੇ ਕਾਰਨ ਵੱਡੀ ਮਹੱਤਤਾ ਦਿੰਦੇ ਹਨ ਕਿਉਂਕਿ ਇੱਕ ਵਾਰ ਲੰਘਿਆ ਵੇਲਾ ਮੁੜ ਕੇ ਹੱਥ ਨਹੀਂ ਆਉਂਦਾ। ਇਸ ਸਮੇਂ ਵੱਖ- ਵੱਖ ਜਮਾਤਾਂ ਦੇ ਪੇਪਰ ਚੱਲ ਰਹੇ ਹਨ ਅਤੇ ਵੱਡੀ ਗਿਣਤੀ ਵਿਦਿਆਰਥੀ ਪੂਰੀ ਤਨਦੇਹੀ ਨਾਲ ਪੜ੍ਹਾਈ ਕਰ ਰਹੇ ਹਨ ਤਾਂ ਕਿ ਪੇਪਰਾਂ ਵਿੱਚ ਉਹਨਾਂ ਦੇ ਚੰਗੇ ਨੰਬਰ ਆ ਜਾਣ। ਵੱਡੀ ਗਿਣਤੀ ਵਿਦਿਆਰਥੀ ਅਜਿਹੇ ਹਨ ਜੋ ਕਿ ਸਾਰਾ ਸਾਲ ਹੀ ਚੰਗੀ ਪੜ੍ਹਾਈ ਕਰਦੇ ਰਹਿੰਦੇ ਹਨ ਅਤੇ ਪੇਪਰਾਂ ਵਿੱਚ ਵੀ ਪੂਰੀ ਲਗਨ ਨਾਲ ਤਿਆਰੀ ਕਰਦੇ ਹਨ, ਜਦੋਂ ਕਿ ਕਈ ਵਿਦਿਆਰਥੀ ਸਾਰਾ ਸਾਲ ਪੜ੍ਹਾਈ ਪੱਖੋਂ ਅਵੇਸਲੇ ਰਹਿੰਦੇ ਹਨ। ਦੂਜੇ ਪਾਸੇ ਅਜਿਹੇ ਵੀ ਕਈ ਵਿਦਿਆਰਥੀ ਹੁੰਦੇ ਹਨ ਜੋ ਕਿ ਪੇਪਰਾਂ ਵਿੱਚ ਵੀ ਚੰਗੀ



ਪੜ੍ਹਾਈ ਕਰਨ ਦੀ ਥਾਂ ਅਵੇਸਲੇ ਰਹਿੰਦੇ ਹਨ ਅਤੇ ਅਕਸਰ ਨਕਲ ਨਾਲ ਪੇਪਰ ਕਰਨ ਦੀ ਸੋਚਦੇ ਹਨ। ਇਹ ਵਿਦਿਆਰਥੀ ਇਸ ਤਰਾਂ ਆਪਣਾ ਕੀਮਤੀ ਸਮਾਂ ਬਰਬਾਦ ਕਰ ਦਿੰਦੇ ਹਨ, ਜਿਸ ਕਾਰਨ ਅਜਿਹੇ ਵਿਦਿਆਰਥੀਆਂ ਦੇ ਪੇਪਰਾਂ ਦਾ ਨਤੀਜਾ ਜ਼ੀਰੋ ਹੁੰਦਾ ਹੈ ਭਾਵ ਇਹ ਪੇਪਰਾਂ ਵਿੱਚ ਪਾਸ ਹੋਣ ਦੀ ਥਾਂ ਫ਼ੇਲ੍ਹ ਹੋ ਜਾਂਦੇ ਹਨ। ਇਹਨਾਂ ਵੱਲੋਂ ਪੜ੍ਹਾਈ ਦੇ ਸਮੇਂ ਨੂੰ ਅਹਿਮੀਅਤ ਨਾ ਦਿੱਤੇ ਜਾਣ ਕਾਰਨ ਇਹ ਵਿਦਿਆਰਥੀ ਵੱਡੇ ਹੋ ਕੇ ਸਿਰਫ਼ ਛੋਟੇ ਮੋਟੇ ਕੰਮ ਜਾਂ ਪ੍ਰਾਈਵੇਟ ਨੌਕਰੀਆਂ ਕਰਨ ਜੋਗੇ ਹੀ ਰਹਿ ਜਾਂਦੇ ਹਨ ਜਦੋਂ ਕਿ ਜਿਹੜੇ ਵਿਦਿਆਰਥੀ ਸਮੇਂ ਦੀ ਕਦਰ ਕਰਦੇ ਹਨ ਉਹ ਚੰਗੀ ਪੜ੍ਹਾਈ ਕਰਕੇ ਡਾਕਟਰ, ਇੰਜੀਨੀਅਰ ਅਤੇ ਹੋਰ ਬਹੁਤ ਕੁਝ ਬਣ ਜਾਂਦੇ ਹਨ।

ਇਸੇ ਤਰਾਂ ਕੁਝ ਨੌਜਵਾਨ ਕਿਸੇ ਨਾ ਕਿਸੇ ਕਾਰਨ ਨਸ਼ੇ ਦੀ ਆਦਤ ਦਾ ਸ਼ਿਕਾਰ ਹੋ ਜਾਂਦੇ ਹਨ। ਸ਼ੁਰੂ ਸ਼ੁਰੂ ਵਿੱਚ ਇਹ ਸ਼ੌਕ ਵਜੋਂ ਨਸ਼ਾ ਕਰਦੇ ਹਨ, ਬਾਅਦ ਵਿੱਚ ਨਸ਼ਾ ਕਰਨਾ ਇਹਨਾਂ ਦੀ ਮਜਬੂਰੀ ਬਣ ਜਾਂਦਾ ਹੈ ਅਤੇ ਇਹ ਨਸ਼ਾ ਕੀਤੇ ਬਿਨਾ ਨਹੀਂ ਰਹਿ ਸਕਦੇ। ਅਜਿਹੇ ਨੌਜਵਾਨ ਵੀ ਸਮੇਂ ਦੀ ਸਹੀ ਵਰਤੋ ਕਰਨ ਤੋਂ ਅਵੇਸਲੇ ਰਹਿੰਦੇ ਹਨ। ਅੱਜ ਕੱਲ੍ਹ ਵੱਡੀ ਗਿਣਤੀ ਵਿਦਿਆਰਥੀ ਅਤੇ ਨੌਜਵਾਨ ਪੰਜਾਬ ਵਿੱਚ ਪੜ੍ਹਾਈ ਕਰਨ ਦੀ ਥਾਂ ਵਿਦੇਸ਼ ਵਿੱਚ ਜਾ ਕੇ ਪੜ੍ਹਾਈ ਅਤੇ ਕੰਮ ਕਰਨ ਨੂੰ ਤਰਜੀਹ ਦੇ ਰਹੇ ਹਨ। ਕਈ ਨੌਜਵਾਨ ਤਾਂ ਵਿਦੇਸ਼ ਜਾਣ ਲਈ ਡੰਕੀ ਸਿਸਟਮ ਭਾਵ ਗ਼ੈਰਕਨੂੰਨੀ ਤਰੀਕਿਆਂ ਨਾਲ ਵਿਦੇਸ਼ ਜਾਣ ਦਾ ਯਤਨ ਕਰਦੇ ਹਨ। ਅਜਿਹੇ ਨੌਜਵਾਨ ਅਕਸਰ ਏਜੰਟਾਂ ਦੇ ਲਾਲਚ ਦੀ ਭੇਂਟ ਚੜ੍ਹ ਜਾਂਦੇ ਹਨ ਅਤੇ ਅਜਿਹੇ ਨੌਜਵਾਨ ਜਾਂ ਤਾਂ ਗ਼ੈਰਕਨੂੰਨੀ ਤਰੀਕੇ ਨਾਲ ਪਰਵਾਸ ਕਰਦੇ ਹੋਏ ਫੜੇ ਜਾਂਦੇ ਹਨ ਅਤੇ ਫਿਰ ਪੈਸੇ ਦੀ ਘਾਟ ਅਤੇ ਸਬੰਧਿਤ ਦੇਸ਼ ਦੀ ਭਾਸ਼ਾ ਦਾ ਗਿਆਨ ਨਾ ਹੋਣ ਕਾਰਨ ਇਹ ਨੌਜਵਾਨ ਆਪਣੇ ਬਚਾਓ ਲਈ ਕੋਈ ਵੀ ਯਤਨ ਕਰਨ ਵਿੱਚ ਅਸਫ਼ਲ ਰਹਿੰਦੇ ਹਨ। ਇਸ ਤੋਂ ਇਲਾਵਾ ਅਨੇਕਾਂ ਨੌਜਵਾਨ ਵਿਦੇਸ਼ ਜਾਣ ਦੇ ਚੱਕਰ ਵਿੱਚ ਬੇਗਾਨੇ ਮੁਲਕਾਂ ਵਿੱਚ ਕਿਸੇ ਮੁਸੀਬਤ ਦਾ ਸ਼ਿਕਾਰ ਹੋ ਕੇ ਆਪਣੀ ਜਿੰਦਗੀ ਤੋਂ ਹੱਥ ਧੋ ਲੈਂਦੇ ਹਨ। ਕਈ ਵਾਰ ਏਜੰਟਾਂ ਵੱਲੋਂ ਹੀ ਬੰਦਿਆਂ ਸਣੇ ਜਹਾਜ਼ ਸਮੁੰਦਰ ਵਿੱਚ ਡੋਬ ਦਿੱਤੇ ਜਾਂਦੇ ਹਨ ਜਾਂ ਇਹਨਾਂ ਨੌਜਵਾਨਾਂ ਨੂੰ ਖ਼ਤਰਨਾਕ ਜੰਗਲਾਂ ਵਿੱਚ ਛੱਡ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਅਜਿਹੇ ਨੌਜਵਾਨ ਵੀ ਹਨ ਜੋ ਕਿ ਸਮੇਂ ਸਿਰ ਆਪਣਾ ਵਿਆਹ ਕਰਵਾਉਣ ਦੀ ਥਾਂ ਅਵੇਸਲੇ ਰਹਿੰਦੇ ਹਨ ਫਿਰ ਚੰਗੀ ਪੜ੍ਹਾਈ ਕੀਤੀ ਹੋਣ ਦੇ ਬਾਵਜੂਦ ਇਹ ਨੌਜਵਾਨ ਉਮਰ ਵੱਡੀ ਹੋਣ ਕਰਕੇ ਅਣਵਿਆਹੇ ਰਹਿ ਜਾਂਦੇ ਹਨ ਜਾਂ ਫਿਰ ਇਹਨਾਂ ਨੂੰ ਵਿਆਹ ਦੇ ਨਾਂਅ 'ਤੇ ਸਮਝੌਤਾ ਕਰਨਾ ਪੈਂਦਾ ਹੈ।

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਇਸ ਸੂਬੇ ਦੇ ਵੱਡੀ ਗਿਣਤੀ ਵਸਨੀਕ ਖੇਤੀਬਾੜੀ ਜਾਂ ਖੇਤੀਬਾੜੀ ਨਾਲ ਸਬੰਧਿਤ ਕੰਮਾਂ ਵਿੱਚ ਲੱਗੇ ਹੋਏ ਹਨ। ਹੁਣ ਕਿਸਾਨਾਂ ਵੱਲੋਂ ਆਪਣੀ ਫ਼ਸਲ ਨੂੰ ਕੀੜਿਆਂ ਤੋਂ ਬਚਾਉਣ ਲਈ ਅਕਸਰ ਫ਼ਸਲਾਂ 'ਤੇ ਕੀੜੇਮਾਰ ਦਵਾਈਆਂ ਦਾ ਛਿੜਕਾਓ ਕਰ ਦਿੱਤਾ ਜਾਂਦਾ ਹੈ। ਇਸੇ ਤਰਾਂ ਕਣਕ ਦੀ ਫਸਲ 'ਤੇ ਵੀ ਕੀੜੇਮਾਰ ਦਵਾਈਆਂ ਛਿੜਕੀਆਂ ਜਾਂਦੀਆਂ ਹਨ। ਵਿਗਿਆਨੀਆਂ ਅਤੇ ਸਿਹਤ ਮਾਹਰਾਂ ਅਨੁਸਾਰ ਇਹਨਾਂ ਦਵਾਈਆਂ ਦਾ ਅਸਰ ਫਸਲਾਂ ਤੇ ਰਹਿ ਜਾਂਦਾ ਹੈ ਅਤੇ ਇਹ ਦਵਾਈਆਂ ਕਣਕ ਦੇ ਆਟੇ ਅਤੇ ਫਲਾਂ ਨਾਲ ਇਨਸਾਨ ਦੇ ਸਰੀਰ ਅੰਦਰ ਚਲੀਆਂ ਜਾਂਦੀਆਂ ਹਨ, ਜਿਸ ਕਾਰਨ ਇਨਸਾਨ ਕਈ ਤਰਾਂ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਅਕਸਰ ਕਿਹਾ ਜਾਂਦਾ ਹੈ ਕਿ ਕੱਦੂ ਦੀ ਵੇਲ ਨੂੰ ਜੜਾਂ ਵਿੱਚ ਕੋਈ ਟੀਕਾ ਲਗਾ ਦਿੱਤਾ ਜਾਂਦਾ ਹੈ ਤਾਂ ਰਾਤੋਂ ਰਾਤ ਕੱਦੂ ਵੱਡੇ ਅਕਾਰ ਵਿੱਚ ਆ ਜਾਂਦੇ ਹਨ। ਇਸ ਤੋਂ ਇਲਾਵਾ ਫਲਾਂ ਨੂੰ ਮਸਾਲਿਆਂ ਤੇ ਰਸਾਇਣਾਂ ਨਾਲ ਪਕਾਇਆ ਜਾਂਦਾ ਹੈ, ਜਿਸ ਕਾਰਨ ਮਸਾਲਿਆਂ ਤੇ ਰਸਾਇਣਾਂ ਦਾ ਅਸਰ ਇਹਨਾਂ 'ਤੇ ਰਹਿ ਜਾਂਦਾ ਹੈ, ਜਿਸ ਕਾਰਨ ਅਜਿਹੇ ਫਲਾਂ ਨੂੰ ਖਾਣ ਵਾਲੇ ਵਿਅਕਤੀ ਅਕਸਰ ਬਿਮਾਰ ਹੋ ਜਾਂਦੇ ਹਨ। ਇਹ ਵੀ ਅਸਲੀਅਤ ਹੈ ਕਿ ਕੁਦਰਤੀ ਪਦਾਰਥਾਂ ਨੂੰ ਖਾਣ ਪੀਣ ਦੀ ਥਾਂ ਅਕਸਰ ਵੱਡੀ ਗਿਣਤੀ ਲੋਕ ਫਾਸਟ ਫੂਡ ਖਾਣ ਨੂੰ ਤਰਜੀਹ ਦਿੰਦੇ ਹਨ, ਜਿਸ ਕਾਰਨ ਅਨੇਕਾਂ ਲੋਕ ਬਿਮਾਰੀਆਂ ਦੀ ਲਪੇਟ ਵਿੱਚ ਆ ਜਾਂਦੇ ਹਨ।

ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਪੰਜਾਬੀਆਂ ਨੂੰ ਅਜੇ ਵੀ ਸੰਭਲ ਜਾਣਾਂ ਚਾਹੀਦਾ ਹੈ ਅਤੇ ਕੁਦਰਤ ਦੇ ਅਸੂਲਾਂ ਅਨੁਸਾਰ ਆਪਣਾ ਜੀਵਨ ਬਤੀਤ ਕਰਨਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਸਹੀ ਤਰੀਕੇ ਨਾਲ ਪੜ੍ਹਾਈ ਕਰਨੀ ਚਾਹੀਦੀ ਹੈ। ਨੌਜਵਾਨਾਂ ਨੂੰ ਵਿਹਲੇ ਰਹਿਣ ਦੀ ਆਦਤ ਪਾਉਣ ਦੀ ਥਾਂ ਕਿਸੇ ਨਾ ਕਿਸੇ ਕੰਮ 'ਤੇ ਲੱਗ ਜਾਣਾ ਚਾਹੀਦਾ ਹੈ। ਹਰ ਮਸਲੇ ਦਾ ਹੱਲ ਵਿਦੇਸ਼ ਜਾਣਾ ਨਹੀਂ ਹੁੰਦਾ, ਇਸ ਲਈ ਲੱਖਾਂ ਰੁਪਏ ਖਰਚ ਕੇ ਗ਼ੈਰਕਨੂੰਨੀ ਤਰੀਕਿਆਂ ਨਾਲ ਵਿਦੇਸ਼ ਜਾਣ ਦੀ ਥਾਂ ਪੰਜਾਬ ਵਿੱਚ ਹੀ ਕੋਈ ਕੰਮ ਕਰਨ ਲੈਣਾ ਚੰਗਾ ਹੈ।

ਕਿਸਾਨਾਂ ਨੂੰ ਫ਼ਸਲਾਂ ਤੇ ਕੀੜੇਮਾਰ ਦਵਾਈਆਂ ਦੀ ਵਰਤੋ ਘੱਟ ਕਰਨੀ ਚਾਹੀਦੀ ਹੈ ਅਤੇ ਕੁਦਰਤੀ ਖੇਤੀ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਫਲਾਂ ਤੇ ਸਬਜ਼ੀਆਂ ਨੂੰ ਮਸਾਲਿਆਂ ਅਤੇ ਰਸਾਇਣਾਂ ਨਾਲ ਪਕਾਉਣ ਦੀ ਥਾਂ ਕੁਦਰਤੀ ਤਰੀਕਿਆਂ ਨਾਲ ਪਕਾਉਣਾ ਚਾਹੀਦਾ ਹੈ। ਫਾਸਟ ਫੂਡ ਦੀ ਥਾਂ ਘਰ ਵਿੱਚ ਬਣਦੀ ਦਾਲ ਰੋਟੀ ਖਾਣ ਨੂੰ ਤਰਜੀਹ ਦੇਣੀ ਚਾਹੀਦੀ ਹੈ। ਪੰਜਾਬੀਆਂ ਲਈ ਅਜੇ ਵੀ ਮੌਕਾ ਹੈ ਕਿ ਉਹ ਸੰਭਲ ਜਾਣ ਅਤੇ ਸਮੇਂ ਦੀ ਸਹੀ ਵਰਤੋ ਕਰਨ।








# ਸੰਸਾਰੀ ਸਰਵ ਉੱਚ ਤਾਕਤਾਂ ਸਿੱਖ ਜਗਤ ਤੋਂ ਕਿਉਂ ਆਸ ਰੱਖ ਰਹੀਆਂ ਹਨ ?





ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਬੀਤੇ ਹਫ਼ਤੇ ਸੰਯੁਕਤ ਰਾਜ ਅਮਰੀਕਾ ਦੇ ਭਾਰਤ ਵਿੱਚ ਰਾਜਦੂਤ ਏਰਿਕ ਗਾਰਸੇਟੀ ਨੇ ਆਪਣੀ ਪਤਨੀ ਐਮੀ ਵੇਕਲੈਂਡ ਸਮੇਤ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਸਮੇਂ ਇਹ ਸ਼ਬਦ ਯਾਤਰੂ ਬੁੱਕ ਵਿੱਚ ਅੰਕਿਤ ਕੀਤੇ ਕਿ ਸੰਯੁਕਤ ਰਾਜ ਅਮਰੀਕਾ ਅਤੇ ਸਿੱਖ ਧਰਮ ਦੀ ਡੂੰਘੀ ਦੋਸਤੀ ਸਾਰੇ ਸੰਸਾਰ ਵਿੱਚ ਸ਼ਾਂਤੀ ਲਿਆਵੇ।' ਗਾਰਸੇਟੀ ਅਨੁਸਾਰ ਕਿ ਸੱਚਖੰਡ ਸ੍ਰੀ ਦਰਬਾਰ ਸਾਹਿਬ ਸੰਸਾਰ ਭਰ 'ਚ ਉਹ ਮਹਾਨ ਰੂਹਾਨੀ ਅਸਥਾਨ ਹੈ ਜਿੱਥੇ ਆ ਕੇ ਮਨੁੱਖ ਨੂੰ ਰੂਹਾਨੀਅਤ ਦਾ ਅਹਿਸਾਸ ਹੁੰਦਾ ਹੈ। ਇੱਥੇ ਬਿਨਾਂ ਵਿਤਕਰੇ ਤੋਂ ਮਨੁੱਖਤਾ ਦੀ ਸੇਵਾ ਕੀਤੀ ਜਾਂਦੀ ਹੈ, ਜੋ ਸਿੱਖ ਧਰਮ ਦੀ ਵਿਲੱਖਣਤਾ ਹੈ। ਇਸ ਤੋਂ ਪਹਿਲਾਂ ਚੀਨ, ਕੈਨੇਡਾ, ਇਜ਼ਰਾਈਲ ਦੀਆਂ ਰਾਜਨੀਤਕ ਤੇ ਧਾਰਮਿਕ ਸ਼ਖਸੀਅਤਾਂ ਸ੍ਰੀ ਦਰਬਾਰ ਸਾਹਿਬ ਆ ਕੇ ਇਹੀ ਸੰਦੇਸ਼ ਦੇ ਰਹੀਆਂ ਹਨ ਤੇ ਸਿੱਖ ਜਗਤ ਤੋਂ ਵੱਡੀ ਆਸ ਰੱਖ ਰਹੀਆਂ ਹਨ। ਮਤਲਬ ਵਿਸ਼ਵ ਦੀ ਸੱਭਿਅਤਾਵਾਂ ਦੇ ਟਕਰਾਅ ਵਿੱਚ ਸਿੱਖ ਜਗਤ ਦੀ ਵੱਡੀ ਭੂਮਿਕਾ ਬਣਦੀ ਹੈ।

ਪਰ ਸਿੱਖ ਇਸ ਨਾਲ ਖੁਸ਼ ਹੋ ਜਾਂਦੇ ਹਨ ਚੀਨ ਅਮਰੀਕਾ ਸਾਡੀ ਤਾਰੀਫ਼ ਕਰ ਗਿਆ, ਪਰ ਸਿੱਖਾਂ ਦੀ ਸਮਰੱਥਾ ਸ਼ਕਤੀ ਗੁਰੂ ਦੀ ਵਿਚਾਰਧਾਰਾ ਤੇ ਅਮਲ ਵਿੱਚ ਹੈ। ਸਤਿਗੁਰੂ ਨੇ ਕਿਹਾ ਕਿ ਜਾਤੀ ਮੁਕਤ ਹੋਵੋ, ਜਾਤੀਵਾਦ ਵਿਰੁੱਧ ਖੜੋ ਤੇ ਸਾਂਝੀਵਾਲਤਾ ਅਪਣਾਓ। ਬਿਪਰਨਵਾਦ ਤਿਆਗੋ। ਗੁਰੂ ਨੇ ਕਿਹਾ ਕਿ ਤੁਹਾਡੀ ਮੁਕਤੀ ਗੁਰੂ ਦੀ ਸੰਗਤ ਵਿੱਚ ਹੈ ਪਰ ਗੁਰਦੁਆਰੇ ਤੋਂ ਬਾਹਰ ਸਾਡੀ ਸੰਗਤ ਕਿਥੇ ਹੈ ਜਿਸ ਨੇ ਜਮਹੂਰੀ ਪੱਧਰ ਦੀ ਜਥੇਬੰਦੀ ਅਕਾਲੀ ਦਲ ਨੂੰ ਕਾਇਮ ਰਖਣਾ ਸੀ ਤੇ ਬਾਦਲ ਪਰਿਵਾਰ ਵਰਗੇ ਮਲਕ ਭਾਗੋਆਂ ਤੋਂ ਇਸ ਜਥੇਬੰਦੀ ਨੂੰ ਰਹਿਤ ਰਖਣਾ ਸੀ। ਜਿਸ ਕੌਮ ਦਾ ਨਰੇਟਿਵ ਤੇ ਰਾਜਨੀਤੀ ਨਹੀਂ ਉਹ ਆਪਣਾ ਭਵਿੱਖ ਨਹੀਂ ਉਸਾਰ ਸਕਦੀ। ਸਹੀ ਰਾਜਨੀਤਕ ਨਰੇਟਿਵ ਵਿੱਚ ਕੌਮਾਂ ਦੇ ਜੀਵਨ, ਧਾਰਮਿਕ ਸ਼ਕਤੀ , ਸੱਭਿਆਚਾਰ, ਗਿਆਨ ਸਿਲੇਬਸਾਂ ਦੀ ਬਹਾਲੀ ਹੁੰਦੀ ਹੈ। ਸਾਡੀ ਸ਼ਕਤੀ ਗੁਰੂ ਤੇ ਉਸ ਦਾ ਗਿਆਨ ਹੈ। ਗੁਰੂ ਦਾ ਹੁਕਮ ਹੈ ਕਿ ਆਪਣੀ ਸਿਆਣਪ ਛੱਡ ਗੁਰੂ ਦਾ ਹੁਕਮ ਮੰਨ ਤਾਂ ਦੁੱਖ ਕੱਟੇ ਜਾਣਗੇ। ਕਿਸੇ ਸੰਸਾਰੀ ਤਾਕਤ ਨੇ ਸਿੱਖ ਪੰਥ ਦੀਆਂ ਮੁਸ਼ਕਿਲਾਂ ਦੂਰ ਨਹੀਂ ਕਰਨੀਆਂ। ਗੁਰੂ ਦਾ ਮਾਰਗ ਉਪਰ ਚਲਣ ਵਿੱਚ ਸਾਡਾ ਹਲ ਹੈ। ਸਤਿਗੁਰੂ ਅਰਜਨ ਸਾਹਿਬ ਹੁਕਮ ਕਰਦੇ ਹਨ-

ਰਾਮਕਲੀ ਮਹਲਾ ੫ ॥ ਹੋਵੈ ਸੋਈ ਭਲ ਮਾਨੁ ॥ ਆਪਨਾ ਤਜਿ ਅਭਿਮਾਨੁ ॥ ਦਿਨੁ ਰੈਨਿ ਸਦਾ ਗੁਨ ਗਾਉ ॥ ਪੂਰਨ ਏਹੀ ਸੁਆਉ ॥੧॥ ਆਨੰਦ ਕਰਿ ਸੰਤ ਹਰਿ ਜਪਿ ॥ ਛਾਡਿ ਸਿਆਨਪ ਬਹੁ ਚਤੁਰਾਈ ਗੁਰ ਕਾ ਜਪਿ ਮੰਤੁ ਨਿਰਮਲ ॥੧॥ ਰਹਾਉ ॥ ਏਕ ਕੀ ਕਰਿ ਆਸ ਭੀਤਰਿ ॥ ਨਿਰਮਲ ਜਪਿ ਨਾਮੁ ਹਰਿ ਹਰਿ ॥ ਗੁਰ ਕੇ ਚਰਨ ਨਮਸਕਾਰਿ ॥ ਭਵਜਲੁ ਉਤਰਹਿ ਪਾਰਿ ॥੨॥ ਦੇਵਨਹਾਰ ਦਾਤਾਰ ॥ਅੰਤੁ ਨ ਪਾਰਾਵਾਰ ॥ ਜਾ ਕੈ ਘਰਿ ਸਰਬ ਨਿਧਾਨ ॥ ਰਾਖਨਹਾਰ ਨਿਦਾਨ ॥੩॥ ਨਾਨਕ ਪਾਇਆ ਏਹੁ ਨਿਧਾਨ ॥ ਹਰੇ ਹਰਿ ਨਿਰਮਲ ਨਾਮ ॥ ਜੋ ਜਪੈ ਤਿਸ ਕੀ ਗਤਿ ਹੋਇ ॥ ਨਾਨਕ ਕਰਮਿ ਪਰਾਪਤਿ ਹੋਇ ॥੪॥੨੯॥੪੦॥ ਪੰਨਾ 895

ਹੇ ਭਾਈ! ਇਹ ਖ਼ਿਆਲ ਛੱਡ ਦੇਹ ਕਿ ਗੁਰੂ ਦੀ ਅਗਵਾਈ ਤੋਂ ਬਿਨਾ ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਲਈ ਤੂੰ ਬੜਾ ਸਿਆਣਾ ਤੇ ਚਤੁਰ ਹੈਂ। ਗੁਰੂ ਦਾ ਪਵਿੱਤਰ ਸ਼ਬਦ-ਵਿਚਾਰ ਨੂੰ ਆਪਣੇ ਮਨ ਵਿੱਚ ਵਸਾ। ਪ੍ਰਭੂ ਦੇ ਹੀ ਗੁਣ ਗਾਇਨ ਕਰ। ਗੁਰੂ ਦਾ ਮਾਰਗ ਹੀ ਆਤਮਕ ਆਨੰਦ ਦਾ ਸੋਮਾ ਹੈ।

ਹੇ ਭਾਈ! ਸਿਰਫ਼ ਪ੍ਰਭੂ ਤੋਂ ਆਸ ਰਖ ਉਸ ਦੀ ਰਜ਼ਾ ਵਿੱਚ ਰਹਿ। ਆਪਣਾ (ਸਿਆਣਪ ਦਾ) ਮਾਣ ਤੇ ਹੰਕਾਰ ਛੱਡ ਦੇਹ। ਬੱਸ! ਇਹੀ ਹੈ ਠੀਕ ਜੀਵਨ-ਮਨੋਰਥ ਹੈ। ਗੁਰੂ ਦੇ ਚਰਨਾਂ ਉੱਤੇ ਆਪਣਾ ਸਿਰ ਨਿਵਾਈ ਰੱਖ, (ਇਸ ਤਰ੍ਹਾਂ) ਤੂੰ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਇੰਗਾ।੨।

ਹੇ ਭਾਈ! ਇਹ ਯਾਦ ਰੱਖ ਕਿ ਦਾਤਾਂ ਦੇਣ ਵਾਲਾ ਪ੍ਰਭੂ (ਸਭ ਕੁਝ) ਦੇਣ ਦੇ ਸਮਰੱਥ ਹੈ, ਉਸ ਦਾ ਅੰਤ ਨਹੀਂ ਪੈ ਸਕਦਾ, ਉਸ ਦਾ ਉਰਲਾ ਪਾਰਲਾ ਬੰਨਾ ਨਹੀਂ ਲੱਭ ਸਕਦਾ। ਹੇ ਭਾਈ! ਜਿਸ ਪ੍ਰਭੂ ਦੇ ਘਰ ਵਿੱਚ ਸਾਰੇ ਖ਼ਜ਼ਾਨੇ ਮੌਜੂਦ ਹਨ, ਉਹੀ ਆਖ਼ਰ ਰੱਖਿਆ ਕਰਨ ਜੋਗਾ ਹੈ। ਸੰਸਾਰੀ ਤਾਕਤਾਂ ਉੱਪਰ ਆਸ ਨਾ ਰਖ।

ਹੇ ਭਾਈ! ਜਿਸ ਮਨੁੱਖ ਨੇ ਪ੍ਰਭੂ ਦੇ ਪਵਿੱਤਰ ਨਾਮ ਦਾ ਇਹ ਖ਼ਜ਼ਾਨਾ ਲੱਭ ਲਿਆ, ਜੋ ਮਨੁੱਖ ਇਸ ਮਾਰਗ ਉਪਰ ਚਲ ਪਿਆ ਉਹ ਸੰਕਟਾਂ ਤੋਂ ਪਾਰ ਹੋ ਜਾਵੇਗਾ। ਉਸ ਦੀ ਬੁੱਧ ਤੇ ਆਤਮਕ ਅਵਸਥਾ ਉੱਚੀ ਬਣ ਜਾਵੇਗੀ ਪਰ, ਹੇ ਨਾਨਕ! ਇਹ ਨਾਮ-ਖ਼ਜ਼ਾਨਾ ਗੁਰੂ ਦਾ ਮਾਰਗ ਉੱਦਮ ਨਾਲ ਕਰਮ ਕਰਕੇ ਪ੍ਰਭੂ ਦੀ ਮਿਹਰ ਨਾਲ ਹੀ ਮਿਲਦਾ ਹੈ।੪।੨੯।੪੦।

ਸਤਿਗੁਰੂ ਹੁਕਮ ਕਰਦੇ ਹਨ-

ਸੋ ਸਿਖੁ ਸਖਾ ਬੰਧਪੁ ਹੈ ਭਾਈ, ਜਿ ਗੁਰ ਕੇ ਭਾਣੇ ਵਿਚਿ ਆਵੈ ॥

ਆਪਣੈ ਭਾਣੈ ਜੋ ਚਲੇ ਭਾਈ, ਵਿਛੁੜਿ ਚੋਟਾ ਖਾਵੈ ॥ ਅੰਕ 601 ॥

ਹੇ ਭਾਈ! ਉਹੀ ਮਨੁੱਖ ਗੁਰੂ ਦਾ ਸਿੱਖ ਹੈ, ਗੁਰੂ ਦਾ ਮਿੱਤਰ ਹੈ, ਗੁਰੂ ਦਾ ਰਿਸ਼ਤੇਦਾਰ ਹੈ, ਜਿਹੜਾ ਗੁਰੂ ਦੀ ਰਜ਼ਾ ਵਿੱਚ ਤੁਰਦਾ ਹੈ। ਪਰ, ਜਿਹੜਾ ਮਨੁੱਖ ਆਪਣੀ ਮਰਜ਼ੀ ਅਨੁਸਾਰ ਤੁਰਦਾ ਹੈ, ਉਹ ਗੁਰੂ ਦੇ ਮਾਰਗ ਤੋਂ ਭਟਕੇ ਦੁਖ ਸਹਾਰਦਾ ਹੈ। ਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ ਮਨੁੱਖ ਕਦੇ ਸੁਖ ਨਹੀਂ ਪਾ ਸਕਦਾ, ਤੇ ਮੁੜ ਮੁੜ ਦੁਖੀ ਹੋ ਕੇ ਪਛੁਤਾਂਦਾ ਹੈ।੧।

ਸੋਚੋ ਸਾਡੀ ਰਾਜਨੀਤੀ, ਸਮਾਜ, ਆਰਥਿਕਤਾ, ਵਿਦਿਆ ਪ੍ਰਬੰਧ, ਗਿਆਨ ਸਿਲੇਬਸ ਗੁਰਮਤਿ ਅਨੁਸਾਰ ਕੀ ਹੋਵੇ ? ਇਹ ਠੀਕ ਹੈ ਕਿ ਸਿੱਖਾਂ ਨੇ ਦੇਸ਼ਾਂ ਵਿਦੇਸ਼ਾਂ ਵਿੱਚ ਸੇਵਾ, ਲੰਗਰ ਤੇ ਲੋਕਾਈ ਦੇ ਦੁਖਾਂ ਵਿੱਚ ਸਹਿਯੋਗ ਕਰਕੇ ਆਪਣਾ ਨਾਮ ਕਮਾਇਆ ਹੈ। ਨਿੱਜੀ ਤੌਰ ਉੱਪਰ ਵੱਡੇ ਅਹੁਦਿਆਂ ਉਪਰ ਪਹੁੰਚੇ ਹਨ, ਪਰ ਸਾਡਾ ਵਿਦਿਅਕ ਸਿਸਟਮ, ਰਾਜਨੀਤੀ , ਜਥੇਬੰਦਕ ਸੰਗਤੀ ਸਿਸਟਮ ਕਿਉਂ ਗਰਕ ਹੋ ਗਏ। ਕਦੋਂ ਇਸ ਬਾਰੇ ਉੱਦਮ ਕਰਾਂਗੇ ? ਨਿਊ ਵਰਲਡ ਸਿਸਟਮ ਤੇ ਸੰਸਾਰੀ ਜੰਗਾਂ ਵਿੱਚ ਗੁਰੂ ਦਾ ਸੱਭਿਆਚਾਰ ਕਿਵੇਂ ਬਹਾਲ ਕਰਨਾ ਹੈ ਸੰਸਾਰ ਨੂੰ ਦਿਸ਼ਾ ਕੀ ਦੇਣੀ ਹੈ ਇਹ ਵੱਡਾ ਸੁਆਲ ਹੈ। ਇਹੀ ਸਾਡੇ ਸਤਿਗੁਰੂ ਸਾਹਿਬਾਨ ਦਾ ਪ੍ਰੋਗਰਾਮ ਸੀ ਜੋ ਗੁਰੂ ਗਰੰਥ ਸਾਹਿਬ ਵਿੱਚ ਦਰਜ ਹੈ। ਪਰ ਅਸੀਂ ਚੁਪਹਿਰੇ ,ਦੁਪਹਿਰੇ ਅਖੰਡ ਪਾਠ ਮੰਨਤਾਂ ਤਕ ਆਪਣੇ ਆਪ ਨੂੰ ਸੀਮਤ ਕਰ ਦਿੱਤਾ ਤੇ ਕਲਪਿਤ ਪਰਮਾਤਮਾ ਉਪਰ ਆਪਣੀ ਡੋਰੀ ਛੱਡ ਦਿੱਤੀ। ਗੁਰੂ ਦੇ ਹੁਕਮ ਕਿਰਤ 'ਕਰਮ' ਰੱਬੀ ਸੱਚ ਨੂੰ ਭੁੱਲ ਗਏ।

ਸੰਸਾਰ ਵਿੱਚ ਰਾਜਨੀਤਕ ਦਵੈਸ਼ ਨੇ ਵਿਸ਼ਵ ਸ਼ਾਂਤੀ ਨੂੰ ਗੰਭੀਰ ਸੰਕਟ ਪੈਦਾ ਕਰ ਦਿੱਤਾ ਹੈ। ਅਜਿਹੇ ਸੰਕਟਮਈ ਹਾਲਾਤਾਂ ਵਿੱਚ ਮਨੁੱਖਤਾ ਦੇ ਸਿਰ ਉੱਪਰ ਵਿਨਾਸ਼ ਦੇ ਬੱਦਲ ਮੰਡਰਾ ਰਹੇ ਹਨ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੌਜੂਦ ਸਿੱਖੀ ਸਿਧਾਂਤ, ਮਨੁੱਖੀ ਜੀਵਨ ਲਈ ਖ਼ਤਰਾ ਬਣੇ ਮੌਜੂਦਾ ਹਾਲਾਤਾਂ ਤੋਂ ਮੁਕਤੀ ਦਾ ਰਾਹ ਦਿਖਾਉਣ ਦੇ ਸਮਰੱਥ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ, ਵਿਸ਼ਵ ਭਰ ਵਿੱਚ ਸ਼ਾਂਤੀ ਅਤੇ ਖੁਸ਼ਹਾਲੀ ਦੀ ਸਥਾਪਨਾ ਲਈ ਸੁਯੋਗ ਰਹਿਨੁਮਾਈ ਪ੍ਰਦਾਨ ਕਰਨ ਵਾਲਾ, ਇਕ ਵਡਮੁੱਲਾ ਗ੍ਰੰਥ ਹੈ। ਇਸ ਵਿੱਚ ਮੌਜੂਦ ਸਿਧਾਂਤ ਸਮੂਹ ਮਾਨਵਤਾ ਲਈ ਅਮਲ ਯੋਗ ਹਨ ਤੇ ਜੋ ਅਜੋਕੇ ਸਮੇਂ ਦੌਰਾਨ ਤੇ ਭਵਿੱਖ ਲਈ ਵੀ ਬਹੁਤ ਸਾਰਥਕਤਾ ਰੱਖਦੇ ਹਨ। ਸਿੱਖ ਧਰਮ ਹੁਣ ਸਾਰੀ ਦੁਨੀਆਂ ਵਿੱਚ ਫੈਲ ਚੁਕਾ ਹੈ ਅਤੇ ਸੰਸਾਰ ਭਰ ਵਿੱਚ ਇਸ ਦੇ ਸੰਦੇਸ਼ ਤੇ ਸੰਜੀਦਗੀ ਨਾਲ ਵਿਚਾਰ ਹੋਣ ਲੱਗ ਪਈ ਹੈ। ਗੁਰਬਾਣੀ ਦੇ ਮਨੁੱਖੀ ਸੁਤੰਤਰਤਾ ਅਤੇ ਬਰਾਬਰੀ ਦੇ ਮਾਨਵਵਾਦੀ ਉਪਦੇਸ਼ ਦੇ ਸਾਰਥਕ ਪ੍ਰਸਾਰਨ ਵਿੱਚ ਸਿੱਖ ਸੰਸਥਾਵਾਂ ਅਤੇ ਗੁਰਦੁਆਰਿਆਂ ਨੂੰ ਇਸ ਪ੍ਰਸੰਗ ਵਿੱਚ ਵੱਡੀ ਭੂਮਿਕਾ ਨਿਭਾਉਣ ਦੀ ਲੋੜ ਹੈ। ਸਿੱਖੀ ਸਿਦਕ ਦੇ ਦ੍ਰਿੜ੍ਹ ਤੇ ਪੜ੍ਹੀ ਲਿਖੀ ਕੌਮ ਹੀ ਸਾਡੀ ਸਭ ਤੋਂ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ। ਇਹ ਵੇਲਾ ਜਾਗਣ ਦਾ ਹੈ ਤੇ ਕੁਝ ਠੋਸ ਕਰਨ ਦਾ ਹੈ ਨਹੀਂ ਦਾ ਅਸੀਂ ਸਾਰੇ ਇਤਿਹਾਸ ਦੇ ਦੋਖੀ ਸਿੱਧ ਹੋਵਾਂਗੇ।







# ਦੁਬਈ ਦੇ ਵਿਕਾਸ 'ਚ ਭਾਰਤੀਆਂ ਦਾ ਯੋਗਦਾਨ

ਪਿਛਲੇ ਦਿਨਾਂ ਦੇ ਵਿੱਚ ਨਰਿੰਦਰ ਮੋਦੀ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਵਿੱਚ ਸਵਾਮੀ ਨਰਾਇਣ ਮੰਦਰ ਦਾ ਉਦਘਾਟਨ ਕਰਕੇ ਆਏ ਸੀ। ਇਸ ਮੰਦਰ ਦੀ ਜ਼ਮੀਨ ਯੂ.ਏ.ਈ. ਦੇ ਰਾਸ਼ਟਰਪਤੀ ਸ਼ੇਖ ਮੁਹੰਮਦ ਬਿਨ ਜਾਇਦ ਅਲ ਨਾਹੀਆਨ ਨੇ ਦਾਨ ਕੀਤੀ ਹੈ। ਇਹ ਮੰਦਰ ਆਬੂ ਧਾਬੀ ਦੇ ਵਿੱਚ ਪਹਿਲਾ ਤੇ ਯੂ.ਏ.ਈ. ਦਾ ਤੀਸਰਾ ਹਿੰਦੂ ਮੰਦਰ ਹੈ। ਦੋਵਾਂ ਦੇਸ਼ਾਂ ਦੇ ਨੇਤਾਵਾਂ ਦੀ ਆਪਸੀ ਨਜ਼ਦੀਕੀਆਂ ਤੇ ਮੰਦਰ ਦਾ ਨਿਰਮਾਣ ਉਥੋਂ ਦੀ ਸਰਕਾਰ ਦੀ ਉਦਾਰਤਾ ਨਿਖਾਰ ਕੇ ਸਾਹਮਣੇ ਲੈ ਆਉਂਦਾ ਹੈ। ਪਿਛਲੇ 9 ਸਾਲਾਂ ਦੇ ਵਿੱਚ ਨਰਿੰਦਰ ਮੋਦੀ ਨੇ ਯੂ.ਏ.ਈ. ਦੀਆਂ ਸੱਤ ਯਾਤਰਾਵਾਂ ਕੀਤੀਆਂ ਨੇ। ਕਿਹਾ ਜਾਂਦੈ ਕਿ 1981 ਦੇ ਵਿੱਚ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇੱਥੋਂ ਦੀ ਯਾਤਰਾ ਕੀਤੀ ਸੀ, ਉਸ ਤੋਂ ਬਾਅਦ ਕੋਈ ਵੀ ਪ੍ਰਧਾਨ ਮੰਤਰੀ ਨਹੀਂ ਸੀ ਗਿਆ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਨਰਿੰਦਰ ਮੋਦੀ ਨੇ ਯੂ.ਏ.ਈ. ਦੇ ਨਾਲ ਰਿਸ਼ਤੇ ਨੂੰ ਵਧਾਉਣ ਦੇ ਲਈ ਵੱਡੀ ਭੂਮਿਕਾ ਨਿਭਾਈ ਹੈ। ਪੰਜ ਅਰਬ ਦੇਸ਼ਾਂ ਨੇ ਨਰਿੰਦਰ ਮੋਦੀ ਨੂੰ ਸਰਵਉੱਚ ਸਨਮਾਨ ਦਿੱਤਾ ਹੈ।

ਯੂ.ਏ.ਈ. ਵਿੱਚ ਭਾਰਤੀ ਲੋਕਾਂ ਦਾ ਝੁਕਾਅ ਦੇ ਕਈ ਕਾਰਨ ਹਨ, ਕਿਹਾ ਜਾਂਦਾ ਹੈ ਕਿ ਇੱਥੇ 35 ਲੱਖ ਭਾਰਤੀ ਰਹਿੰਦੇ ਹਨ। ਜੋ ਲਗਭਗ ਹਰ ਸਾਲ 14 ਅਰਬ ਡਾਲਰ ਆਪਣੇ ਘਰ ਭੇਜਦੇ ਹਨ। ਅਮਰੀਕਾ ਤੋਂ ਬਾਅਦ ਯੂ.ਏ.ਈ. ਤੋਂ ਭਾਰਤੀ 18 ਫੀਸਦੀ ਪੈਸਾ ਆਪਣੇ ਦੇਸ਼ ਭੇਜਦੇ ਹਨ। ਅਸਲ ਦੇ ਵਿੱਚ ਦੋਵੇਂ ਦੇਸ਼ਾਂ ਦੇ ਵਿੱਚ ਸਬੰਧ ਸੁਖਾਵੇਂ ਹੋ ਗਏ ਹਨ, ਸਾਨੂੰ ਆਪਣੇ ਲੋਕਾਂ ਦੇ ਲਈ ਰੁਜ਼ਗਾਰ ਚਾਹੀਦਾ ਤੇ ਉਹਨਾਂ ਨੂੰ ਤਰੱਕੀ ਕਰਨ ਦੇ ਲਈ ਦਿਮਾਗ ਚਾਹੀਦਾ ਹੈ। ਅਮਰੀਕਾ ਦੀ ਪ੍ਰਸਿੱਧ ਸਟੈਨਫੋਰਡ ਯੂਨੀਵਰਸਿਟੀ ਦੇ ਸਰਵੇਖਣ ਦੇ ਮੁਤਾਬਿਕ ਭਾਰਤ ਦੇ ਕੋਲ ਦੁਨੀਆਂ ਵਿੱਚ ਸਭ ਤੋਂ ਜ਼ਿਆਦਾ ਆਰਟੀਫਿਸਲ ਇੰਟੈਲੀਜੈਂਸ ਦੀ ਸਕਿੱਲ ਹੈ, ਇਹ ਤੱਥ ਦੁਨੀਆਂ ਤੋਂ ਲੁਕਿਆ ਹੋਇਆ ਨਹੀਂ ਹੈ। ਸਾਡੇ ਸਕਿੱਲ ਪ੍ਰੋਵਾਈਡਰ ਦੀ ਬਾਹਰ ਬਹੁਤ ਮੰਗ ਹੈ। ਫਾਈਨੈਂਸ, ਐਨਰਜੀ, ਇੰਨਫਰਾਸਟ੍ਰਕਚਰ, ਸਾਇੰਸ ਮੈਡੀਕਲ ਵਰਗੇ ਖੇਤਰਾਂ ਦੇ ਵਿੱਚ ਪਹਿਲਾਂ ਅਮਰੀਕਣਾਂ ਤੇ ਯੂਰੋਪੀਅਨ ਲੋਕਾਂ ਦਾ ਦਬਦਬਾ ਸੀ,ਪਰ ਹੌਲੀ ਹੌਲੀ ਉਹਨਾਂ ਦੀ ਜਗ੍ਹਾ ਸਾਡੇ ਲੋਕਾਂ ਨੇ ਲੈ ਲਈ ਹੈ। ਤੇ ਪਾਕਿਸਤਾਨੀ ਵੀ ਏਸ ਵਿੱਚ ਆਪਣਾ ਦਬਦਬਾ ਬਣਾ ਰਹੇ ਹਨ। ਸਾਡੇ ਦੇਸ਼ ਦੇ ਲੋਕਾਂ ਦੀ ਇੱਕ ਖਾਸ ਗੱਲ ਇਹ ਵੀ ਹੈ ਕਿ ਉਹ ਆਪਣੇ ਦੇਸ਼ ਵਿੱਚ ਭਾਵੇਂ ਕਿੰਨੇ ਵੀ ਅਨੁਸ਼ਾਸਨਹੀਣ ਹੋਣ ਪਰ ਵਿਦੇਸ਼ ਦੇ ਵਿੱਚ ਉਹਨਾਂ ਨੂੰ ਆਦਰਸ਼ ਨਾਗਰਿਕ ਸਮਝਿਆ



ਜਾਂਦਾ ਹੈ ਕਿਉਂਕਿ ਉਹ ਆਪਣੀ ਹੱਦ ਬੰਦੀ ਦੇ ਵਿੱਚ ਰਹਿ ਕੇ ਕੰਮ ਕਰਦੇ ਹਨ। ਨਿਵੇਸ਼ ਤੇ ਟੂਰਿਸਟ ਨੂੰ ਖਿੱਚਣ ਦੇ ਲਈ ਇਹ ਦੇਸ਼ ਬਹੁਤ ਤੇਜ਼ੀ ਦੇ ਨਾਲ ਆਪਣੀ ਛਵੀ ਬਦਲ ਰਿਹਾ ਹੈ। ਯੂ.ਏ.ਈ. ਨੇ ਇਸ 'ਤੇ ਕੰਮ ਕਰਨਾ ਬਹੁਤ ਪਹਿਲਾਂ ਹੀ ਸ਼ੁਰੂ ਕਰ ਦਿੱਤਾ ਸੀ। ਅੱਜ ਇਸ ਨੂੰ ਏਸ਼ੀਆ ਦਾ ਸਭ ਤੋਂ ਮਿੱਤਰਤਾ ਪੂਰਨ ਦੇਸ਼ ਐਲਾਨ ਦਿੱਤਾ ਗਿਆ। ਦੂਜੇ ਨੰਬਰ 'ਤੇ ਮਲੇਸ਼ੀਆ ਹੈ, ਦਿਲਚਸਪ ਗੱਲ ਇਹ ਹੈ ਕਿ ਦੋਵੇਂ ਹੀ ਇਸਲਾਮੀ ਦੇਸ਼ ਹਨ। ਉਸ ਤੋਂ ਬਾਅਦ ਵੀਅਤਨਾਮ, ਫਿਲਪੀਨਜ਼, ਸਿੰਘਾਪੁਰ ਹਨ।

ਦੁਬਈ ਨੂੰ ਦੁਨੀਆਂ ਦੇ ਸਭ ਤੋਂ ਪ੍ਰਭਾਵਸ਼ਾਲੀ ਪੰਜ ਸ਼ਹਿਰਾਂ ਵਿਚੋਂ ਗਿਣਿਆ ਗਿਆ ਹੈ। ਕਿਹਾ ਜਾਂਦਾ ਹੈ ਕਿ ਸਾਊਦੀ ਅਰਬ ਪੰਜ ਸੌ ਅਰਬ ਡਾਲਰ ਦੇ ਨਾਲ 'ਨਿਓਮ ਸਿਟੀ' ਬਣਾ ਰਿਹਾ ਹੈ, ਜੋ ਨਿਊਯਾਰਕ ਤੋਂ 33 ਗੁਣਾ ਵੱਡੀ ਦੱਸੀ ਜਾ ਰਹੀ ਹੈ।

ਯੂ.ਏ.ਈ. ਦੇ ਵਿੱਚ ਸਾਨੂੰ ਹਰ ਜਗ੍ਹਾ 'ਤੇ ਭਾਰਤੀ ਖਾਣਾ ਬੜੀ ਆਸਾਨੀ ਦੇ ਨਾਲ ਮਿਲ ਜਾਂਦਾ ਹੈ। ਇਥੋਂ ਤਕ ਕਿ ਬੀਕਾਨੇਰ ਵਾਲੇ ਵੀ ਉੱਥੇ ਪਹੁੰਚੇ ਹੋਏ ਹਨ। ਸੈਲਾਨੀਆਂ ਦੀ ਖਿੱਚ ਦੇ ਲਈ ਬਹੁਤ ਕੁਝ ਹੈ, ਗੋਲਾਕਾਰ 'ਮਿਊਜ਼ਮ ਆਫ਼ ਫਿਊਚਰ' ਹੈ, ਦੁਨੀਆਂ ਦੀ ਸਭ ਤੋਂ ਉੱਚੀ ਇਮਾਰਤ 828 ਮੀਟਰ (2716 ਫੁੱਟ) ਬੁਰਜ ਖ਼ਲੀਫ਼ਾ ਹੈ। ਚਾਰੇ ਪਾਸਿਓਂ ਪਾਣੀ ਦੇ ਕਾਰਨ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਹੈ। ਕਹਿੰਦੇ ਹਨ ਕਿ ਅਗਲੇ ਸਾਲ ਦੁਬਈ ਵਿੱਚ ਏਅਰ ਟੈਕਸੀ ਚੱਲਣੀ ਸ਼ੁਰੂ ਹੋ ਜਾਣੀ ਹੈ। ਡਰੌਨ ਵਰਗੀ ਮਸ਼ੀਨ ਦੇ ਵਿੱਚ ਚਾਰ ਲੋਕ ਬੈਠਿਆ ਕਰਨਗੇ। ਯਾਤਰਾ ਦੇ ਭਵਿੱਖ ਦਾ ਇਹ ਇੱਕ ਸਬੂਤ ਹੈ।

ਸੁਰੱਖਿਆ ਦੇ ਪੱਖੋਂ ਯੂ.ਏ.ਈ. ਪੂਰੀ ਤਰਾਂ ਸੁਰੱਖਿਅਕ ਹੈ। ਕਹਿੰਦੇ ਨੇ ਕਿ ਕਈ ਲੋਕ ਕਾਰ ਪਾਰਕਿੰਗ ਵਿੱਚ ਕਾਰ ਨੂੰ ਚਾਬੀ ਲਗਾ ਕੇ ਵੀ ਛੱਡ ਜਾਂਦੇ ਹਨ, ਹਰ ਪਾਸੇ ਕੈਮਰੇ ਲੱਗੇ ਨੇ, ਇਸ ਲਈ ਚੋਰ ਕੋਈ ਗੜਬੜ ਨਹੀਂ ਕਰ ਸਕਦਾ। ਕਾਨੂੰਨ ਹੀ ਏਨਾ ਸਖ਼ਤ ਹੈ ਕਿ ਸਾਰੇ ਸਿੱਧੀ ਲੀਹ 'ਤੇ ਚੱਲਦੇ ਹਨ। ਖਾਸ ਕਰਕੇ ਔਰਤਾਂ, ਬੱਚੇ ਰਾਤ ਸਮੇਂ ਵੀ ਆਪਣੇ ਆਪ ਨੂੰ ਸੁਰੱਖਿਅਤ ਸਮਝਦੇ ਹਨ। ਜਦੋਂ ਕਿ ਸਾਡੇ ਭਾਰਤ ਵਰਗੇ ਦੇਸ਼ ਵਿੱਚ ਔਰਤਾਂ ਦਿਨ ਸਮੇਂ ਵੀ ਸੁਰੱਖਿਅਤ ਨਹੀਂ। ਰਿਪੋਰਟ ਮੁਤਾਬਿਕ ਪਿਛਲੇ ਸਾਲ 24.6 ਲੱਖ ਭਾਰਤੀ ਦੁਬਈ ਗਏ ਸਨ। ਕਈ ਕੰਮ ਦੇ ਲਈ,ਕਈ ਪਰਿਵਾਰਕ ਕਾਰਨਾਂ ਕਰਕੇ ਤੇ ਕਈ ਜ਼ਿੰਦਗੀ ਦੇ ਵਿੱਚ ਵਧੀਆ ਮੌਕਾ ਲੱਭਣ ਦੇ ਲਈ। ਸਾਡੇ 22 ਸ਼ਹਿਰਾਂ ਤੋਂ ਯੂ.ਏ.ਈ. ਦੇ ਲਈ ਸਿੱਧੀ ਉਡਾਣ ਹੈ। ਇੱਕ ਅੰਕੜੇ ਮੁਤਾਬਿਕ 2022 ਦੇ ਵਿੱਚ ਦੁਬਈ ਪ੍ਰਸ਼ਾਸਨ ਨੇ ਭਾਰਤੀ ਲੋਕਾਂ ਨੂੰ ਘਰ ਵੇਚ ਕੇ 35 ਹਜ਼ਾਰ ਪੰਜ ਸੋ ਕਰੋੜ ਰੁਪਏ ਕਮਾਏ ਸਨ। ਰਿਪੋਰਟ ਮੁਤਾਬਿਕ ਸਵਿਟਜ਼ਰਲੈਂਡ, ਜਰਮਨੀ, ਫਰਾਂਸ ਤੇ ਇੰਗਲੈਂਡ ਵਰਗੇ ਦੇਸ਼ਾਂ ਦੇ ਨਿਵੇਸ਼ਕ





ਯੂ.ਏ.ਈ. ਦੇ ਵਿੱਚ ਟੈਕਸ ਫ੍ਰੀ ਇਨਕਮ ਤੇ ਨਿਵੇਸ਼ ਦੇ ਵਿੱਚ ਵਧੀਆ ਮੁਨਾਫ਼ਾ ਕਮਾਉਣ ਦੇ ਲਈ ਇੱਥੇ ਪਹੁੰਚ ਰਹੇ ਹਨ। ਸਾਡੇ ਦੇਸ਼ ਦੇ ਸੈਲੀਬ੍ਰਿਟੀ ਜਿਵੇਂ ਸ਼ਾਹਰੁੱਖ ਖ਼ਾਨ, ਆਸਾ ਭੌਂਸਲੇ, ਸਾਨੀਆ ਮਿਰਜ਼ਾ ਅਤੇ ਸੰਜੇ ਦੱਤ ਬਹੁਤ ਪਹਿਲਾਂ ਇੱਥੇ ਆਪਣਾ ਪੈਸਾ ਲਗਾ ਚੁੱਕੇ ਹਨ। ਦੁਬਈ ਦੇ ਵਿੱਚ ਘਰ ਤੇ ਜਾਇਦਾਦ ਖ਼ਰੀਦਣ ਵਾਲਿਆਂ ਦੇ ਵਿਚੋਂ ਸਭ ਤੋਂ ਜ਼ਿਆਦਾ 20 ਫੀਸਦੀ ਭਾਰਤੀ ਹਨ। ਯੂ.ਏ.ਈ. ਦੀ ਕੁਲ ਜਨਸੰਖਿਆ 95 ਲੱਖ ਦੇ ਕਰੀਬ ਹੈ, ਜਿਸ ਵਿੱਚ ਇੱਕ ਤਿਹਾਈ ਹਿੱਸਾ ਭਾਰਤੀਆਂ ਦਾ ਹੈ। ਸਾਡੇ ਕਾਰੋਬਾਰੀ ਕਹਿੰਦੇ ਨੇ ਕਿ ਇੱਥੇ ਈ.ਡੀ. ਜਾਂ ਸੀ.ਬੀ.ਆਈ. ਜਾਂ ਇਨਕਮ ਟੈਕਸ ਦੇ ਵਿਭਾਗ ਦੇ ਛਾਪਿਆਂ ਦਾ ਕੋਈ ਡਰ ਨਹੀਂ ਹੈ। ਕਦੀ ਦੁਬਈ ਮਛੇਰਿਆਂ ਦਾ ਛੋਟਾ ਜਿਹਾ ਪਿੰਡ ਹੁੰਦਾ ਸੀ, ਜਿਥੇ ਲੋਕ ਸਮੁੰਦਰ ਵਿਚੋਂ ਮੋਤੀ ਲੱਭ ਕੇ ਪੈਸੇ ਕਮਾਉਂਦੇ ਹੁੰਦੇ ਸਨ, ਅੱਜ ਦੁਬਈ ਦੁਨੀਆਂ ਦੇ ਪੰਜ ਟੋਪ ਦੇ ਸ਼ਹਿਰਾਂ ਵਿਚੋਂ ਇੱਕ ਹੈ, ਸੁਰੱਖਿਆ ਪੱਖੋਂ ਲੰਡਰ ਨੂੰ ਮਾਤ ਦੇ ਰਿਹਾ ਹੈ। ਆਬੂਧਾਬੀ ਦੇ ਵਿੱਚ ਆਖਿਆ ਜਾਂਦਾ ਹੈ ਕਿ 1962 ਦੇ ਵਿੱਚ ਤੇਲ ਮਿਲਿਆ ਸੀ ਪਰ ਦੁਬਈ ਤੇ ਸ਼ਾਰਜਾਹ ਵਰਗੇ ਅਮੀਰਾਤ ਦੇ ਕੋਲ ਤੇਲ ਨਹੀਂ ਹੈ ਇਸ ਲਈ ਉਹਨਾਂ ਨੇ ਵੱਡੇ ਪੈਮਾਨੇ ਤੇ ਨਿਰਮਾਣ ਕਰਕੇ ਖੁਦ ਨੂੰ ਫਾਇਨੈਂਸ, ਟਰੇਡ ਸ਼ਿਪਿੰਡ ਦੇ ਟੂਰਿਜ਼ਮ ਦਾ ਕੇਂਦਰ ਬਣਾ ਲਿਆ ਹੈ। ਗਜਬ ਦੀ ਸੋਚ ਨੂੰ ਸਲਾਮ ਕਰਨਾ ਤਾਂ ਮੰਨਦਾ ਹੈ।



# ਮੋਦੀ ਸਰਕਾਰ ਕਿਸਾਨਾਂ-ਮਜ਼ਦੂਰਾਂ ਦੇ ਸੰਘਰਸ਼ ਨੂੰ ਕੁਚਲਣ ਦੀ ਥਾਂ ਮੁਸ਼ਕਿਲਾਂ ਸਮਝੇ



ਦਰਬਾਰਾ ਸਿੰਘ ਕਾਹਲੋਂ

ਕਿੰਨੀ ਹੈਰਾਨੀ ਦੀ ਗੱਲ ਹੈ ਅਤੇ ਲੋਕਸ਼ਾਹੀ ਸਰਕਾਰਾਂ ਦਾ ਕਿੰਨਾ ਵੱਡਾ ਦੁਖਾਂਤ ਹੈ ਕਿ ਜਿਨ੍ਹਾਂ ਕਿਸਾਨਾਂ, ਮਜ਼ਦੂਰਾਂ, ਕਿਰਤੀਆਂ ਅਤੇ ਆਮ ਨਾਗਰਿਕਾਂ ਵੱਲੋਂ ਵਧੀਆ ਸ਼ਾਸਨ, ਵਧੀਆ ਜੀਵਨ, ਵਿਕਾਸ ਅਤੇ ਖੁਸ਼ਹਾਲੀ ਖ਼ਾਤਰ ਇਹ ਚੁਣੀਆਂ ਜਾਂਦੀਆਂ ਹਨ, ਉਨ੍ਹਾਂ ਦੀਆਂ ਹੱਕੀ ਮੰਗਾਂ ਲਈ ਉਨ੍ਹਾਂ ਵੱਲੋਂ ਕੀਤੇ ਜਾਂਦੇ ਵਿਰੋਧ ਪ੍ਰਦਰਸ਼ਣਾਂ, ਸ਼ਾਂਤਮਈ ਪ੍ਰਦਰਸ਼ਣਾਂ ਅਤੇ ਵਿਚਾਰਾਂ ਦੇ ਪ੍ਰਗਟਾਵੇ ਨੂੰ ਦਬਾਉਣ ਲਈ ਜ਼ਾਲਮ ਰਾਜ ਸ਼ਕਤੀ ਦਾ ਪ੍ਰਯੋਗ ਕੀਤਾ ਜਾਂਦਾ ਹੈ, ਸੰਵਿਧਾਨਿਕ ਅਧਿਕਾਰਾਂ ਨੂੰ ਕੁਚਲਿਆ ਜਾਂਦਾ ਹੈ, ਕਾਨੂੰਨ ਨੂੰ ਬਰਬਰਤਾ-ਪੂਰਵਕ ਤਾਕ 'ਤੇ ਰੱਖ ਦਿੱਤਾ ਜਾਂਦਾ ਹੈ।

ਪੂਰੇ ਵਿਸ਼ਵ ਵਿੱਚ ਅੱਜ ਕਿਸਾਨ, ਮਜ਼ਦੂਰ ਅਤੇ ਕਿਰਤੀ ਘਰਾਂ ਅਤੇ ਖੇਤਾਂ ਵਿੱਚੋਂ ਬਾਹਰ ਨਿਕਲ ਕੇ ਵੱਖ-ਵੱਖ ਦੇਸ਼ਾਂ ਦੀਆਂ ਸੜਕਾਂ, ਸ਼ਹਿਰਾਂ, ਰਾਜਧਾਨੀਆਂ ਵਿੱਚ ਟਰੈਕਟਰਾਂ, ਟਰਾਲੀਆਂ, ਆਧੁਨਿਕ ਖੇਤੀ ਸੰਦਾਂ ਨਾਲ ਵਿਰੋਧ ਪ੍ਰਦਰਸ਼ਣ ਕਰ ਰਹੇ ਹਨ। ਸੜਕਾਂ, ਸ਼ਹਿਰ, ਸਰਹੱਦਾਂ, ਰਾਜਧਾਨੀਆਂ ਜਾਮ ਕਰ ਰਹੇ ਹਨ। ਸੰਨ 2019 ਤੋਂ ਅਜਿਹੀ ਬਦਅਮਨੀ, ਬਦਤਰ ਸਥਿਤੀ ਅਤੇ ਬੇਭਰੋਸਗੀ ਵਿਸ਼ੇਸ਼ ਕਰਕੇ ਭਾਰਤ ਅਤੇ ਯੂਰਪੀਨ ਯੂਨੀਅਨ ਦੇ ਲਗਭਗ ਸਾਰੇ 27 ਦੇਸ਼ਾਂ ਅਤੇ ਬ੍ਰਿਟੇਨ ਅੰਦਰ ਫੈਲੀ ਹੋਈ ਹੈ।

ਭਾਰਤ ਅਤੇ ਯੂਰਪੀਨ ਯੂਨੀਅਨ ਦੀਆਂ ਸਥਿਤੀ ਇਸ ਸਮੇਂ ਸਾਡੇ ਸਾਹਮਣੇ ਹਨ। ਭਾਰਤੀ ਲੋਕਤੰਤਰ ਦੇ ਸ਼ਾਸਕਾਂ ਅਤੇ ਯੂਰਪੀਨ ਯੂਨੀਅਨ ਦੇ ਲੋਕਤੰਤਰੀ ਸ਼ਾਸਕਾਂ ਦਾ ਕਿਸਾਨਾਂ, ਮਜ਼ਦੂਰਾਂ ਅਤੇ ਕਿਰਤੀਆਂ ਪ੍ਰਤੀ ਵਰਤਾਰਾ ਸਾਡੇ ਸਾਹਮਣੇ ਹੈ।

ਭਾਰਤ ਅੰਦਰ ਸੰਨ 2020-21ਵਿਚ ਦਿੱਲੀ ਦੀਆਂ ਬਰੂਹਾਂ 'ਤੇ ਚੱਲੇ ਕਰੀਬ 16 ਮਹੀਨੇ ਕਿਸਾਨ ਮਜ਼ਦੂਰ ਅੰਦੋਲਨ ਅੱਗੇ ਕੇਂਦਰ ਸਰਕਾਰ ਨੇ ਗੋਡੇ ਟੇਕਦੇ ਹੋਏ ਤਿੰਨ ਕਾਲੇ ਕਾਨੂੰਨ ਵਾਪਸ ਲੈ ਲਏ ਪਰ ਉਨ੍ਹਾਂ ਨਾਲ ਐੱਮ.ਐੱਸ.ਪੀ. ਸਮੇਤ ਕੀਤੇ ਵਾਅਦੇ ਪਿਛਲੇ ਤਿੰਨ ਸਾਲਾਂ ਵਿੱਚ ਪੂਰੇ ਨਹੀਂ ਕੀਤੇ, ਜਿਸ ਕਰਕੇ ਕਿਸਾਨ ਮੁੜ ਦੂਸਰੀ ਐਜੀਟੇਸ਼ਨ ਲਈ ਪੂਰੇ ਦੇਸ਼ ਵਿੱਚ ਵਿਰੋਧ ਪ੍ਰਦਰਸ਼ਨ ਕਰਨ ਲਈ ਮਜਬੂਰ ਹਨ। ਲਿਹਾਜ਼ਾ ਕਿਸਾਨ ਮਜ਼ਦੂਰ ਸੰਘਰਸ਼ ਸੰਮਤੀ ਆਗੂ ਸਰਵਨ ਸਿੰਘ ਪੰਧੇਰ ਅਤੇ ਬੀ.ਕੇ.ਯੂ. ਸਿੱਧੂਪੁਰ ਆਗੂ ਜਗਜੀਤ ਸਿੰਘ ਡੱਲੇਵਾਲ ਆਦਿ ਗਰੁੱਪਾਂ ਨੇ 13 ਫਰਵਰੀ, 2024 ਨੂੰ 'ਦਿੱਲੀ ਚੱਲੋ' ਦਾ ਐਲਾਨ ਕੀਤਾ। ਹਜ਼ਾਰਾਂ ਕਿਸਾਨ ਟਰੈਕਟਰ, ਟਰਾਲੀਆਂ ਅਤੇ ਹੋਰ ਲੋੜੀਂਦੇ ਸਾਜ਼ੋਸਮਾਨ ਨਾਲ ਪੰਜਾਬ ਅੰਦਰ ਸਿੰਘੂ ਸਰਹੱਦ ਅਤੇ ਖਨੌਰੀ ਸਰਹੱਦ, ਜੋ ਹਰਿਆਣਾ ਰਾਜ ਨਾਲ ਲਗਦੀ ਹੈ 'ਤੇ ਇਕੱਤਰ ਹੋ ਗਏ, ਜਿੱਥੇ ਭਾਰੀ ਭਰਕਮ ਕੰਕ੍ਰੀਟ, ਕੰਡਿਆਲੀ ਤਾਰ, ਤਿੱਖੇ ਕਿੱਲਾਂ, ਡੂੰਘੇ ਟੋਇਆਂ ਅਤੇ ਭਾਰੀ ਮਸ਼ੀਨਰੀ ਨਾਲ ਪੁਲਿਸ, ਅਰਧ ਫ਼ੌਜੀ ਦਲਾਂ ਦੀਆਂ 14 ਕੰਪਨੀਆਂ ਕਰੀਬ 50, 000 ਸਿਪਾਹੀਆਂ ਨੂੰ ਗੋਲੀ-ਸਿੱਕਾ, ਅੱਥਰੂ ਗੈਸ, ਡਰੋਨਾਂ, ਐੱਲ.ਐੱਮ.ਜੀ. ਗੰਨਾਂ, ਤਿੱਖੇ ਰਬੜ ਬੁਲੇਟਾਂ, ਵਾਟਰ ਕੈਨਿਨ ਆਦਿ ਨਾਲ ਲੈਸ ਕੀਤਾ ਗਿਆ। ਹਰਿਆਣਾ ਅੰਦਰ ਭਾਜਪਾ ਦੀ ਅਗਵਾਈ ਵਾਲੀ ਮਨੋਹਰ ਲਾਲ ਖੱਟਰ ਸਰਕਾਰ ਅਤੇ ਇਸਦਾ ਗ੍ਰਹਿ ਮੰਤਰੀ ਅਨਿਲ ਵਿੱਜ ਆਪਣੇ ਆਪ ਨੂੰ ਅਜੋਕੇ 'ਲੋਹ ਪੁਰਸ਼' ਜਾਂ ਕਰੂਰ ਕਿਸਮ ਦੇ ਵਿਅਕਤੀ ਵਜੋਂ ਸਾਬਤ ਕਰਨ ਦੀ ਦੌੜ ਵਿੱਚ ਕਿਸੇ ਵੀ ਪੰਜਾਬੀ ਕਿਸਾਨ ਨੂੰ ਹਰਿਆਣਾ ਸਰਹੱਦ ਨਾ ਪਾਰ ਕਰਨ ਦੇਣ ਦਾ ਸੰਕਲਪ ਲਈ ਬੈਠੇ ਹੋਣ ਦੇ ਨਿਰਦੇਸ਼ਾਂ 'ਤੇ 21 ਫਰਵਰੀ ਤਕ ਰੁਕ-ਰੁਕ ਰਬੜ ਬੁਲੇਟ, ਜਿੰਦਾ ਕਾਰਤੂਸ, ਅੱਥਰੂ ਗੈਸ ਗੋਲਿਆਂ, ਡਰੋਨਾਂ ਦੀ ਵਰਤੋਂ ਹੁੰਦੀ ਰਹੀ। ਇਸ ਦੌਰਾਨ ਦੋ ਬਜ਼ੁਰਗ ਜਾਨ ਖੋ ਬੈਠੇ। ਕੇਂਦਰੀ ਮੰਤਰੀਆਂ, ਵਿਚੋਲੇ ਪੰਜਾਬ ਮੁੱਖ ਮੰਤਰੀ ਭਗਵੰਤ ਮਾਨ ਨਾਲ ਜਦੋਂ ਕਿਸਾਨ ਆਗੂਆਂ ਨਾਲ ਚੌਥੇ ਗੇੜ ਦੀ ਗੱਲਬਾਤ ਸਿਰੇ ਨਾ ਚੜ੍ਹੀ ਤਾਂ 21 ਫਰਵਰੀ ਨੂੰ 'ਦਿੱਲੀ ਚੱਲੋ' ਜੱਦੋਜਹਿਦ ਵਿੱਚ ਹਰਿਆਣਾ ਪੁਲਿਸ ਹਿੰਸਾ ਨਾਲ ਬਠਿੰਡਾ ਜ਼ਿਲ੍ਹੇ ਦਾ 23 ਸਾਲਾ ਨੌਜਵਾਨ ਸ਼ੁਭਕਰਨ ਸਿੰਘ ਮਾਰਿਆ ਗਿਆ। ਕਈ ਜ਼ਖ਼ਮੀ ਹੋਏ। ਹਰਿਆਣਾ ਪੁਲਿਸ ਦੇ ਵੀ ਕਈ ਜਵਾਨ ਇਸ ਟਕਰਾਅ ਵਿੱਚ ਜਖ਼ਮੀ ਹੋਏ। ਕਿਸਾਨਾਂ ਉੱਤੇ ਪਰਾਲੀ ਅਤੇ ਮਿਰਚਾਂ ਵਾਲਾ ਧੂੰਆਂ ਛੱਡਣ ਦੇ ਦੋਸ਼ ਵੀ ਹਨ। ਦੂਸਰੇ ਪਾਸੇ ਹਰਿਆਣਾ ਪੁਲਿਸ ਵੱਲੋਂ ਕੁਝ ਨੌਜਵਾਨਾਂ ਨੂੰ ਅਗਵਾ ਕਰਨ ਦੇ ਦੋਸ਼ ਹਨ। ਇਸ ਵਾਰ ਪਿਛਲੀ ਵਾਰ ਵਾਂਗ ਹਰਿਆਣਾ ਸਰਕਾਰ ਦੇ ਕਿਸਾਨਾਂ ਨੂੰ ਰੋਕਾਂ ਤੋੜਨ ਅਤੇ ਟਿੱਕਰੀ ਅਤੇ ਸਿੰਘੂ ਦਿੱਲੀ ਸਰਹੱਦ ਵੱਲ ਇੱਕ ਇੰਚ ਨਾ ਵਧਣ ਦਿੱਤਾ। ਹਿੰਸਾ ਕਰਕੇ ਅਜੇ 5ਵੇਂ ਗੇੜ ਦੀ ਕੇਂਦਰੀ ਖੇਤੀ ਮੰਤਰੀ ਅਰਜਨ ਮੁੰਡਾ ਵੱਲੋਂ ਗੱਲਬਾਤ ਦਾ ਸੱਦਾ ਵੀ ਰੁਲਦਾ ਨਜ਼ਰ ਆਇਆ।









ਦਰਅਸਲ ਅਜੋਕੀ ਕਿਸਾਨ ਲੀਡਰਸ਼ਿੱਪ ਨੂੰ ਕੇਂਦਰ ਸਰਕਾਰ ਗੱਲਬਾਤ ਦੇ ਲਾਰਿਆਂ ਵਿੱਚ ਲੋਕ ਸਭਾ ਚੋਣਾਂ ਦੇ ਐਲਾਨ ਤਕ ਪਰਚਾ ਕੇ ਰੱਖਣ ਦੀ ਨੀਤੀ 'ਤੇ ਬੜੀ ਚਲਾਕੀ ਨਾਲ ਚੱਲ ਰਹੀ ਹੈ।

ਕੇਂਦਰੀ ਆਕਾਵਾਂ ਦੇ ਨਿਰਦੇਸ਼ਾਂ ਉੱਤੇ ਹਰਿਆਣਾ ਅੰਦਰ ਕਿਸਾਨਾਂ, ਮਜ਼ਦੂਰਾਂ, ਕਿਰਤੀਆਂ ਅਤੇ ਆਮ ਲੋਕਾਂ ਵੱਲੋਂ ਚੁਣੀ ਭਾਜਪਾ ਦੀ ਅਗਵਾਈ ਵਾਲੀ ਖੱਟਰ ਸਰਕਾਰ ਵੱਲੋਂ ਕਰੂਰ ਰਾਜ ਸ਼ਕਤੀ ਵਰਤਣ ਦਾ ਗ਼ੈਰ-ਲੋਕਤੰਤਰ ਚਿਹਰਾ ਬੇਨਕਾਬ ਹੋ ਗਿਆ ਹੈ। ਪਰ ਇਹ ਸਚਾਈ ਹੈ ਕਿ ਲੋਕਾਂ ਵੱਲੋਂ ਸੰਵਿਧਾਨਿਕ ਤੌਰ 'ਤੇ ਚੁਣੀਆਂ ਲੋਕਤੰਤਰੀ ਸਰਕਾਰ ਆਪਣੇ ਸਾਸ਼ਕੀ, ਰਾਜਕੀ, ਕਰੋਨੀ ਕਾਰਪੋਰੇਟਰ ਮਿੱਤਰਾਂ ਜਾਂ ਤਾਨਾਸ਼ਾਹੀ ਕਿਸਮ ਦੇ ਆਗੂਆਂ ਦੇ ਹਿਤਾਂ ਦੀ ਪੂਰਤੀ ਲਈ ਆਪਣੇ ਹੀ ਉਨ੍ਹਾਂ ਲੋਕਾਂ ਉੱਤੇ ਜ਼ੁਲਮ ਢਾਹੁੰਦੀਆਂ ਹਨ, ਜ਼ੁਬਾਨਬੰਦੀ ਕਰਦੀਆਂ ਹਨ, ਪੱਤਰਕਾਰਤਾ ਨੂੰ ਗੋਡਿਆਂ ਭਰਨੇ ਕਰਦੀਆਂ ਹਨ ਉਹ ਭਾਵੇਂ ਮਹਾਂਸ਼ਕਤੀ ਕਹਾਉਂਦਾ ਅਮਰੀਕਾ ਹੀ ਕਿਉਂ ਨਾ ਹੋਵੇ? ਚੀਨ, ਰੂਸ, ਉੱਤਰੀ ਕੋਰੀਆ, ਫਿਲਪਾਈਨਜ਼, ਪਾਕਿਸਤਾਨ, ਮੀਆਂਮਾਰ, ਅਰਬ, ਅਫਰੀਕੀ ਆਦਿ ਦੇਸ਼ਾਂ ਦੀ ਤਾਂ ਗੱਲ ਹੀ ਛੱਡੋ।

ਦੂਸਰੇ ਪਾਸੇ ਯੂਰਪੀ ਯੂਨੀਅਨ ਅੰਦਰ ਸੰਨ 2019 ਵਿੱਚ ਨੀਦਰਲੈਂਡ ਅੰਦਰ ਉੱਠੇ ਕਿਸਾਨੀ ਅੰਦੋਲਨ ਨੇ ਸਾਰੇ ਦੇਸ਼ਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ। ਪੂਰੀ ਕਿਸਾਨੀ ਇੱਕਜੁਟਤਾ ਦਾ ਮੁਜ਼ਾਹਿਰਾ ਕਰ ਰਹੀ ਹੈ। ਵੱਡੇ ਟਰੈਕਟਰਾਂ ਅਤੇ ਸੰਦਾਂ ਨਾਲ ਫਰਾਂਸ, ਇੰਗਲੈਂਡ, ਪੋਲੈਂਡ, ਜਰਮਨੀ, ਯੂਨਾਨ, ਇਟਲੀ, ਰੋਮਾਨੀਆ, ਨੀਦਰਲੈਂਡ, ਸਪੇਨ, ਪੁਰਤਗਾਲ, ਬੈਲਜੀਅਮ ਆਦਿ ਦੇ ਕਿਸਾਨਾਂ ਸਪੇਨ ਦੀ ਸਰਹੱਦ ਸੀਲ ਕਰਕੇ ਆਵਾਜਾਈ, ਵਪਾਰ, ਸਨਅਤਾਂ ਠੱਪ ਕਰ ਦਿੱਤੀਆਂ ਹਨ। ਜਰਮਨੀ ਅੰਦਰ ਸੜਕਾਂ ਅਤੇ ਸ਼ਹਿਰ ਗੋਹੇ ਦੇ ਢੇਰਾਂ ਨਾਲ ਬੰਦ ਕਰ ਦਿੱਤੇ।

ਯੂਰਪੀਨ ਯੂਨੀਅਨ ਦੇ ਹੈੱਡਕੁਆਰਟਰ ਬਰੱਸਲਜ਼ ਨੂੰ 1300 ਟਰੈਕਟਰਾਂ ਘੇਰ ਲਿਆ। ਹਾਰਨਾਂ ਨਾਲ ਕੰਨ ਪਾੜ ਸੁੱਟੇ ਅਤੇ ਅੱਗਾਂ ਨਾਲ ਧੂੰਆਂ-ਧੂੰਆਂ ਕਰ ਸੁੱਟਿਆ। ਕਿਸੇ ਦੇਸ਼ ਦੇ ਆਗੂ ਜਾਂ ਸੁਪਰੀਮ ਕੋਰਟ ਨੇ ਕਿਸਾਨਾਂ ਨੂੰ ਟਰੈਕਟਰਾਂ ਦੀ ਥਾਂ ਬੱਸਾਂ, ਟਰੱਕਾਂ ਜਾਂ ਰੇਲ ਗੱਡੀਆਂ ਤੇ ਪ੍ਰੋਟੈਸਟ ਕਰਨ ਲਈ ਜਾਣ ਲਈ ਨਹੀਂ ਕਿਹਾ।

ਫਰਾਂਸ ਦੇ ਕਿਸਾਨ ਦੇਸ਼ ਅੰਦਰ ਵਧਦੀ ਮਹਿੰਗਾਈ ਅਤੇ ਬਾਬੂਸ਼ਾਹੀ ਦੀ ਬੇਲੋੜੀ ਜਕੜ ਤੋਂ ਦੁਖੀ ਹਨ, ਖਾਦਾਂ ਅਤੇ ਤੇਲ 'ਤੇ ਵਧਾਏ ਟੈਕਸਾਂ ਤੋਂ ਬੇਜ਼ਾਰ ਹਨ। ਯੂਰਪ ਅੰਦਰ ਫੂਡ ਸੁਰੱਖਿਆ ਦੀ ਥਾਂ ਅਰਜਨਟਾਈਨਾ, ਬ੍ਰਾਜ਼ੀਲ, ਪੈਰਗਵੇ, ਯੂਰਾਗਵੇ ਤੋਂ ਸਸਤੀ ਪੋਲਟਰੀ, ਅੰਡੇ, ਖੰਡ ਅਤੇ ਖਾਣ-ਪੀਣ ਦੀਆਂ ਵਸਤਾਂ ਆਯਾਤ ਕੀਤੀਆਂ ਜਾ ਰਹੀਆਂ ਹਨ, ਜੋ ਉਤਪਾਦਨ ਵਧਾਉਣ ਲਈ ਹਾਰਮੋਨਜ਼, ਐਂਟੀਬਾਇਓਟਿਕ, ਕੀੜੇ ਮਾਰ ਦਵਾਈਆਂ ਦੀ ਵਰਤੋਂ ਕਰਦੇ ਹਨ। ਸਸਤੇ ਟਮਾਟਰ ਮਰਾਕੋ ਤੋਂ ਖਰੀਦੇ ਜਾ ਰਹੇ ਹਨ। ਕਾਰਪੋਰੇਟ ਜਗਤ ਅਤੇ ਫੂਡ ਰਾਜ ਦੇ ਕਬਜ਼ੇ ਕਰਕੇ ਕਿਸਾਨੀ ਨਜ਼ਰਅੰਦਾਜ਼ ਕੀਤੀ ਜਾ ਰਹੀ ਹੈ। ਸਿੰਥੈਟਕ ਕੱਪੜੇ ਦੇ ਉਤਪਾਦਨ ਕਰਕੇ ਭੇਡ ਪਾਲਕਾਂ ਦੀ ਉੱਨ ਨਜ਼ਰਅੰਦਾਜ਼ ਕੀਤੀ ਜਾ ਰਹੀ ਹੈ। ਫਰਾਂਸ ਦੇ ਕਿਸਾਨ ਸਪੇਨ ਤੋਂ ਸਸਤੀ ਸ਼ਰਾਬ ਦੀ ਆਯਾਤ ਤੋਂ ਖਫਾ ਹਨ, ਸੋ ਉਨ੍ਹਾਂ ਉੱਥੋਂ ਆ ਰਹੇ ਸ਼ਰਾਬ ਦੇ ਟਰੱਕ ਅਗਵਾ ਕਰ ਲਏ। ਯੂਕਰੇਨ ਤੋਂ 16 ਪ੍ਰਤੀਸ਼ਤ ਅਨਾਜ ਯੂਰਪ ਖਰੀਦਦਾ ਸੀ, ਜੰਗ ਤੋਂ ਬਾਅਦ 50 ਪ੍ਰਤੀਸ਼ਤ ਅਮਰੀਕੀ ਦਬਾਅ ਹੇਠ ਖਰੀਦ ਰਿਹਾ ਹੈ, ਜਿਸ ਤੋਂ ਕਿਸਾਨ ਇਸ ਕਰਕੇ ਨਾਰਾਜ਼ ਹਨ ਕਿ ਉਨ੍ਹਾਂ ਨੂੰ ਅਨਾਜ ਦੇ ਉਚਿਤ ਰੇਟ ਨਹੀਂ ਮਿਲ ਰਹੇ।

ਇੰਗਲੈਂਡ ਅੰਦਰ 'ਪੈਜੈਂਟ' ਸ਼ਬਦ ਪੰਜਾਬ-ਹਰਿਆਣਾ ਅੰਦਰ 'ਗਾਲੀ' ਬਣ ਗਿਆ ਹੈ ਜਿਸਦਾ ਪਿਛੋਕੜ 'ਉੱਤਮ ਖੇਤੀ' ਕਰਕੇ ਕਦੇ ਸ਼ਾਨਾਮੱਤਾ ਰਿਹਾ। ਅਸਲ ਕਿਸਾਨੀ ਪ੍ਰਭਾਵਿਤ ਦੇਸ਼ਾਂ ਵਿੱਚ ਮਿਊਜ਼ੀਅਮ ਬਣ ਕੇ ਰਹਿ ਗਈ ਹੈ। ਇੰਗਲੈਂਡ ਅੰਦਰ 100 ਪਾਰਲੀਮੈਂਟਰੀ ਹਲਕੇ ਨਿਰੋਲ ਕਿਸਾਨੀ ਪ੍ਰਭਾਵਿਤ ਹਨ, ਜਿਨ੍ਹਾਂ ਵਿੱਚੋਂ ਇਸ ਵੇਲੇ 96 ਟੋਰੀਆਂ ਕੋਲ ਹਨ। ਸੋ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਆਗਾਮੀ ਚੋਣਾਂ ਖਾਤਰ ਜਦੋਂ ਕਿਸਾਨਾਂ ਦੀ ਸਲਾਨਾ ਕਾਨਫਰੰਸ ਵਿੱਚ ਜਾਂਦਾ ਹੈ ਤਾਂ ਸਾਬਕਾ ਰਾਸ਼ਟਰੀ ਕਿਸਾਨ ਯੂਨੀਅਨ ਪ੍ਰਧਾਨ ਮਿੱਨਟ ਬੈਟਰਜ਼ ਨੇ ਜੱਗੋਂ ਤੇਰ੍ਹਵੀਂ ਕਰਦੇ ਕਿਹਾ ਕਿ ਕੰਜ਼ਰਵੇਟਿਵ ਸਰਕਾਰਾਂ ਦੇ ਦੀਵਾਲੀਆਪਣ ਸੋਚ ਵਾਲੇ ਫੈਸਲਿਆਂ ਨੇ ਕਿਸਾਨੀ ਨੂੰ ਵੱਡਾ ਨੁਕਸਾਨ ਪਹੁੰਚਾਇਆ। ਕੀ ਉਹ ਹੁਣ ਉਨ੍ਹਾਂ ਦੇ ਜ਼ਖ਼ਮਾਂ 'ਤੇ ਨਮਕ ਛਿੜਕਣ ਲਈ ਆਏ ਹਨ?

ਫਰਕ: ਬਾਵਜੂਦ ਯੂਰਪੀਨ ਕਿਸਾਨੀ ਦੇ ਵੱਡੇ ਵਿਰੋਧਾਂ ਦੇ ਫਰਾਂਸ ਦੀ ਸਰਕਾਰ ਨੇ ਕਿਸਾਨਾਂ ਲਈ 400 ਮਿਲੀਅਨ ਯੂਰੋ ਦਾ ਪੈਕੇਜ ਐਲਾਨਿਆ। ਇਸਦੇ ਇਲਾਵਾ 200 ਮਿਲੀਅਨ ਯੂਰੋ ਨਕਦ ਦੇਣ ਦਾ ਐਲਾਨ ਕੀਤਾ। ਪ੍ਰਧਾਨ ਮੰਤਰੀ ਗੈਬਰੀਲ ਅਟੱਲ ਨੇ ਕਿਹਾ ਕਿ ਫਰਾਂਸ ਵਿਦੇਸ਼ੀ ਖਾਣ-ਪੀਣ ਦੀਆਂ ਵਸਤਾਂ 'ਤੇ ਸੇਫਟੀ ਚੈੱਕ ਲਗਾਏਗਾ। ਸੋ ਹਾਲ ਦੀ ਘੜੀ ਕਿਸਾਨ ਬਲਾਕੇਡ ਸਥਗਿਤ ਕਰ ਦਿੱਤਾ ਹੈ।

ਇੰਗਲੈਂਡ ਅੰਦਰ ਰਿਸ਼ੀ ਸੂਨਕ ਕੰਜ਼ਰਵੇਟਿਵ ਸਰਕਾਰ 427 ਮਿਲੀਅਨ ਪੌਂਡ ਹੁਣ ਤਕ ਦਾ ਸਭ ਤੋਂ ਵੱਡਾ ਪੈਕੇਜ ਤਕਨੀਕੀ, ਪੈਦਾਵਾਰ ਵਿਕਾਸ ਅਤੇ ਫੂਡ ਸੁਰੱਖਿਆ ਲਈ ਦੇਣ ਜਾ ਰਹੀ ਹੈ। ਡੇਅਰੀ, ਸੂਰ ਅਤੇ ਪੋਲਟਰੀ ਫਾਰਮਾਂ ਲਈ ਨਵੇਂ ਵਧੀਆ ਕੰਟਰੈਕਟ ਕਰਨ ਜਾ ਰਹੀ ਹੈ।

ਜਰਮਨੀ ਅੰਦਰ ਹਮਬਰਗ, ਕੋਲੋਨ, ਬਰੇਮਨ, ਮਿਊਨਿਖ, ਨਿਊਰਮਬਰਗ ਆਦਿ ਸ਼ਹਿਰਾਂ ਦੇ 2 ਹਜ਼ਾਰ ਤੋਂ ਵੱਧ ਟ੍ਰੈਕਟਰਾਂ ਅਤੇ ਮਸ਼ੀਨਾਂ ਨਾਲ ਰੋਕੀ ਖੜ੍ਹੇ ਕਿਸਾਨਾਂ ਨੂੰ ਜਰਮਨ ਚਾਂਸਲਰ ਓਲਫ ਸੋਲਜ਼ ਡੀਜ਼ਲ 'ਤੇ ਤੁਰੰਤ ਟੈਕਸ ਹਟਾਉਣ ਲਈ ਮਜਬੂਰ ਹੋ ਗਿਆ। ਯੂਰਪੀਨ ਯੂਨੀਅਨ ਅਤੇ ਸਭ ਯੂਰਪੀ ਸਰਕਾਰਾਂ ਇਸ ਵਿੱਚ ਹੀ ਭਲਾ ਸਮਝ ਰਹੀਆਂ ਕਿ ਕਿਸਾਨੀ ਦੀਆਂ ਜਾਇਜ਼ ਮੰਗਾਂ ਮੰਨਣ ਬਗੈਰ ਹੋਰ ਕੋਈ ਚਾਰਾ ਨਹੀਂ।

ਭਾਰਤ ਅੰਦਰ ਅਜੋਕੀ ਕੇਂਦਰ ਅੰਦਰ ਨਰੇਂਦਰ ਮੋਦੀ ਸਰਕਾਰ ਹੀ ਨਹੀਂ, ਸਭ ਰਾਜਨੀਤਕ ਪਾਰਟੀਆਂ ਅਤੇ ਰਾਜਾਂ ਦੀ ਸਰਕਾਰਾਂ ਚੋਣਾਂ ਵੇਲੇ ਕਿਸਾਨਾਂ ਨੂੰ ਸਭ ਫਸਲਾਂ 'ਤੇ ਐੱਮ.ਐੱਸ.ਪੀ. ਮਰਹੂਮ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ, ਕਿਸਾਨ ਮਜ਼ਦੂਰ ਕਰਜ਼ਾ ਮੁਆਫੀ, ਖਰਾਬਿਆਂ ਦਾ ਮੁਆਵਜ਼ਾ, ਨਕਲੀ ਬੀਜਾਂ, ਦਵਾਈਆਂ ਸੰਬੰਧੀ ਕਰੜੀ ਕਾਰਵਾਈ, ਕਿਸਾਨ-ਮਜ਼ਦੂਰ ਪਰਿਵਾਰਾਂ ਦੀ ਸਿਹਤ, ਵਿੱਦਿਆ, ਹੁਨਰਮੰਦੀ ਵੱਲ ਵਿਸ਼ੇਸ਼ ਧਿਆਨ, ਬੁਢਾਪਾ ਪੈਨਸ਼ਨਾਂ ਜਿਹੇ ਬੁਨਿਆਦੀ ਮੁੱਦਿਆਂ ਦੀ ਪੂਰਤੀ ਲਈ ਵਾਅਦੇ ਕਰਦੀਆਂ ਚਲੀਆਂ ਆ ਰਹੀਆਂ ਹਨ। ਪਰ ਸੱਤਾ ਦੇ ਤਖ਼ਤ 'ਤੇ ਬੈਠਦਿਆਂ ਹੀ ਇਨ੍ਹਾਂ ਨੂੰ ਸੱਪ ਸੁੰਘ ਜਾਂਦਾ ਹੈ।

ਜੇ ਉਹ ਕਹਿੰਦੇ ਹਨ ਕਿ ਵਿਸ਼ਵ ਵਪਾਰ ਸੰਸਥਾ, ਜੋ ਕਿਸਾਨ ਮਾਰੂ ਸੰਸਥਾ ਹੈ, ਵਿੱਚੋਂ ਭਾਰਤ ਬਾਹਰ ਆ ਜਾਏ ਤਾਂ ਜਵਾਬ ਹੁੰਦਾ ਹੈ ਕਿ ਅਜਿਹਾ ਸੰਭਵ ਨਹੀਂ। ਪਰ ਜੇ ਰਾਜਨੀਤਕ ਇੱਛਾ ਸ਼ਕਤੀ ਹੋਵੇ ਤਾਂ ਇੱਕ ਮਿੰਟ ਨਹੀਂ ਲਗਦਾ ਜਿਵੇਂ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੈਰਿਸ ਜਲਵਾਯੂ ਸੰਧੀ ਵਿੱਚੋਂ ਬਾਹਰ ਆਉਣ ਲਈ ਇੱਕ ਪਲ ਵੀ ਨਹੀਂ ਸੀ ਲਗਾਇਆ।

ਰਾਜਧਾਨੀ ਦਿੱਲੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਦੀ ਨਹੀਂ ਹੈ, ਨਾ ਹੀ ਹਰਿਆਣਾ ਦੀ ਭਾਜਪਾ ਦੀ ਅਗਵਾਈ ਵਾਲੀ ਮਨੋਹਰ ਲਾਲ ਖੱਟਰ ਸਰਕਾਰ ਉਸ ਦੀ ਕਸਟੋਡੀਅਨ ਹੈ, ਇਹ ਰਾਜਧਾਨੀ ਭਾਰਤਵਰਸ਼ ਅਤੇ ਭਾਰਤੀਆਂ ਦੀ ਹੈ। ਹਰ ਵਰਗ, ਜ਼ਾਤ, ਲਿੰਗ, ਰੰਗ, ਭਾਸ਼ਾ, ਇਲਾਕੇ ਦੇ ਭਾਰਤੀਆਂ ਅਤੇ 28 ਰਾਜਾਂ ਅਤੇ ਕੇਂਦਰੀ ਸ਼ਾਸਤ ਰਾਜਾਂ ਦੀਆਂ ਸਰਕਾਰਾਂ ਨੂੰ ਆਪਣੇ ਮਸਲਿਆਂ ਦੇ ਹੱਲ ਲਈ, ਕੇਂਦਰ ਸਰਕਾਰਾਂ ਵਿਰੁੱਧ ਮੁਤਾਲਬਿਆਂ ਲਈ ਸ਼ਾਂਤਮਈ ਅੰਦੋਲਨ ਦਾ ਹੱਕ ਹੈ। ਕਿਸਾਨ-ਮਜ਼ਦੂਰ ਦੇਸ਼ ਦਾ 60 ਪ੍ਰਤੀਸ਼ਤ ਹਿੱਸਾ ਹਨ। ਜਿਵੇਂ ਉਨ੍ਹਾਂ ਨੂੰ ਕਰੂਰਤਾਪੂਰਵਕ ਰੋਕਾਂ, ਬਲ, ਅਣਮਨੁੱਖੀ ਵਿਵਹਾਰ ਅਤੇ ਰਾਜਕੀ ਹਿੰਸਾ ਰਾਹੀਂ ਰੋਕਿਆ ਗਿਆ ਹੈ, ਇਸ ਨੇ ਵਿਸ਼ਵ ਬਰਾਦਰੀ ਦੀਆਂ ਨਜ਼ਰਾਂ ਵਿੱਚ ਭਾਰਤੀ ਲੋਕਤੰਤਰ ਅਤੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੇ ਕੱਦ ਨੂੰ ਵੱਡੀ ਠੇਸ ਪਹੁੰਚਾਈ ਹੈ। ਅਜਿਹੇ ਪ੍ਰਬੰਧਾਂ, ਜ਼ੋਰ, ਹਮਲਾਵਰ ਵਿਖਾਵੇ ਵੀ ਲੋੜ ਚੀਨ ਦੀ ਸਰਹੱਦ 'ਤੇ ਹੈ ਜੋ ਭਾਰਤ ਦਾ 38 ਹਜ਼ਾਰ ਵਰਗ ਕਿਲੋਮੀਟਰ ਤੋਂ ਵੱਧ ਇਲਾਕਾ ਦੱਬੀ ਬੈਠਾ ਹੈ। ਸ਼੍ਰੀ ਮੋਦੀ ਸਰਕਾਰ ਨੂੰ ਫਰਾਂਸ, ਇੰਗਲੈਂਡ, ਜਰਮਨੀ, ਕੈਨੇਡਾ ਸਰਕਾਰਾਂ ਵਾਂਗ ਕਿਸਾਨੀ ਦੀਆਂ ਮੰਗਾਂ ਮੰਨਣ ਲਈ ਜਿਗਰਾ ਵਿਖਾਉਣਾ ਚਾਹੀਦਾ ਹੈ।

# ਖ਼ਤਰੇ 'ਚ ਕਿਉਂ ਹਨ ਪਰਵਾਸੀ ਜਾਨਵਰ ਅਤੇ ਪੰਛੀ ?

## ਅਲੋਪ ਹੋ ਰਹੀਆਂ ਹਨ 20 ਫ਼ੀਸਦੀ ਪ੍ਰਵਾਸੀ ਪ੍ਰਜਾਤੀਆਂ : ਯੂ.ਐਨ.ਓ.









ਸਦੀਆਂ ਤੋਂ, ਸਰਦੀਆਂ ਦੇ ਮੌਸਮ ਵਿੱਚ ਪੰਛੀਆਂ ਦਾ ਅਲੋਪ ਹੋ ਜਾਣਾ ਯੂਰਪ ਦੇ ਲੋਕਾਂ ਲਈ ਇੱਕ ਵੱਡਾ ਰਹੱਸ ਸੀ। ਕੁਝ ਲੋਕਾਂ ਨੇ ਸੋਚਿਆ ਕਿ ਇਹ ਪੰਛੀ ਪਾਣੀ ਦੇ ਹੇਠਾਂ ਛੁਪ ਜਾਂਦੇ ਹਨ, ਜਦੋਂ ਕਿ ਅਨੇਕਾਂ ਹੋਰ ਲੋਕ ਮੰਨਦੇ ਹਨ ਕਿ ਉਹ ਹੋਰ ਪ੍ਰਜਾਤੀਆਂ ਵਿੱਚ ਬਦਲ ਗਏ ਹਨ। ਕਈਆਂ ਦਾ ਤਾਂ ਇਹ ਵੀ ਮੰਨਣਾ ਸੀ ਕਿ ਉਹ ਚੰਦ 'ਤੇ ਚਲੇ ਜਾਂਦੇ ਹਨ।

1800 ਦੇ ਦਹਾਕੇ ਤੱਕ, ਜਾਨਵਰਾਂ ਦੇ ਪਰਵਾਸ ਦੇ ਸਬੂਤ ਸਾਹਮਣੇ ਆਉਣ ਲੱਗੇ। 1822 ਵਿੱਚ ਇੱਕ ਮਸ਼ਹੂਰ ਘਟਨਾ ਸਾਹਮਣੇ ਆਈ। ਜਰਮਨ ਸ਼ਿਕਾਰੀਆਂ ਨੇ ਇੱਕ ਚਿੱਟੇ ਸਟੌਰਕ ਨੂੰ ਗੋਲੀ ਮਾਰ ਦਿੱਤੀ। ਇਸ ਕਰੇਨ ਦੀ ਗਰਦਨ ਵਿੱਚ ਲਗਭਗ 75 ਸੈਂਟੀਮੀਟਰ ਲੰਬਾ ਇੱਕ ਅਫ਼ਰੀਕੀ ਲੱਕੜ ਦਾ ਬਰਛਾ ਫਸਿਆ ਹੋਇਆ ਸੀ। ਇਸ ਤੋਂ ਪਤਾ ਲੱਗਾ ਕਿ ਕ੍ਰੇਨ ਨੇ ਦੋ ਵੱਖ-ਵੱਖ ਮਹਾਂਦੀਪਾਂ ਵਿਚਕਾਰ ਯਾਤਰਾ ਕੀਤੀ ਸੀ। ਇਸ ਕਰੇਨ ਦੇ ਸੁਰੱਖਿਅਤ ਅਵਸ਼ੇਸ਼ ਅੱਜ ਵੀ ਜਰਮਨੀ ਦੀ ਯੂਨੀਵਰਸਿਟੀ ਆਫ ਰੋਸਟਾਕ ਵਿੱਚ ਪ੍ਰਦਰਸ਼ਨੀ ਵਜੋਂ ਰੱਖੇ ਹੋਏ ਹਨ।

ਹਾਲਾਂਕਿ, ਅਸੀਂ ਹੁਣ ਜਾਣਦੇ ਹਾਂ ਕਿ ਪੰਛੀ ਕਠੋਰ ਸਰਦੀਆਂ ਦੀ ਠੰਡ ਤੋਂ ਬਚਣ ਲਈ, ਭਰਪੂਰ ਭੋਜਨ ਲੱਭਣ ਅਤੇ ਬਿਹਤਰ ਨਿਵਾਸ ਸਥਾਨ ਲੱਭਣ ਲਈ ਲੰਬੀ ਦੂਰੀ ਦੀ ਯਾਤਰਾ ਕਰਦੇ ਹਨ। ਹਰ ਸਾਲ ਸਰਦੀਆਂ ਦੇ ਮੌਸਮ ਦੌਰਾਨ, ਚਿੱਟੇ ਸਟੌਰਕ ਵਰਗੇ ਪੰਛੀ ਦੱਖਣ ਵੱਲ 10,000 ਕਿਲੋਮੀਟਰ ਤੋਂ ਵੱਧ ਦਾ ਸਫ਼ਰ ਤੈਅ ਕਰਦੇ ਹਨ, ਤਾਂ ਜੋ ਉਹ ਬਸੰਤ ਰੁੱਤ ਲਈ ਸਮੇਂ ਸਿਰ ਆਪਣੇ ਸਥਾਨ 'ਤੇ ਵਾਪਸ ਆ ਸਕਣ।

ਕੁਝ ਪੰਛੀ ਜਿਵੇਂ ਕਿ ਬਾਰ-ਮੁਖੀ ਹੰਸ ਆਪਣੇ ਪਰਵਾਸ ਦੌਰਾਨ ਹਿਮਾਲਿਆ ਦੇ ਉੱਪਰ ਉੱਡਦੇ ਹਨ। ਜਦੋਂ ਕਿ ਆਰਕਟਿਕ ਟੇਰਨ ਸਾਲ ਭਰ ਗਰਮੀ ਦਾ ਆਨੰਦ ਲੈਣ ਲਈ ਇੱਕ ਧਰੁਵ ਤੋਂ ਦੂਜੇ ਧਰੁਵ ਤੱਕ ਯਾਤਰਾ ਕਰਦੇ ਹਨ। ਆਰਕਟਿਕ ਟਰਨ ਇੱਕ ਛੋਟਾ, ਪਤਲਾ ਸਮੁੰਦਰੀ ਪੰਛੀ ਹੈ ਜੋ ਲਾਰੀਡੇ ਪਰਿਵਾਰ ਨਾਲ ਸਬੰਧਿਤ ਹੈ। ਉਹ ਹਰ ਸਾਲ ਆਰਕਟਿਕ ਵਿੱਚ ਆਪਣੇ ਪ੍ਰਜਨਨ ਖੇਤਰਾਂ ਤੋਂ ਅੰਟਾਰਕਟਿਕ ਵਿੱਚ ਪਰਵਾਸ ਕਰਦੇ ਹਨ ਅਤੇ ਦੁਬਾਰਾ ਵਾਪਸ ਆਉਂਦੇ ਹਨ। ਇਸ ਸਮੇਂ ਦੌਰਾਨ ਉਹ ਲਗਭਗ 40,000 ਕਿਲੋਮੀਟਰ ਦੀ ਦੂਰੀ ਤੈਅ ਕਰਦੇ ਹਨ।

ਸਿਰਫ਼ ਪੰਛੀ ਹੀ ਨਹੀਂ, ਸਗੋਂ ਮੱਛੀਆਂ, ਥਣਧਾਰੀ ਜੀਵ, ਕੀੜੇ-ਮਕੌੜੇ ਅਤੇ ਰੀਂਗਣ ਵਾਲੇ ਜੀਵ ਦੀਆਂ ਸਾਰੀਆਂ ਕਿਸਮਾਂ ਵੀ ਲੰਬੀ ਦੂਰੀ ਦੀ ਯਾਤਰਾ ਕਰਦੀਆਂ ਹਨ। ਯੂਰਪੀਅਨ ਇਲ ਬਹਾਮਾ ਦੇ ਨੇੜੇ ਆਪਣੇ ਪ੍ਰਜਨਨ ਦੇ ਸਥਾਨਾਂ ਤੱਕ ਪਹੁੰਚਣ ਲਈ ਦੋ ਸਾਲਾਂ ਵਿੱਚ ਲਗਭਗ 10,000 ਕਿਲੋਮੀਟਰ ਦੀ ਯਾਤਰਾ ਕਰ ਸਕਦੀ ਹੈ। ਸਲੇਟੀ ਵ੍ਹੇਲ ਕੈਲੀਫੋਰਨੀਆ ਅਤੇ ਮੈਕਸੀਕੋ ਦੇ ਤੱਟਾਂ ਦੀ ਯਾਤਰਾ ਕਰਨ ਤੋਂ ਪਹਿਲਾਂ ਠੰਢੇ ਉੱਤਰੀ ਪ੍ਰਸ਼ਾਂਤ ਵਿੱਚ ਗਰਮੀਆਂ ਦਾ ਕੁਝ ਸਮਾਂ ਬਿਤਾਉਂਦੀਆਂ ਹਨ। ਇੱਕ ਮਿਲੀਅਨ ਤੋਂ ਵੱਧ ਜੰਗਲੀ ਮੱਖੀਆਂ ਦੇ ਝੁੰਡ ਸੁੱਕੇ ਮੌਸਮ ਵਿੱਚ ਪਾਣੀ ਦੀ ਭਾਲ ਵਿੱਚ ਕੀਨੀਆ ਅਤੇ ਤਨਜ਼ਾਨੀਆ ਵਿੱਚ ਸੇਰੇਨਗੇਟੀ ਦੇ ਪਾਰ ਸੈਂਕੜੇ ਕਿਲੋਮੀਟਰ ਪਰਵਾਸ ਕਰਦੇ ਹਨ।



ਕਨਵੈਨਸ਼ਨ ਆਨ ਦ ਕੰਜ਼ਰਵੇਸ਼ਨ ਆਫ਼ ਮਾਈਗ੍ਰੇਟਰੀ ਸਪੀਸੀਜ਼ ਆਫ਼ ਵਾਈਲਡ ਐਨੀਮਲਜ਼ (ਸੀ.ਐਮ.ਐਸ.) ਵਿੱਚ ਸੂਚੀਬੱਧ ਲਗਭਗ ਅੱਧੀਆਂ ਨਸਲਾਂ ਆਬਾਦੀ ਵਿੱਚ ਗਿਰਾਵਟ ਦਾ ਅਨੁਭਵ ਕਰ ਰਹੀਆਂ ਹਨ। ਇਨ੍ਹਾਂ ਵਿੱਚੋਂ ਲਗਭਗ 22 ਪ੍ਰਤੀਸ਼ਤ ਜੀਵ ਅਲੋਪ ਹੋਣ ਦੀ ਕਗਾਰ 'ਤੇ ਹਨ। ਸੀ.ਐਮ.ਐਸ. ਸੂਚੀ ਵਿੱਚ ਸ਼ਾਮਲ ਲਗਭਗ ਸਾਰੀਆਂ ਮੱਛੀਆਂ ਦੀਆਂ ਕਿਸਮਾਂ ਦੇ ਵਿਨਾਸ਼ ਦੇ ਖ਼ਤਰੇ ਵਿੱਚ ਹਨ।

ਵਾਸਤਵ ਵਿੱਚ, ਕਿਉਂਕਿ ਪਰਵਾਸੀ ਪ੍ਰਜਾਤੀਆਂ ਇੰਨੀ ਲੰਬੀ ਦੂਰੀ ਦੀ ਯਾਤਰਾ ਕਰਦੀਆਂ ਹਨ, ਉਹਨਾਂ ਨੂੰ ਆਪਣੇ ਲੰਬੇ ਸਫ਼ਰ ਦੌਰਾਨ ਮਨੁੱਖ ਦੁਆਰਾ ਬਣਾਈਆਂ ਰੁਕਾਵਟਾਂ ਅਤੇ ਖ਼ਤਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸ਼ਿਕਾਰ, ਰੌਸ਼ਨੀ ਪ੍ਰਦੂਸ਼ਣ ਅਤੇ ਵੱਡੀਆਂ ਇਮਾਰਤਾਂ ਇਨ੍ਹਾਂ ਪੰਛੀਆਂ ਲਈ ਸਭ ਤੋਂ ਵੱਡਾ ਖ਼ਤਰਾ ਹਨ। ਸ਼ਿਕਾਰੀ ਹਰ ਸਾਲ ਮੈਡੀਟੇਰੀਅਨ ਸਾਗਰ ਵਿੱਚ ਲੱਖਾਂ ਪਰਵਾਸੀ ਪੰਛੀਆਂ ਨੂੰ ਮਾਰ ਦਿੰਦੇ ਹਨ। ਇਮਾਰਤਾਂ ਨਾਲ ਟਕਰਾਉਣ ਕਾਰਨ ਹਰ ਸਾਲ ਇੱਕ ਅਰਬ ਤੋਂ ਵੱਧ ਪੰਛੀਆਂ ਦੀ ਮੌਤ ਹੋ ਜਾਂਦੀ ਹੈ।

ਪ੍ਰਦੂਸ਼ਣ ਅਤੇ ਮੱਛੀਆਂ ਫੜਨ ਕਾਰਨ ਜਲ ਜੀਵ ਵੀ ਖ਼ਤਰੇ ਵਿੱਚ ਹਨ। ਜਦੋਂ ਕਿ ਜ਼ਮੀਨ 'ਤੇ ਘੁੰਮਣ ਵਾਲੇ ਜਾਨਵਰਾਂ ਨੂੰ ਸੜਕਾਂ ਅਤੇ ਵਾੜ ਵਰਗੀਆਂ ਮਨੁੱਖ ਦੁਆਰਾ ਬਣਾਈਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਖੇਤਾਂ ਦੀ ਕੰਡਿਆਲੀ ਤਾਰ ਕਾਰਨ ਜੰਗਲੀ ਜਾਨਵਰਾਂ ਦੇ ਪ੍ਰਵਾਸ ਲਈ ਕੁਝ ਰਸਤੇ ਪੂਰੀ ਤਰ੍ਹਾਂ ਬੰਦ ਹੋ ਗਏ ਹਨ।

ਗੈਰ-ਕਾਨੂੰਨੀ ਤੌਰ 'ਤੇ ਸ਼ਿਕਾਰ ਕਰਨਾ, ਮੱਛੀਆਂ ਫੜਨ ਅਤੇ ਮੱਛੀਆਂ ਦੀ ਹੱਤਿਆ ਨੇ ਪ੍ਰਵਾਸੀ ਪ੍ਰਜਾਤੀਆਂ ਲਈ ਖ਼ਤਰਾ ਵਧਾ ਦਿੱਤਾ ਹੈ। ਨਾਲ ਹੀ, ਮਨੁੱਖ ਖੇਤੀ ਵਾਲੀ ਜ਼ਮੀਨ ਤਿਆਰ ਕਰਨ, ਸ਼ਹਿਰ ਬਣਾਉਣ ਜਾਂ ਬੁਨਿਆਦੀ ਢਾਂਚੇ ਦਾ ਵਿਸਤਾਰ ਕਰਨ ਲਈ ਜੰਗਲਾਂ ਨੂੰ ਤਬਾਹ ਕਰ ਰਹੇ ਹਨ। ਇਸ ਕਾਰਨ ਪ੍ਰਵਾਸੀ ਪਸ਼ੂਆਂ ਦਾ ਰਹਿਣ-ਸਹਿਣ ਤਬਾਹ ਹੋ ਰਿਹਾ ਹੈ।

ਸਫ਼ਰ ਦੌਰਾਨ ਜਾਨਵਰਾਂ ਨੂੰ ਆਰਾਮ ਅਤੇ ਭੋਜਨ ਦੀ ਲੋੜ ਹੁੰਦੀ ਹੈ, ਪਰ ਉਨ੍ਹਾਂ ਦੇ ਕੁਦਰਤੀ ਨਿਵਾਸ ਸਥਾਨ ਨੂੰ ਤਬਾਹ ਕੀਤਾ ਜਾ ਰਿਹਾ ਹੈ। ਇਸ ਕਾਰਨ ਉਨ੍ਹਾਂ ਨੂੰ ਪੂਰਾ ਭੋਜਨ ਨਹੀਂ ਮਿਲਦਾ। ਅਜਿਹੀ ਸਥਿਤੀ ਵਿੱਚ, ਉਹ ਥਕਾਵਟ ਅਤੇ ਭੁੱਖ ਕਾਰਨ ਮਰ ਵੀ ਸਕਦੇ ਹਨ। ਇਸ ਸਭ ਦੇ ਵਿਚਕਾਰ, ਮੌਸਮ ਵਿੱਚ ਤਬਦੀਲੀ ਕਾਰਨ ਮੌਸਮ ਦੇ ਪੈਟਰਨ ਵੀ ਬਦਲ ਰਹੇ ਹਨ। ਇਸ ਕਾਰਨ ਉਨ੍ਹਾਂ ਨੂੰ ਇਹ ਫੈਸਲਾ ਕਰਨ ਵਿੱਚ ਦਿੱਕਤ ਆ ਰਹੀ ਹੈ ਕਿ ਉਨ੍ਹਾਂ ਨੂੰ ਆਪਣੀ ਯਾਤਰਾ ਕਦੋਂ ਸ਼ੁਰੂ ਕਰਨੀ ਚਾਹੀਦੀ ਹੈ।

ਹਾਲਾਂਕਿ, ਜਲਵਾਯੂ ਪਰਿਵਰਤਨ ਅਤੇ ਨਿਵਾਸ ਸਥਾਨਾਂ ਦੇ ਨੁਕਸਾਨ ਕਾਰਨ ਪਰਵਾਸੀ ਪ੍ਰਜਾਤੀਆਂ ਲਈ ਖ਼ਤਰਾ ਪੂਰੀ ਤਰ੍ਹਾਂ ਖਤਮ ਨਹੀਂ ਹੋਇਆ ਹੈ। ਸੰਭਾਲ ਸਮੂਹਾਂ ਦਾ ਕਹਿਣਾ ਹੈ ਕਿ ਪਰਵਾਸੀ ਜਾਨਵਰਾਂ ਦੀ ਸੁਰੱਖਿਆ ਲਈ ਹੋਰ ਬਹੁਤ ਕੁਝ ਕਰਨ ਦੀ ਲੋੜ ਹੈ। ਇਸ ਵਿੱਚ ਉਹਨਾਂ ਦੇ ਕੁਦਰਤੀ ਨਿਵਾਸ ਸਥਾਨ ਨੂੰ ਬਹਾਲ ਕਰਨਾ ਅਤੇ ਉਹਨਾਂ ਦੇ ਰਾਹ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨਾ ਸ਼ਾਮਲ ਹੈ। ਇਹ ਪਰਵਾਸੀ ਜੀਵ ਵਾਤਾਵਰਣ ਪ੍ਰਣਾਲੀ ਵਿੱਚ ਮਹੱਤਵਪੂਰਨ ਭੂਮਿਕਾਵਾਂ ਨਿਭਾਉਂਦੇ ਹਨ, ਜਿਵੇਂ ਕਿ ਪੌਦਿਆਂ ਨੂੰ ਪਰਾਗਿਤ ਕਰਨਾ, ਬੀਜ ਫੈਲਾਉਣਾ ਆਦਿ। ਇਸ ਤੋਂ ਇਲਾਵਾ ਇਨ੍ਹਾਂ ਦਾ ਸੱਭਿਆਚਾਰਕ ਮਹੱਤਵ ਵੀ ਹੈ। ਉਹ ਲੋਕਾਂ ਦੀਆਂ ਕਹਾਣੀਆਂ ਅਤੇ ਪਰੰਪਰਾਵਾਂ ਲਈ ਵੀ ਮਹੱਤਵਪੂਰਨ ਹਨ। ਉਨ੍ਹਾਂ ਨੇ ਸਦੀਆਂ ਤੋਂ ਚਿੱਤਰਕਾਰੀ, ਕਹਾਣੀਆਂ ਅਤੇ ਇੱਥੋਂ ਤੱਕ ਕਿ ਧਾਰਮਿਕ ਮਾਨਤਾਵਾਂ ਨੂੰ ਸਥਾਪਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

### ਆਲਮੀ ਸੰਧੀ ਤਹਿਤ ਇਕੱਠੇ ਹੋਏ ਵਿਗਿਆਨੀ

ਸੰਯੁਕਤ ਰਾਸ਼ਟਰ ਦੀ ਅਗਵਾਈ ਵਿੱਚ ਸਮਰਕੰਦ ਵਿਖੇ 12 ਤੋਂ 17 ਫਰਵਰੀ 2024 ਦੌਰਾਨ ਅੰਤਰਰਾਸ਼ਟਰੀ ਸੰਧੀ 'ਕਨਵੈਨਸ਼ਨ ਆਨ ਦ ਕੰਜ਼ਰਵੇਸ਼ਨ ਆਫ਼ ਮਾਈਗ੍ਰੇਟਰੀ ਸਪੀਸੀਜ਼ ਆਫ਼ ਵਾਈਲਡ ਐਨੀਮਲਜ਼' (ਸੀ.ਐਮ.ਐਸ.)ਤਹਿਤ ਦੁਨੀਆਂ ਭਰ ਦੀਆਂ ਸਰਕਾਰਾਂ ਦੇ ਨਾਲ-ਨਾਲ ਜੰਗਲੀ ਜੀਵ ਸੰਸਥਾਵਾਂ ਅਤੇ ਵਿਗਿਆਨੀ ਵੀ ਇਕੱਠੇ ਹੋਏ। ਇਸ ਮੌਕੇ ਸੰਯੁਕਤ ਰਾਸ਼ਟਰ ਵੱਲੋਂ ਪ੍ਰਵਾਸੀ ਪ੍ਰਜਾਤੀਆਂ 'ਤੇ ਜਾਰੀ ਪਹਿਲੀ ਰਿਪੋਰਟ ਅਨੁਸਾਰ ਦੁਨੀਆਂ ਭਰ ਵਿੱਚ ਪ੍ਰਵਾਸੀ ਪ੍ਰਜਾਤੀਆਂ ਨੂੰ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੇਕਰ ਇਨ੍ਹਾਂ ਵੱਲ ਤੁਰੰਤ ਧਿਆਨ ਨਾ ਦਿੱਤਾ ਗਿਆ ਤਾਂ ਇਨ੍ਹਾਂ ਵਿੱਚੋਂ 22 ਫੀਸਦੀ ਪ੍ਰਜਾਤੀਆਂ ਜਲਦੀ ਹੀ ਅਲੋਪ ਹੋ ਸਕਦੀਆਂ ਹਨ। ਇਸਦਾ ਮਤਲਬ ਇਹ ਹੈ ਕਿ ਦੁਨੀਆ ਵਿੱਚ ਹਰ ਪੰਜਵੀਂ ਪ੍ਰਵਾਸੀ ਪ੍ਰਜਾਤੀ ਦੇ ਵਿਨਾਸ਼ ਦੇ ਖ਼ਤਰੇ ਵਿੱਚ ਹੈ।

ਇੰਨਾ ਹੀ ਨਹੀਂ, ਰਿਪੋਰਟ ਵਿੱਚ ਅੰਦਾਜ਼ਾ ਲਗਾਇਆ ਗਿਆ ਹੈ ਕਿ 44 ਫੀਸਦੀ ਪਰਵਾਸੀ ਪ੍ਰਜਾਤੀਆਂ ਦੀ ਆਬਾਦੀ ਘਟ ਰਹੀ ਹੈ। ਹਾਲਾਂਕਿ, ਕੁਝ ਸਪੀਸੀਜ਼ ਵਿੱਚ ਵਾਧਾ ਵੀ ਦੇਖਿਆ ਗਿਆ ਹੈ। ਰਿਪੋਰਟ ਮੁਤਾਬਕ ਸਭ ਤੋਂ ਵੱਡਾ ਖ਼ਤਰਾ ਪਰਵਾਸੀ ਮੱਛੀਆਂ ਨੂੰ ਹੈ, ਜਿਨ੍ਹਾਂ ਦੀਆਂ 97 ਫੀਸਦੀ ਪ੍ਰਜਾਤੀਆਂ ਦੇ ਲੁਪਤ ਹੋਣ ਦਾ ਖ਼ਤਰਾ ਹੈ।

ਇਹ ਸੰਧੀ 1979 ਵਿੱਚ ਲਾਗੂ ਕੀਤੀ ਗਈ ਸੀ। ਅੱਜ ਦੁਨੀਆ ਦੇ 133 ਦੇਸ਼ ਇਸ ਦੇ ਮੈਂਬਰ ਹਨ। ਇਸ ਸੰਧੀ ਦੇ ਤਹਿਤ ਲਗਭਗ 1,189 ਪ੍ਰਵਾਸੀ ਪ੍ਰਜਾਤੀਆਂ ਦੀ ਨਿਗਰਾਨੀ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਇਸ ਰਿਪੋਰਟ ਵਿੱਚ 3000 ਹੋਰ ਪਰਵਾਸੀ ਪ੍ਰਜਾਤੀਆਂ ਦਾ ਵੀ ਅਧਿਐਨ ਕੀਤਾ ਗਿਆ ਹੈ।





# ਕਿਤਾਬ ਸਮੀਖਿਆ



**ਡਾ. ਹਰਦੇਵ ਸਿੰਘ**
ਮੁਖੀ
ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ
ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਿਹਗੜ੍ਹ ਸਾਹਿਬ

## ਲੇਖਕ: ਅਜਮੇਰ ਸਿੰਘ
## ਕਿਤਾਬ: ਖਾੜਕੂ ਲਹਿਰਾਂ ਦੇ ਅੰਗ ਸੰਗ
## ਸਮੀਖਿਆਕਾਰ: ਡਾ. ਹਰਦੇਵ ਸਿੰਘ




ਮਕਬੂਲ ਲੇਖਕਾਂ ਨੂੰ ਘੇਰਨ ਦਾ ਰੂੜ ਹੋ ਚੁੱਕਿਆ ਇਕ ਤਰੀਕਾ ਉਹਨਾਂ ਦੇ ਪਿਛੋਕੜ ਉੱਪਰ ਸਵਾਲੀਆ ਨਿਸ਼ਾਨ ਲਗਾਉਣਾ ਹੈ। ਕਈ ਵਾਰੀ ਇਹ ਸਵਾਲੀਆ ਨਿਸ਼ਾਨ ਨਿਰੋਲ ਕਲਪਨਾ ਵਿੱਚੋਂ ਵੀ ਸਿਰਜ ਲਿਆ ਜਾਂਦਾ ਹੈ ਪਰ ਕਈ ਵਾਰੀ ਸਬੰਧਿਤ ਲੇਖਕ ਦਾ ਪਿਛੋਕੜ ਸੱਚਮੁੱਚ ਹੀ ਗੁੰਝਲਦਾਰ ਹੁੰਦਾ ਹੈ ਜਿਸ ਨੂੰ ਗਲਤ ਢੰਗ ਨਾਲ ਵਿਆਖਿਆਉਣ ਦੀ ਸੰਭਾਵਨਾ ਮੌਜੂਦ ਹੁੰਦੀ ਹੈ ਅਤੇ ਜਿਸ ਬਹਾਨੇ ਵਿਰੋਧੀਆਂ ਵੱਲੋਂ ਉਸ ਦੇ ਵਿਚਾਰ ਨੂੰ ਰੱਦਣ ਜਾਂ ਸ਼ੱਕੀ ਗਰਦਾਨਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਨਕਸਲਬਾੜੀ ਲਹਿਰ ਅਤੇ ਖੱਬੇ ਪੱਖੀ ਵਿਚਾਰਧਾਰਾ ਨਾਲ ਪਿਛੋਕੜ ਜੁੜਦਾ ਹੋਣ ਕਰਕੇ ਸ ਅਜਮੇਰ ਸਿੰਘ ਦੇ ਪ੍ਰਸੰਗ ਵਿੱਚ ਵੀ ਇਹ ਔਕੜ ਪੇਸ਼ ਆਉਂਦੀ ਰਹੀ ਹੈ। ਬੇਸ਼ੱਕ ਲੇਖਕ ਅਜਿਹੇ ਕੁਤਰਕਾਂ ਅਤੇ ਵਿਰੋਧੀਆਂ ਦੇ ਹੱਲੇ ਦੀ ਪਰਵਾਹ ਨਾ ਕਰੇ ਪਰ ਫਿਰ ਵੀ ਉਸ ਵੱਲੋਂ ਪੇਸ਼ ਕੀਤੇ ਗਏ ਵਿਚਾਰ ਅਤੇ ਤੱਥ ਦੀ ਪ੍ਰਮਾਣਿਕਤਾ ਬਾਰੇ ਪਾਠਕਾਂ ਦੇ ਮਨ ਵਿੱਚ ਸ਼ੰਕਾ ਜ਼ਰੂਰ ਪੈਦਾ ਹੁੰਦੀ ਹੈ। ਇਸ ਨੁਕਤੇ ਦਾ ਇੱਕ ਪੱਖ ਹੋਰ ਵੀ ਹੈ। 18ਵੀਂ ਅਤੇ 19ਵੀਂ ਸਦੀ ਦੌਰਾਨ ਰਚੇ ਗਏ ਸਿੱਖ ਗ੍ਰੰਥਾਂ ਦੇ ਰਚਨਾਕਾਰਾਂ ਦੇ ਉਦਾਸੀ ਜਾਂ ਨਿਰਮਲ ਸੰਪਰਦਾਈ ਪਿਛੋਕੜ ਅਤੇ ਸਮਕਾਲੀ ਹਾਲਾਤ ਤੋਂ ਅਣਜਾਣ ਸੁਹਿਰਦ ਪਾਠਕ ਦੇ ਮਨ ਵਿੱਚ ਵੀ ਕਈ ਵਾਰ ਪੂਰੀ ਰਚਨਾ ਬਾਰੇ ਸ਼ੰਕਾ ਖੜ੍ਹਾ ਹੋ ਜਾਂਦਾ ਹੈ। ਪ੍ਰਸਿੱਧ ਇਤਿਹਾਸ-ਸ਼ਾਸਤਰੀ ਈ.ਐਚ. ਕਾਰ ਦਾ ਕਥਨ ਹੈ, 'ਤੱਥਾਂ ਦਾ ਅਧਿਐਨ ਕਰਨ ਤੋਂ ਪਹਿਲਾਂ ਇਤਿਹਾਸਕਾਰ ਦਾ ਅਧਿਐਨ ਕਰੋ'। ਵੈਸੇ ਇਹ ਕਥਨ ਇਤਿਹਾਸ ਤੋਂ ਇਲਾਵਾ ਸਮਾਜ-ਵਿਗਿਆਨ ਦੇ ਲਗਭਗ ਹਰੇਕ ਅਨੁਸ਼ਾਸਨ ਵਿਚ ਲਾਗੂ ਹੁੰਦਾ ਹੈ।

ਪਿਛਲੀ ਇੱਕ ਸਦੀ ਦੌਰਾਨ ਖਾਲਸਾ ਪੰਥ ਨੇ ਗੁਰਦੁਆਰਾ ਸੁਧਾਰ ਲਹਿਰ ਅਤੇ ਪੰਜਾਬੀ ਸੂਬੇ ਦੀ ਸਥਾਪਨਾ ਦੇ ਰੂਪ ਵਿੱਚ ਦੋ ਸਫਲ ਮੋਰਚੇ ਲੜੇ ਹਨ। ਇਹਨਾਂ ਫਤਿਹਯਾਬ ਮੋਰਚਿਆਂ ਸਬੰਧੀ ਚੰਗਾ ਅਤੇ ਉਸਾਰੂ ਸਾਹਿਤ ਵੀ ਰਚਿਆ ਹੈ। ਦੂਜੇ ਪਾਸੇ ਧਰਮ ਯੁੱਧ ਮੋਰਚੇ ਅਤੇ ਖਾੜਕੂ ਲਹਿਰ ਦੀ ਦਿਸਦੇ ਰੂਪ ਵਿੱਚ ਹੋਈ ਹਾਰ ਪਿੱਛੋਂ ਵਿਰੋਧੀਆਂ ਵੱਲੋਂ ਤਾਂ ਲਗਾਤਾਰ ਲਿਖਤਾਂ ਸਾਹਮਣੇ ਆ ਰਹੀਆਂ ਹਨ ਪਰ ਸਿੱਖ ਪੱਖ ਨੂੰ ਪੇਸ਼ ਕਰਦੀਆਂ ਰਚਨਾਵਾਂ ਬਹੁਤ ਥੋੜੀਆਂ ਹਨ ਜਿਹਨਾਂ ਵਿੱਚੋਂ ਸ ਅਜਮੇਰ ਸਿੰਘ ਦੀ ਰਚਨਾ ਨੂੰ ਪਹਿਲੇ ਦਰਜੇ ਦੀਆਂ ਲਿਖਤਾਂ ਵਿੱਚ ਗਿਣਿਆ ਜਾ ਸਕਦਾ।

ਵਿਚਾਰਨ ਵਾਲਾ ਤੱਥ ਇਹ ਹੈ ਕਿ ਜੇਕਰ ਸੱਚਮੁੱਚ ਸੰਤ ਜਰਨੈਲ ਸਿੰਘ ਅਤੇ ਖਾੜਕੂ ਸੰਘਰਸ਼ ਦੀ ਹਾਰ ਹੋਈ ਹੈ ਅਤੇ ਇਸ ਦੌਰ ਨੂੰ ਯਾਦ ਕਰਨ ਦੀ ਹੁਣ ਕੋਈ ਲੋੜ ਨਹੀਂ ਹੈ ਤਾਂ ਵਿਰੋਧੀ ਪੱਖ ਵੱਲੋਂ ਇਸ ਪ੍ਰਥਾਏ ਇੰਨੇ ਵੱਡੇ ਪੱਧਰ ਤੇ ਲਗਾਤਾਰ ਸਾਹਿਤ ਰਚਨਾ ਕਿਸ ਉਦੇਸ਼ ਨਾਲ ਜਾਂ ਕਿਸ ਡਰ ਵਿੱਚੋਂ ਕੀਤੀ ਜਾ ਰਹੀ ਹੈ ? ਇਸ ਲਈ ਸ ਅਜਮੇਰ ਸਿੰਘ ਨੂੰ ਬਤੌਰ ਇਤਿਹਾਸਕਾਰ ਜਾਂ ਲੇਖਕ ਜਾਨਣਾ ਵਧੀਕ ਅਹਿਮ ਬਣ ਜਾਂਦਾ ਹੈ ਕਿਉਂਕਿ ਉਹ ਖਾੜਕੂ ਸੰਘਰਸ਼ ਸਬੰਧੀ ਸਿੱਖ ਪੱਖ ਨੂੰ ਸਿਲਸਿਲੇਵਾਰ ਅਤੇ ਤਰਕਪੂਰਨ ਢੰਗ ਨਾਲ ਪੇਸ਼ ਕਰਨ ਵਾਲਾ ਪ੍ਰਮੁੱਖ ਰਚਨਾਕਾਰ ਹੈ। ਇਸ ਕਰਕੇ ਹੱਥਲੀ ਰਚਨਾ ਦਾ ਅਜਮੇਰ ਸਿੰਘ ਵੱਲੋਂ ਹੁਣ ਤੱਕ ਲਿਖੀਆਂ ਗਈਆਂ ਕਿਤਾਬਾਂ ਦੀ ਪੜ੍ਹਤ ਅਤੇ ਪ੍ਰਮਾਣਕਤਾ ਨਾਲ ਅਟੁੱਟ ਸਬੰਧ ਹੈ। ਖਾਸ ਗੱਲ ਇਹ ਹੈ ਕਿ 'ਖਾੜਕੂ ਲਹਿਰਾਂ ਦੇ ਅੰਗ ਸੰਗ' ਸਿਰਫ ਸਵੈ-ਜੀਵਨੀ ਨਹੀਂ ਸਗੋਂ ਨਿਜੀ ਤਜਰਬੇ ਦੇ ਅਧਾਰ ਤੇ ਨਕਸਲਬਾੜੀ ਅਤੇ ਖਾੜਕੂ ਲਹਿਰ ਦਾ ਲੇਖਾ-ਜੋਖਾ ਅਤੇ ਕੁਝ ਬਹੁਤ ਅਹਿਮ ਸਬਕ ਵੀ ਪੇਸ਼ ਕਰਦੀ ਹੈ। ਖਾੜਕੂ ਲਹਿਰਾਂ ਦੀ ਸਭ ਤੋਂ ਵੱਡੀ ਤਾਕਤ ਲੋਕ ਆਧਾਰ ਹੁੰਦਾ ਹੈ, ਜੋ ਡਰਾ-ਧਮਕਾ ਕੇ ਨਹੀਂ ਸਗੋਂ ਨਿਸ਼ਾਨੇ ਪ੍ਰਤੀ ਦ੍ਰਿੜ੍ਹਤਾ, ਪਿਆਰ ਅਤੇ ਸੇਵਾ ਰਾਹੀਂ ਹਾਸਲ ਕੀਤਾ ਜਾਂਦਾ ਹੈ। ਟੀਚੇ ਅਤੇ ਪਹੁੰਚ ਸਬੰਧੀ ਸਪਸ਼ਟਤਾ ਦੀ ਘਾਟ ਲਹਿਰਾਂ ਦੇ ਦਿਸ਼ਾਹੀਨ ਹੋਣ ਦਾ ਸਭ ਤੋਂ ਅਹਿਮ ਕਾਰਕ ਹੁੰਦਾ ਹੈ।

ਲਹਿਰ ਦੇ ਵੇਗ ਵਿੱਚ ਕੀਤੀ ਗਈ ਇੱਕ ਬੇਅਸੂਲੀ ਵਾਰਦਾਤ ਦਾ ਸਿੱਟਾ ਬਹੁਤ ਦੂਰਗਾਮੀ ਅਤੇ ਭਿਆਨਕ ਨਿਕਲ ਸਕਦਾ ਹੈ। ਨਕਸਲਬਾੜੀ ਲਹਿਰ ਮੌਕੇ ਸ ਅਜਮੇਰ ਸਿੰਘ ਨੂੰ ਹਿਰਾਸਤ ਵਿੱਚੋਂ ਛੁੜਾਉਣ ਲਈ ਇਕ ਪੁਲਿਸ ਮੁਲਾਜ਼ਮ ਦੇ ਹੋਏ ਬੇਲੋੜੇ ਕਤਲ ਦੇ ਸਿੱਟੇ ਵਜੋਂ ਉਸ ਦਾ ਪੁੱਤਰ ਇੱਕ ਜ਼ਾਲਮ ਪੁਲਿਸ ਅਫਸਰ ਵਜੋਂ ਸਾਹਮਣੇ ਆਉਂਦਾ ਹੈ ਜਿਸ ਦਾ ਮੁੱਲ ਖਾੜਕੂ ਲਹਿਰ ਦੌਰਾਨ ਕਿੰਨੇ ਹੀ ਨਿਰਦੋਸ਼ ਸਿੱਖਾਂ ਨੂੰ ਤਾਰਨਾ ਪਿਆ।

ਲੇਖਕ ਦੇ ਨਿਜੀ ਤਜਰਬੇ ਵਿੱਚੋਂ ਇੱਕ ਚੰਗਾ ਜਥੇਬੰਦਕ ਕਾਰਕੁਨ, ਆਗੂ, ਲੇਖਕ ਅਤੇ ਵਕਤਾ ਬਣਨ ਲਈ ਪੇਸ਼ ਆਉਣ ਵਾਲੀਆਂ ਮਾਨਸਕ, ਸਰੀਰਕ, ਸਮਾਜਕ ਅਤੇ ਵਿਚਾਰਧਾਰਕ ਔਕੜਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। 544 ਸਫ਼ਿਆਂ ਦੀ ਇਸ ਵੱਡ-ਆਕਾਰੀ ਰਚਨਾ ਨੂੰ 53 ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਲੇਖਕ ਦਾ ਜੀਵਨ ਇੰਨੇ ਵਨ ਸੁਵੰਨੇ ਤਜਰਬਿਆਂ ਨਾਲ ਭਰਿਆ ਪਿਆ ਹੈ ਕਿ ਰਚਨਾ ਦੇ ਸ਼ੁਰੂ ਵਿੱਚ ਦਰਜ ਕੀਤਾ ਗਿਆ ਗੁਰਬਾਣੀ ਦਾ ਇਹ ਪਾਵਨ ਸ਼ਬਦ 'ਮਤਾ ਕਰੈ ਪੱਛਮ ਕੈ ਤਾਈ ਪੂਰਬ ਹੀ ਲੈ ਜਾਤ' ਮੂਰਤੀਮਾਨ ਹੁੰਦਾ ਜਾਪਦਾ ਹੈ। ਸਿੰਘ ਬ੍ਰਦਰਸ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਇਸ ਪੁਸਤਕ ਦੀ ਕੀਮਤ 750 ਰੁਪਏ ਰੱਖੀ ਗਈ ਹੈ। ਆਸ ਹੈ ਪਾਠਕ ਇਸ ਪੁਸਤਕ ਦਾ ਭਰਪੂਰ ਲਾਹਾ ਲੈਣਗੇ।



# ਕੁਦਰਤੀ ਕੀਟਨਾਸ਼ਕਾਂ ਦੀ ਵਰਤੋਂ ਕਰਨ ਦੀ ਲੋੜ

ਕਿਸਾਨ ਲੰਬੇ ਸਮੇਂ ਤੋਂ ਆਪਣੀਆਂ ਫਸਲਾਂ ਨੂੰ ਕੀੜਿਆਂ ਤੋਂ ਬਚਾਉਣ ਲਈ ਜ਼ਹਿਰੀਲੇ ਰਸਾਇਣਕ ਕੀਟਨਾਸ਼ਕਾਂ 'ਤੇ ਨਿਰਭਰ ਕਰਦੇ ਸਨ, ਹੁਣ ਕੁਦਰਤੀ ਜੈਵਿਕ ਕੀਟਨਾਸ਼ਕਾਂ ਵੱਲ ਮੁੜ ਰਹੇ ਹਨ। ਪਰ ਕੀ ਕੁਦਰਤੀ ਕੀਟਨਾਸ਼ਕ ਪ੍ਰਭਾਵਸ਼ਾਲੀ ਹਨ ?

ਪ੍ਰਾਚੀਨ ਪਰਸ਼ੀਆ (ਅੱਜ ਦਾ ਇਰਾਨ) ਵਿੱਚ, ਕੁਦਰਤੀ ਕੀਟਨਾਸ਼ਕ ਪਾਈਰੇਥ੍ਰਮ, ਸੁੱਕੇ ਕ੍ਰਾਈਸੈਂਥੇਮਮ ਦੇ ਫੁੱਲਾਂ ਤੋਂ ਤਿਆਰ ਕੀਤੇ ਗਏ, ਖਾਣ ਵਾਲੇ ਪੌਦਿਆਂ 'ਤੇ ਹਮਲਾ ਕਰਨ ਵਾਲੇ ਕੀੜਿਆਂ ਨੂੰ ਮਾਰਨ ਲਈ ਵਰਤਿਆ ਜਾਂਦਾ ਸੀ। ਬਾਅਦ ਵਿੱਚ ਇਸ ਦੀ ਵਰਤੋਂ ਜੂੰਆਂ ਨੂੰ ਮਾਰਨ ਲਈ ਕੀਤੀ ਜਾਂਦੀ ਸੀ।

ਪਰ 20ਵੀਂ ਸਦੀ ਦੇ ਸ਼ੁਰੂ ਤੱਕ, ਫਲਾਂ, ਅਨਾਜਾਂ ਅਤੇ ਸਬਜ਼ੀਆਂ ਨੂੰ ਕੀੜਿਆਂ ਤੋਂ ਬਚਾਉਣ ਲਈ ਵੱਡੇ ਪੱਧਰ 'ਤੇ ਮੋਨੋਕਲਚਰ ਆਰਸੈਨਿਕ, ਗੰਧਕ ਜਾਂ ਤਾਂਬੇ ਵਾਲੇ ਰਸਾਇਣਾਂ 'ਤੇ ਨਿਰਭਰ ਹੋ ਗਏ ਸਨ।

ਉਨ੍ਹਾਂ ਸਾਰੇ ਰਸਾਇਣਕ ਕੀਟਨਾਸ਼ਕਾਂ ਦਾ ਜੈਵਿਕ ਪ੍ਰਣਾਲੀਆਂ ਅਤੇ ਮਨੁੱਖੀ ਸਿਹਤ 'ਤੇ ਬਹੁਤ ਗੰਭੀਰ ਪ੍ਰਭਾਵ ਪਿਆ। ਇਸੇ ਲਈ ਕੁਝ ਦੇਸ਼ਾਂ ਨੇ ਉਨ੍ਹਾਂ 'ਤੇ ਪਾਬੰਦੀ ਲਗਾ ਦਿੱਤੀ ਹੈ। ਯੂਰਪੀਅਨ ਯੂਨੀਅਨ ਵੀ ਲੰਬੇ ਸਮੇਂ ਤੋਂ ਚਿਤਾਵਨੀ ਦੇ ਰਿਹਾ ਹੈ ਪਰ ਗਲਾਈਫੋਸੇਟ ਨੂੰ ਗੈਰ-ਕਾਨੂੰਨੀ ਬਣਾਉਣ ਵਿੱਚ ਅਸਫਲ ਰਿਹਾ ਹੈ। ਇਹ ਰਸਾਇਣਕ ਕੀਟਨਾਸ਼ਕ ਜੈਵ ਵਿਭਿੰਨਤਾ ਲਈ ਖ਼ਤਰਾ ਹਨ ਅਤੇ ਕੈਂਸਰ ਦਾ ਕਾਰਨ ਵੀ ਹਨ। ਪਰ ਬਦਲ ਕੀ ਹੈ ?

ਪਾਇਰੇਥਰਮ ਜਾਂ ਨਿੰਮ ਤੋਂ ਬਣੇ ਅਸੈਂਸ਼ੀਅਲ ਆਇਲ ਵਰਗੇ ਪੌਦਿਆਂ ਦੇ ਉਤਪਾਦਾਂ ਤੋਂ ਤਿਆਰ ਕੀਤੇ ਬਾਇਓ-ਕੀਟਨਾਸ਼ਕ ਹੋਣ ਜਾਂ ਕੀਟਾਣੂਆਂ ਤੋਂ ਬਚਾਉਣ ਵਾਲੀਆਂ ਉੱਲੀ ਦੀਆਂ ਕਿਸਮਾਂ, ਇਹ ਸਾਰੀਆਂ ਚੀਜ਼ਾਂ ਦੁਨੀਆ ਭਰ ਵਿੱਚ ਪ੍ਰਸਿੱਧ ਹੋ ਰਹੀਆਂ ਹਨ। ਕਿਸਾਨ ਰਸਾਇਣਕ ਕੀਟਨਾਸ਼ਕਾਂ ਤੋਂ ਪਰਹੇਜ਼ ਕਰ ਰਹੇ ਹਨ।

ਨਿੰਮ ਦੇ ਦਰੱਖਤ ਵਿੱਚ ਵੱਡੀ ਗਿਣਤੀ ਵਿੱਚ ਲਿਮੋਨੋਇਡ ਪਾਏ ਜਾਂਦੇ ਹਨ, ਜੋ ਭਾਰਤ ਵਿੱਚ ਭਰਪੂਰ ਮਾਤਰਾ ਵਿੱਚ ਪਾਏ ਜਾਂਦੇ ਹਨ।




ਇਹ ਅਕਸਰ ਨਿੰਬੂ ਜਾਤੀ ਦੇ ਪੌਦਿਆਂ ਵਿੱਚ ਪਾਏ ਜਾਂਦੇ ਹਨ ਅਤੇ ਆਪਣੇ ਕੀਟਨਾਸ਼ਕ ਗੁਣਾਂ ਲਈ ਮਸ਼ਹੂਰ ਹਨ। ਤੇਲ ਦੇ ਰੂਪ ਵਿੱਚ ਇਸ ਦੀ ਵਰਤੋਂ ਕਰਨ ਨਾਲ ਕੀੜੇ-ਮਕੌੜੇ ਨੇੜੇ ਉੱਡਣ ਤੋਂ ਰੋਕਦੇ ਹਨ।

ਉਦਾਹਰਨ ਲਈ, ਕੁਦਰਤੀ ਕੀਟਨਾਸ਼ਕ ਟਿੱਡੀਆਂ ਨੂੰ ਨਿਯੰਤਰਿਤ ਕਰਨ ਅਤੇ ਫਸਲਾਂ ਨੂੰ ਤਬਾਹ ਕਰਨ ਵਾਲੇ ਟਿੱਡਿਆਂ ਦੇ ਝੁੰਡ ਦੇ ਗਠਨ ਨੂੰ ਰੋਕਣ ਵਿੱਚ ਪ੍ਰਭਾਵਸ਼ਾਲੀ ਹੁੰਦੇ ਹਨ।ਰੋਜ਼ਮੇਰੀ ਤੇਲ ਵੀ ਐਫੀਡਜ਼ ਦੇ ਵਿਰੁੱਧ ਇੱਕ ਸ਼ਾਨਦਾਰ ਪ੍ਰਤੀਰੋਧੀ ਸਾਬਤ ਹੋਇਆ ਹੈ ਜੋ ਵਿਕਾਸ ਨੂੰ ਰੋਕਦਾ ਹੈ ਅਤੇ ਕਈ ਕਿਸਮਾਂ ਦੇ ਅਨਾਜ ਅਤੇ ਸਬਜ਼ੀਆਂ ਦੀਆਂ ਕਿਸਮਾਂ ਦੇ ਵਿਕਾਸ ਨੂੰ ਵਿਗਾੜਦਾ ਹੈ।

ਇਸ ਦੌਰਾਨ ਦੱਖਣੀ ਭਾਰਤ ਦੇ ਤਾਮਿਲਨਾਡੂ ਵਿੱਚ ਇੱਕ ਕਿਸਾਨ ਨੇ ਰਸਾਇਣਕ ਕੀਟਨਾਸ਼ਕਾਂ ਤੋਂ ਛੁਟਕਾਰਾ ਪਾਇਆ ਜੋ ਉਸਦੀ ਸਿਹਤ ਨੂੰ ਪ੍ਰਭਾਵਿਤ ਕਰ ਰਿਹਾ ਸੀ। ਹੁਣ ਉਹ ਗਊ ਦੇ ਮੂਤਰ ਅਤੇ ਘਰੇਲੂ ਲੀਕਾਂ (ਪਿਆਜ਼ ਦੀ ਕਿਸਮ ਦਾ ਪੌਦਾ) ਤੋਂ ਤਿਆਰ ਦਵਾਈ ਦਾ ਛਿੜਕਾਅ ਕਰਦੇ ਹਨ। ਉਸ ਦੀਆਂ ਜੈਵਿਕ ਫਸਲਾਂ ਵਧ-ਫੁੱਲ ਰਹੀਆਂ ਹਨ।

ਦਸੰਬਰ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਵਿੱਚ, ਆਸਟ੍ਰੇਲੀਅਨ ਖੋਜਕਰਤਾਵਾਂ ਨੇ ਦਿਖਾਇਆ ਕਿ ਕਿਵੇਂ ਨੀਲੇ-ਹਰੇ ਐਫੀਡਜ਼ ਨੇ ਰਸਾਇਣਕ ਕੀਟਨਾਸ਼ਕਾਂ ਦਾ ਵਿਰੋਧ ਕੀਤਾ ਹੈ। ਇਹ ਰੁਝਾਨ ਪੂਰੀ ਦੁਨੀਆ ਵਿੱਚ ਦੇਖਿਆ ਗਿਆ।

ਇਸ ਵਿਰੋਧ ਨੂੰ ਤੋੜਨ ਲਈ, ਖੋਜਕਰਤਾਵਾਂ ਨੇ ਗੈਰ-ਰਸਾਇਣਕ ਪੈਸਟ ਕੰਟਰੋਲ ਵਿਕਲਪਾਂ ਦੀ ਸਿਫ਼ਾਰਸ਼ ਕੀਤੀ। ਇਸ ਵਿੱਚ ਕੁਦਰਤੀ ਦੁਸ਼ਮਣਾਂ ਜਿਵੇਂ ਕਿ ਬੀਟਲ ਅਤੇ ਪੈਰਾਸਾਈਟਾਇਡ ਵੇਸਪ ਵੀ ਸ਼ਾਮਲ ਹੈ।

ਅਧਿਐਨ ਦੇ ਅਨੁਸਾਰ, ਬੈਕਟੀਰੀਆ ਦੇ ਨਵੇਂ ਰੂਪਾਂ ਦੀ ਵਰਤੋਂ ਮੱਛਰ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ ਸਫਲਤਾਪੂਰਵਕ ਰੋਕਥਾਮ ਲਈ ਇੱਕ ਹੋਰ ਵਿਕਲਪ ਹੈ। ਕੀਟ ਨਿਯੰਤਰਣ ਲਈ ਰਸਾਇਣਕ ਕੀਟਨਾਸ਼ਕਾਂ 'ਤੇ ਨਿਰਭਰ ਰਹਿਣ ਦੀ ਬਜਾਏ ਖੇਤਰ-ਵਿਸ਼ੇਸ਼ ਹੱਲ ਲਾਗੂ ਕੀਤੇ ਜਾਣੇ ਚਾਹੀਦੇ ਹਨ।

ਸੋਇਆ ਦੇ ਸਭ ਤੋਂ ਵੱਡੇ ਨਿਰਯਾਤਕ ਬ੍ਰਾਜ਼ੀਲ ਨੇ ਜੈਵਿਕ ਉੱਲੀ ਅਤੇ ਬੈਕਟੀਰੀਆ ਤੋਂ ਕੁਦਰਤੀ ਕੀਟਨਾਸ਼ਕ ਬਣਾਉਣ ਵਿੱਚ ਬਹੁਤ ਤਰੱਕੀ ਕੀਤੀ ਹੈ।

ਇਨ੍ਹਾਂ ਸੂਖਮ ਜੀਵਾਂ ਦੀ ਵਰਤੋਂ ਲਾਹੇਵੰਦ ਸਾਬਤ ਹੋਈ, ਇਨ੍ਹਾਂ ਦੀ ਬਦੌਲਤ ਸੋਇਆ ਦੀ ਫ਼ਸਲ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਨਾਲ ਨਜਿੱਠਦੇ ਹੋਏ ਚੰਗੀ ਤਰ੍ਹਾਂ ਵਧਣ ਲੱਗੀ।

ਸੰਯੁਕਤ ਰਾਸ਼ਟਰ ਦੇ ਖੁਰਾਕ ਅਤੇ ਖੇਤੀਬਾੜੀ ਸੰਗਠਨ ਦੇ ਅਨੁਸਾਰ, ਬ੍ਰਾਜ਼ੀਲ ਮੱਕੀ ਅਤੇ ਕਪਾਹ ਦਾ ਇੱਕ ਪ੍ਰਮੁੱਖ ਨਿਰਯਾਤਕ ਅਤੇ ਰਸਾਇਣਕ ਕੀਟਨਾਸ਼ਕਾਂ ਦਾ ਨੰਬਰ ਇੱਕ ਖਪਤਕਾਰ ਵੀ ਹੈ।

ਰਸਾਇਣਕ ਕੀਟਨਾਸ਼ਕਾਂ ਦੀ ਵਰਤੋਂ ਵਿੱਚ ਵਾਧੇ ਦੇ ਬਾਵਜੂਦ, ਬ੍ਰਾਜ਼ੀਲ ਵਿੱਚ ਬਾਇਓ ਕੀਟਨਾਸ਼ਕਾਂ ਦੀ ਵਿਕਰੀ ਸਾਰੇ ਕੀਟਨਾਸ਼ਕਾਂ ਵਿੱਚੋਂ ਦੁੱਗਣੀ ਤੋਂ ਵੱਧ ਹੋ ਗਈ ਹੈ। ਇਹ 2020 ਵਿੱਚ 4 ਪ੍ਰਤੀਸ਼ਤ ਤੋਂ ਵੱਧ ਕੇ 2022 ਵਿੱਚ 9 ਪ੍ਰਤੀਸ਼ਤ ਹੋ ਜਾਵੇਗਾ।

ਯੂ.ਐਸ. ਐਨਵਾਇਰਮੈਂਟਲ ਪ੍ਰੋਟੈਕਸ਼ਨ ਅਥਾਰਟੀ (ਈਪੀਏ) ਦਾ ਕਹਿਣਾ ਹੈ ਕਿ ਬੈਕਟੀਰੀਆ ਜਾਂ ਫੰਗਸ ਵਰਗੇ ਸੂਖਮ ਜੀਵਾਂ ਤੋਂ ਬਣੇ ਕੀਟਨਾਸ਼ਕ ਕਈ ਤਰ੍ਹਾਂ ਦੇ ਕੀੜਿਆਂ ਨੂੰ ਕੰਟਰੋਲ ਕਰ ਸਕਦੇ ਹਨ।

ਸਭ ਤੋਂ ਵੱਧ ਵਰਤਿਆ ਜਾਣ ਵਾਲਾ ਕੀਟਨਾਸ਼ਕ ਬੈਸੀਲਸ ਥੁਰਿੰਗੀਏਨਸਿਸ ਹੈ। ਇਹ ਪ੍ਰੋਟੀਨ ਦਾ ਮਿਸ਼ਰਣ ਪੈਦਾ ਕਰਦਾ ਹੈ ਜੋ ਕੀੜੇ ਦੇ ਲਾਰਵੇ ਦੀਆਂ ਕਈ ਸੰਬੰਧਿਤ ਕਿਸਮਾਂ ਨੂੰ ਮਾਰਨ ਦੇ ਸਮਰੱਥ ਹੈ।

ਈਪੀਏ ਦਾ ਕਹਿਣਾ ਹੈ ਕਿ ਅਜਿਹੇ ਬਾਇਓ ਕੀਟਨਾਸ਼ਕ ਨਾ ਸਿਰਫ਼ ਰਵਾਇਤੀ ਕੀਟਨਾਸ਼ਕਾਂ ਨਾਲੋਂ ਘੱਟ ਜ਼ਹਿਰੀਲੇ ਹੁੰਦੇ ਹਨ, ਸਗੋਂ ਉਹਨਾਂ ਦਾ ਨਿਸ਼ਾਨਾ ਕੀੜਿਆਂ ਅਤੇ ਉਹਨਾਂ ਦੇ ਨਜ਼ਦੀਕੀ ਜੀਵਾਂ 'ਤੇ ਵੀ ਸੀਮਤ ਪ੍ਰਭਾਵ ਹੁੰਦਾ ਹੈ।

ਇਹ ਸਥਾਨਕ ਵਰਤੋਂ ਲਈ ਤਿਆਰ ਕੀਤੇ ਗਏ ਪਰੰਪਰਾਗਤ ਕੀਟਨਾਸ਼ਕਾਂ ਦੇ ਉਲਟ ਹਨ, ਜੋ ਕਿ ਪੰਛੀਆਂ, ਕੀੜੇ-ਮਕੌੜੇ ਅਤੇ ਥਣਧਾਰੀ ਜੀਵਾਂ ਦੀ ਇੱਕ ਵਿਸ਼ਾਲ ਕਿਸਮ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਬਾਇਓ ਕੀਟਨਾਸ਼ਕ ਬਹੁਤ ਘੱਟ ਮਾਤਰਾ ਵਿੱਚ ਵੀ ਪ੍ਰਭਾਵਸ਼ਾਲੀ ਹੁੰਦੇ ਹਨ। ਇਸ ਤੋਂ ਇਲਾਵਾ, ਉਹ ਤੇਜ਼ੀ ਨਾਲ ਸੜ ਜਾਂਦੇ ਹਨ. ਰਵਾਇਤੀ ਕੀਟਨਾਸ਼ਕਾਂ ਦੇ ਉਲਟ, ਇਹ ਵਾਤਾਵਰਣ ਵਿੱਚ ਜ਼ਿਆਦਾ ਦੇਰ ਨਹੀਂ ਰਹਿੰਦੇ ਅਤੇ ਪ੍ਰਦੂਸ਼ਣ ਦਾ ਕਾਰਨ ਵੀ ਨਹੀਂ ਬਣਦੇ।

ਕੁਦਰਤੀ ਕੀਟਨਾਸ਼ਕਾਂ ਦੀ ਬਦੌਲਤ ਉਪਜ ਵਿੱਚ ਭਾਰੀ ਵਾਧਾ ਹੋ ਸਕਦਾ ਹੈ।



## 8 ਮਾਰਚ, ਅੰਤਰਰਾਸ਼ਟਰੀ ਇਸਤਰੀ ਦਿਵਸ 'ਤੇ ਵਿਸ਼ੇਸ਼

# 'ਸਿੱਖ ਧਰਮ ਵਿੱਚ ਇਸਤਰੀ'



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਅੰਤਰਰਾਸ਼ਟਰੀ ਇਸਤਰੀ ਦਿਵਸ ਨੂੰ ਪਹਿਲਾਂ ਕੰਮਕਾਜੀ ਇਸਤਰੀ ਦਿਵਸ ਕਿਹਾ ਜਾਂਦਾ ਸੀ। ਇਹ ਹਰ ਸਾਲ 8 ਮਾਰਚ ਨੂੰ ਮਨਾਇਆ ਜਾਂਦਾ ਹੈ। ਸੰਸਾਰ ਦੇ ਵੱਖ ਵੱਖ ਖੇਤਰਾਂ ਵਿੱਚ ਇਸਤਰੀ ਪ੍ਰਤੀ ਸਨਮਾਨ, ਪ੍ਰਸ਼ੰਸਾ ਅਤੇ ਪਿਆਰ ਪ੍ਰਗਟਾਉਂਦੇ ਹੋਏ, ਇਹ ਦਿਨ ਇਕ ਤਿਓਹਾਰ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਇਹ ਇਸਤਰੀ ਅਧਿਕਾਰ ਦੀ ਲਹਿਰ ਦਾ ਕੇਂਦਰ ਬਿੰਦੂ ਹੈ।

ਅਮਰੀਕਾ ਦੀ ਸਮਾਜਵਾਦੀ ਪਾਰਟੀ ਵਲੋਂ 28 ਫਰਵਰੀ, 1909 ਨੂੰ ਨਿਊਸਾਰਕ ਵਿਚ ਇਸ ਦਿਵਸ ਦਾ ਆਯੋਜਨ ਕੀਤਾ ਗਿਆ ਕਿ ਇਕ ਵਿਸ਼ੇਸ਼ ਇਸਤਰੀ ਦਿਨ ਸਾਲਾਨਾ ਆਯੋਜਿਤ ਕੀਤਾ ਜਾਣਾ ਚਾਹੀਦਾ ਹੈ। ਅਮਰੀਕਾ ਵਿਚ ਇਹ ਫਰਵਰੀ ਦੇ ਆਖਰੀ ਐਤਵਾਰ ਨੂੰ ਮਨਾਇਆ ਜਾਦਾ ਰਿਹਾ ਹੈ। ਹੁਣ 8 ਮਾਰਚ ਨੂੰ ਇਹ ਦਿਹਾੜਾ ਵਿਸ਼ਵ ਭਰ ਵਿਚ ਮਨਾਇਆ ਜਾਂਦਾ ਹੈ।

ਇਸ ਦਿਹਾੜੇ ਦੀ ਅਹਿਮੀਅਤ ਹੈ ਕਿ ਨਾਗਰਿਕ ਚੇਤਨਾ ਦੇ ਤੌਰ 'ਤੇ ਇਸਤਰੀਆਂ ਲੜਕੀਆਂ ਦਾ ਦਿਹਾੜਾ ਲਿੰਗਵਾਦ ਵਿਰੋਧ ਦਿਹਾੜਾ, ਹਰ ਸਾਲ ਮਨਾਏ ਜਾਂਦੇ ਦਿਵਸ ਦਾ ਇਕ ਵਿਸ਼ਾ ਹੁੰਦਾ ਹੈ। 2023 ਸਾਲ ਦਾ ਵਿਸ਼ਾ ਹੈ : 'Innovation and Technology for Gender Equality' ਬਰਾਬਰਤਾ ਦੇ ਸੰਸਾਰ ਦਾ ਨਿਰਮਾਣ ਹੋਵੇ। ਨਕਲੀ ਦਿਖਾਵੇ ਤੋਂ ਸੰਸਾਰ ਮੁਕਤ ਹੋਵੇ। ਰਵਾਇਤੀ ਕ੍ਰਮਕਾਂਡ ਦੂਰ ਹੋਣ। ਸੰਸਾਰ ਜੀਵਨ ਦੀਆਂ ਕਦਰਾਂ ਕੀਮਤਾਂ ਅਪਣਾਵੇ ਅਤੇ ਅਮਲ ਕਰੇ। ਇਸਤਰੀ ਦੀ ਹਿੱਸੇਦਾਰੀ ਬਰਾਬਰਤਾ ਅਮਲੀ ਰੂਪ ਵਿਚ ਸਵੀਕਾਰ ਹੋਵੇ ਅਤੇ ਇਸ ਦਾ ਪ੍ਰਚਾਰ ਹੋਵੇ। ਸ਼ਿਲਪ ਵਿਗਿਆਨ ਦੀ ਨਵੀਨਤਾ ਵਿਚ ਇਸਤਰੀ ਦੀ ਬਰਾਬਰਤਾ ਬਿਨਾਂ ਭੇਦਭਾਵ ਦੇ ਹੋਵੇ।

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਮਾਨਵਵਾਦੀ ਧਰਮ ਦੀ ਲਹਿਰ ਚਲਾਈ। ਉਨ੍ਹਾਂ ਦੀ ਰਹਿਨੁਮਾਈ ਨੂੰ ਚਲਾਉਂਦੇ ਹੋਏ ਸਾਰੇ ਗੁਰੂਆਂ ਨੇ ਬੜੀ ਸਫ਼ਲਤਾ ਨਾਲ ਅੱਗੇ ਤੋਰਿਆ। ਜੋ ਅੱਜ ਸਿੱਖ ਧਰਮ ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚੋਂ ਇਕ ਹੈ। ਸਿੱਖ ਸਿਧਾਂਤ ਵਿਚ ਬਰਾਬਰਤਾ ਦਾ ਉਪਦੇਸ਼ ਹੈ ਕਿ ਹੇ ਪ੍ਰਭੂ, ਮੈਂ ਤੈਥੋਂ ਇਹੀ ਮੰਗਦਾ ਹਾਂ ਜੋ ਨੀਵੀਂ ਤੋਂ ਨੀਵੀਂ ਜਾਤ ਦੇ ਹਨ, ਜੋ ਨੀਂਵਿਆਂ ਤੋਂ ਵੀ ਅਤਿ ਨੀਵੇਂ ਅਖਵਾਉਂਦੇ ਹਨ। ਮੈਨੂੰ ਮਾਇਆ, ਧਾਰੀਆਂ ਦੇ ਰਾਹੇ ਤੁਰਨ ਦੀ ਕੋਈ ਤਾਂਘ ਨਹੀਂ, ਕਿਉਂਕਿ ਮੈਨੂੰ ਪਤਾ ਹੈ ਕਿ ਤੇਰੀ ਮਿਹਰ ਦੀ ਨਜ਼ਰ ਉੱਥੇ ਹੈ, ਜਿੱਥੇ ਗਰੀਬਾਂ ਦੀ ਸਾਰ ਲਈ ਜਾਂਦੀ ਹੈ। ਅੰਗ-15

ਮਾਨਵਵਾਦ ਤੋਂ ਸਪੱਸ਼ਟ ਹੈ ਕਿ ਮਨੁੱਖੀ ਬਰਾਬਰੀ ਦੀ ਵਿਚਾਰਧਾਰਾ ਹੈ। ਇਸ ਦਾ ਸਬੰਧ ਇਸਤਰੀ ਵਰਗ ਨਾਲ ਵੀ ਓਨਾ ਹੀ ਹੈ ਜਿੰਨਾ ਕਿ ਪੁਰਸ਼ ਵਰਗ ਨਾਲ। ਸਿੱਖ ਗੁਰੂਆਂ ਨੇ ਨਿਹੱਥੇ ਸਮਾਜ ਦੀਆਂ ਬੁਰਾਈਆਂ ਵਿਰੁਧ ਆਵਾਜ ਉਠਾਈ। ਉਸ ਵਿਚ ਇਸਤਰੀ ਦੀ ਬਰਾਬਰੀ ਦੀ ਵੀ ਹਾਮੀ ਭਰੀ। ਇਸਤਰੀਆਂ ਦੇ ਮਾਣ ਸਤਿਕਾਰ ਵਿਚ ਪੁਰਸ਼ ਦੇ ਬਰਾਬਰ ਹੱਕ ਦਿੱਤਾ ਹੈ। ਇਸਤਰੀਆਂ ਸਮਾਜਿਕ, ਸੱਭਿਆਚਾਰਕ, ਵਿਵਹਾਰਕ, ਧਾਰਮਿਕ ਸਿੱਖਿਆ, ਰਾਜਨੀਤੀ ਦੇ ਖੇਤਰਾਂ ਵਿੱਚ ਹਿੱਸਾ ਲੈ ਸਕਦੀਆਂ ਹਨ। ਸਿੱਖ ਗੁਰੂਆਂ ਨੇ ਬਰਾਬਰੀ ਵਿਚ ਇਸਤਰੀਆਂ ਨੂੰ ਜ਼ਿੰਮੇਵਾਰੀਆਂ ਨਿਭਾਉਣ ਲਈ ਉਤਸ਼ਾਹਤ ਕੀਤਾ। ਸਿੱਖ ਇਤਿਹਾਸ ਵਿੱਚ ਇਸਤਰੀਆਂ ਦੀ ਸ਼ਰਧਾ, ਲਗਨ, ਸੇਵਾ, ਬਹਾਦਰੀ ਅਤੇ ਕੁਰਬਾਨੀ ਆਦਿ ਨੂੰ ਪੁਰਸ਼ਾਂ ਦੇ ਬਰਾਬਰ ਪੇਸ਼ ਕੀਤਾ। ਇਸਤਰੀਆਂ ਦੀ ਦਸ਼ਾ ਸੁਧਾਰਨ ਲਈ ਹੋਕਾ ਦਿੱਤਾ ਕਿ ਸਤੀ ਦੀ ਰਸਮ, ਬਾਲ ਵਿਆਹ, ਪਰਦੇ ਦੀ ਰਸਮ ਦੀ ਨਿਖੇਧੀ ਕੀਤੀ। ਇਸਤਰੀਆਂ ਨੂੰ ਪ੍ਰਚਾਰ ਅਤੇ ਪ੍ਰਬੰਧ ਨਾਲ ਜੋੜ ਕੇ ਸੇਵਾ ਵਿਚ ਲਾਇਆ।

ਮਾਤਾ ਖੀਵੀ ਜੀ ਦੀ ਸੇਵਾ ਗੁਰਬਾਣੀ ਵਿਚ ਦਰਜ ਹੈ : ਹੇ ਬਲਵੰਤ, ਮਾਤਾ ਖੀਵੀ ਜੀ ਵੀ ਆਪਣੇ ਪਤੀ ਗੁਰੂ ਅੰਗਦ ਦੇਵ ਸਾਹਿਬ ਜੀ ਵਾਂਗ ਭਲੇ ਹਨ। ਮਾਤਾ ਖੀਵੀ ਜੀ ਦੀ ਛਾਂ ਬਹੁਤ ਪੱਤ੍ਰਾਂ ਵਾਲੀ ਸੰਘਣੀ ਹੈ। ਭਾਵ ਮਾਤਾ ਖੀਵੀ ਜੀ ਪਾਸ ਬੈਠਿਆਂ ਭੀ ਹਿਰਦੇ ਵਿਚ ਸ਼ਾਂਤੀ ਠੰਢ ਪੈਦਾ ਹੁੰਦੀ ਹੈ। ਜਿਵੇਂ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਸਤਿਸੰਗ ਰੂਪੀ ਲੰਗਰਾਂ ਵਿਚ ਨਾਮ ਦੀ ਦੌਲਤ ਵੰਡੀ ਜਾ ਰਹੀ ਹੈ। ਅੰਗ-267

ਇਸਤਰੀ ਦੀ ਸਮਰੱਥਾ ਅਤੇ ਗੁਣਾਂ ਨੂੰ ਗੁਰਬਾਣੀ ਵਿਚ ਦੱਸਿਆ ਹੈ ਕਿ ਇਸਤਰੀ ਤੋਂ ਜਨਮ ਲਈਦਾ ਹੈ। ਇਸਤਰੀ ਦੇ ਪੇਟ ਵਿਚ ਹੀ ਪ੍ਰਾਣੀ ਦਾ ਸਰੀਰ ਬਣਦਾ ਹੈ। ਇਸਤਰੀ ਦੇ ਰਾਹੀਂ ਹੀ ਕੁੜਮਾਈ ਤੇ ਵਿਆਹ ਹੁੰਦਾ ਹੈ। ਇਸਤਰੀ ਦੇ ਰਾਹੀਂ ਹੀ ਲੋਕਾਂ ਨਾਲ ਸਬੰਧ ਬਣਦਾ ਹੈ। ਇਸਤਰੀ ਤੋਂ ਹੀ ਜਗਤ ਦੀ ਉਤਪਤੀ ਦਾ ਰਸਤਾ ਚਲਦਾ ਹੈ। ਜੇ ਇਸਤਰੀ ਮਰ ਜਾਵੇ ਤਾਂ ਹੋਰ ਇਸਤਰੀ ਦੀ ਭਾਲ



ਕਰੀਦੀ ਹੈ। ਇਸਤਰੀ ਨਾਲ ਹੀ ਹੋਰਨਾਂ ਨਾਲ ਰਿਸ਼ਤੇਦਾਰੀ ਬਣਦੀ ਹੈ, ਜਿਸ ਇਸਤਰੀ ਜਾਤੀ ਤੋਂ ਰਾਜੇ ਭੀ ਜੰਮਦੇ ਹਨ, ਉਸ ਨੂੰ ਮੰਦਾ ਆਖਣਾ ਠੀਕ ਨਹੀਂ ਹੈ। ਇਸਤਰੀ ਤੋਂ ਹੀ ਇਸਤਰੀ ਪੈਦਾ ਹੁੰਦੀ ਹੈ। ਜਗਤ ਵਿਚ ਕੋਈ ਵੀ ਜੀਵ ਇਸਤਰੀ ਤੋਂ ਬਿਨਾਂ ਪੈਦਾ ਨਹੀਂ ਹੋ ਸਕਦਾ। ਹੇ ਨਾਨਕ, ਕੇਵਲ ਇਕ ਸੱਚਾ ਪ੍ਰਭੂ ਹੀ ਹੈ ਜੋ ਇਸਤਰੀ ਤੋਂ ਨਹੀਂ ਜੰਮਿਆ। ਭਾਵੇਂ ਮਨੁੱਖ ਹੋਵੇ ਭਾਵੇ ਇਸਤਰੀ ਜੋ ਭੀ ਮੂੰਹੋਂ ਸਦਾ ਪ੍ਰਭੂ ਦੇ ਗੁਣ ਗਾਉਂਦਾ ਹੈ, ਉਸ ਦੇ ਮੱਥੇ 'ਤੇ ਭਾਗਾਂ ਦੀ ਮਣੀ ਹੈ। ਭਾਵ ਉਸ ਦਾ ਮੱਥਾ ਭਾਗਾਂ ਵਾਲਾ ਹੈ। ਹੇ ਨਾਨਕ, ਉਹੀ ਮੁੱਖ ਉਸੇ ਸੱਚੇ ਪ੍ਰਭੂ ਦੇ ਦਰਬਾਰ ਸੋਹਣੇ ਲਗਦੇ ਹਨ। ਅੰਗ-473

ਮਰਦ ਅਤੇ ਇਸਤਰੀ ਜੀਵਨ ਦੀ ਗੱਡੇ ਦੋ ਪਹੀਏ ਹਨ। ਗੁਰਬਾਣੀ ਅਨੁਸਾਰ ਸਾਡਾ ਪਤਾ ਕੇਵਲ ਇਕ ਰੱਬ ਹੀ ਹੈ ਤੇ ਅਸੀਂ ਸਾਰੇ ਉਸ ਦੀਆਂ ਪਤਨੀਆਂ ਹਨ। ਇਸ ਸੰਸਾਰ ਵਿਚ ਪਤੀ ਇਕ ਪ੍ਰਮਾਤਮਾ ਹੀ ਹੈ, ਹੋਰ ਸਾਰੀ ਸ੍ਰਿਸਟੀ ਉਸ ਦੀਆਂ ਇਸਤਰੀਆਂ ਹਨ। ਅੰਗ-592

ਗੁਰਬਾਣੀ ਉਪਦੇਸ਼ ਮਰਦ ਅਤੇ ਇਸਤਰੀ ਦੋਹਾਂ ਲਈ ਹੈ ਅਤੇ ਸਾਰਿਆਂ ਲਈ ਵੀ ਹੇ। ਸੁਲੱਖਣੀ ਜੀਵ ਇਸਤਰੀ ਦੇ 32 ਗੁਣ ਦੱਸੇ ਹਨ। ਇਸਤਰੀ ਨੂੰ ਭਗਤੀ ਰੂਪ ਦੱਸਦਿਆਂ ਗੁਰਬਾਣੀ ਦਾ ਉਪਦੇਸ਼ ਹੈ ਕਿ ਇਹ ਭਗਤੀ ਰੂਪ ਇਸਤਰੀ ਦਯਾ, ਨਿਮਰਤਾ, ਲੱਜਾ ਆਦਿ 32 ਸੋਹਣੇ ਲੱਛਣਾਂ ਵਾਲੀ ਹੈ। ਸਦਾ -ਥਿਰ ਪ੍ਰਮਾਤਮਾ ਦਾ ਨਾਮ ਇਸ ਦੀ ਸੰਤਾਨ ਹੈ। ਪੁੱਤਰ ਹਨ, ਪਰ ਇਹ ਇਸਤਰੀ ਆਗਿਆ ਵਿਚ ਤੁਰਨ ਵਾਲੀ ਹੈ। ਸੁਚੱਜੀ ਹੈ, ਸੋਹਣੇ ਰੂਪ ਵਾਲੀ ਹੈ। ਜੀਵ ਜੰਤ ਦੀ ਹਰੇਕ ਇੱਛਾ ਇਹ ਪੂਰੀ ਕਰਦਾ ਹੈ। ਦਰਾਣੀ ਜਠਾਣੀ (ਆਸਾ ਤ੍ਰਿਸ਼ਨਾ) ਨੂੰ ਇਕ ਹਰ ਤਰ੍ਹਾਂ ਦਾ ਸੰਤੋਖ ਦੇਂਦੀ ਹੈ। ਸ਼ਾਂਤ ਕਰਦੀ ਹੈ। ਅੰਗ-370-371

ਵਿਆਹ ਦੀਆਂ ਰਸਮਾਂ ਅਤੇ ਆਨੰਦ ਕਾਰਜ ਤੋਂ ਬਾਅਦ ਲੜਕੇ ਲੜਕੀ ਨੂੰ ਆਗਿਆ ਦਿੱਤੀ ਜਾਂਦੀ ਹੈ ਕਿ ਅੱਜ ਤੋਂ ਤੁਸੀਂ ਇਕੱਠਿਆਂ ਜ਼ਿੰਦਗੀ ਬਿਤਾਉਣੀ ਹੈ। ਉਚੇਚੇ ਤੌਰ 'ਤੇ ਲੜਕੀ ਨੂੰ ਇਹ ਗੱਲ ਸਮਝਾਈ ਜਾਂਦੀ ਹੈ ਕਿ ਅੱਜ ਤੋਂ ਬਾਅਦ ਤੁਸੀਂ ਇਕ ਹੋ ਕੇ ਰਹਿਣਾ ਹੈ। ਸ਼ੇਖ ਫਰੀਦ ਜੀ ਫੁਰਮਾਉਂਦੇ ਹਨ: ਪ੍ਰਮਾਤਮਾ ਨੂੰ ਭਾਲਣ ਵਾਲੀਏ ਤੇ ਜੀਵ ਇਸਤਰੀਏ ਤੂੰ ਅੰਮ੍ਰਿਤ ਵੇਲੇ ਉਠ ਕੇ ਪਤੀ ਪ੍ਰਮਾਤਮਾ ਨੂੰ ਮਿਲਣ ਦੀ ਬੰਦਗੀ ਕਰਦੀ ਹੈ। ਪਰ ਤੈਨੂੰ ਅਜੇ ਵੀ ਨਹੀਂ ਮਿਲਿਆ। ਤੇਰੇ ਆਪਣੇ ਅੰਦਰ ਹੀ ਕੋਈ ਕਸਰ ਹੈ। ਜਿਨ੍ਹਾਂ ਦਾ ਨਾਮ ਸੁਹਾਗਣ ਹੈ, ਉਨ੍ਹਾਂ ਦੇ ਅੰਦਰ ਕੋਈ ਹੋਰ ਟੇਕ ਨਹੀਂ ਹੁੰਦੀ। ਭਾਵ ਪਤੀ ਮਿਲਾਪ ਦੀ ਦਾਤ ਉਨ੍ਹਾਂ ਨੂੰ ਹੀ ਮਿਲਦੀ ਹੈ ਜੋ ਅੰਮ੍ਰਿਤ ਵੇਲੇ ਉਠਣ ਦਾ ਕੋਈ ਹੱਕ ਨਹੀਂ ਜਮਾਉਂਦੀਆਂ। ਅੰਗ 1384

ਗੁਰੂ ਨਾਨਕ ਦੇਵ ਸਾਹਿਬ ਜੀ ਨੇ ਫੁਰਮਾਇਆ ਹੈ ਕਿ ਜਿਸ ਦੇ ਅੰਦਰ ਸੱਚ ਹੈ,ਉਹੀ ਅਸਲ ਸੁਹਾਗਣ ਹੈ। ਹੇ ਨਾਨਕ, ਇਸ ਤੋਂ ਬਿਨਾਂ ਸੁਹਾਗ ਭਾਗ ਵਾਲੀ ਜੀਵ ਇਸਤਰੀ ਦਾ ਹੋਰ ਕੀ ਲੱਛਣ ਹੋ ਸਕਦਾ ਹੈ, ਉਸ ਦੇ ਅੰਦਰ ਸੱਚਾ ਨਾਮ ਹੋਵੇ, ਮੂੰਹ 'ਤੇ ਨਾਮ ਦੀ ਲਾਲੀ ਹੋਵੇ, ਉਹ ਖਸਮ ਪ੍ਰਭੂ ਨਾਲ ਜੁੜੀ ਰਹੇ। ਅੰਗ-785

ਵਿਆਹੁਤਾ ਜੀਵਨ ਕੀ ਹੈ ? ਜੋ ਸਿਰਫ਼ ਸਰੀਰਕ ਤੌਰ 'ਤੇ ਰਲ ਕੇ ਬਹਿਣ, ਉਨ੍ਹਾਂ ਨੂੰ ਅਸਲ ਇਸਤਰੀ ਖਸਮ ਨਹੀਂ ਆਖੀਦਾ। ਜਿਨ੍ਹਾਂ ਦੇ ਦੋਹਾਂ ਜਿਸਮਾਂ ਵਿਚ ਇਕ ਆਤਮਾ ਹੋ ਜਾਏ, ਉਹ ਹੈ ਇਸਤਰੀ ਤੇ ਉਹ ਪਤੀ। ਅੰਗ-788

ਗੁਰਬਾਣੀ ਵਿਚ ਪ੍ਰਾਣੀਆਂ ਨੂੰ ਇਸਤਰੀ ਦੇ ਰੂਪ ਵਿਚ ਪੇਸ਼ ਕਰਕੇ ਪ੍ਰਭੂ ਮਿਲਣ ਦਾ ਹਵਾਲਾ ਹੈ ਕਿ : ਹੇ ਸਤਿਸੰਗਣ ਭੈਣੋਂ ਤੇ ਸਹੇਲੀਓ, ਆਓ ਪਿਆਰ ਨਾਲ ਇਕੱਠੀਆਂ ਹੋਈਏ, ਸਤਿਸੰਗ ਵਿਚ ਮਿਲ ਕੇ ਉਸ ਖਸਮ ਪ੍ਰਭੂ ਦੀਆਂ ਗੱਲਾਂ ਕਰੀਏ। ਜੋ ਸਾਰੀਆਂ ਤਾਕਤਾਂ ਵਾਲਾ ਹੈ। ਹੇ ਸਹੇਲੀਓ, ਉਸ ਸਦਾ ਥਿਰ ਮਾਲਕ ਵਿਚ ਸਾਰੇ ਗੁਣ ਹੀ ਗੁਣ ਹਨ। ਉਸ ਤੋਂ ਵਿਛੜ ਕੇ ਸਾਰੇ ਔਗੁਣ ਸਾਡੇ ਵਿਚ ਆ ਜਾਂਦੇ ਹਨ। ਅੰਗ-17

ਇਸਤਰੀ ਰੂਪੀ ਪ੍ਰਾਣੀ ਦਾ ਦਾਜ ਕੀ ਹੈ ? ਹੇ ਮੇਰੇ ਪਿਤਾ, ਮੈਂ ਤੇਰੇ ਕੋਲੋਂ ਦਾਜ ਮੰਗਦੀ ਹਾਂ, ਮੈਨੂੰ ਹਰੀ ਦੇ ਨਾਮ ਦਾ ਦਾਨ ਦੇਹ। ਮੈਨੂੰ ਇਹੋ ਦਾਜ ਦੇਹ। ਮੈਨੂੰ ਹਰੀ ਦੇ ਨਾਮ ਦਾ ਹੀ ਕੱਪੜਾ ਦੇਹ, ਮੈਨੂੰ ਹਰੀ ਦੇ ਨਾਮ ਦਾ ਹੀ ਦਾਜ ਦੇਹ, ਗਹਿਣੇ ਆਦਿ ਧੰਨ ਦੇਹ। ਇਸ ਦਾਜ ਨਾਲ ਮੇਰਾ ਪ੍ਰਭੂ ਪਤੀ ਨਾਲ ਵਿਆਹ ਸੋਹਣਾ ਲੱਗ ਪਵੇ। ਪ੍ਰਮਾਤਮਾ ਦੀ ਭਗਤੀ ਨਾਲ ਹੀ ਪ੍ਰਮਾਤਮਾ ਨਾਲ ਵਿਆਹ ਦਾ ਉਦਮ ਸੁਖਦਾਈ ਬਣਦਾ ਹੈ। ਜਿਸ ਜੀਵ ਮੁਟਿਆਰ ਨੂੰ ਗੁਰੂ ਨੇ ਸਤਿਗੁਰੂ ਨੇ ਇਹ ਦਾਨ, ਇਹ ਦਾਜ ਦਿਵਾਇਆ ਹੈ, ਹਰੀ ਨਾਮ ਦੇ ਦਾਜ ਨਾਲ ਉਸ ਦੀ ਸ਼ੋਭਾ, ਉਸ ਦੇ ਦੇਸ਼ ਵਿਚ, ਸੰਸਾਰ ਵਿਚ ਹੋ ਜਾਂਦੀ ਹੈ। ਇਹ ਦਾਜ ਐਸਾ ਹੀ ਹੈ ਕਿ ਇਸ ਨਾਲ ਹੋਰ ਕੋਈ ਦਾਜ ਬਰਾਬਰੀ ਨਹੀਂ ਕਰ ਸਕਦਾ। ਆਪਣੇ ਮਨ ਦੇ ਪਿਛੇ ਤੁਰਨ ਵਾਲੇ ਹੋਰ ਬੰਦੇ ਜਿਹੜਾ ਦਾਜ ਰੱਖ ਕੇ ਵਿਖਾਉਂਦੇ ਹਨ ,ਉਹ ਝੂਠਾ ਅਹੰਕਾਰ ਪੈਦਾ ਕਰਨ ਵਾਲਾ ਹੈ। ਉਹ ਕੱਚ ਸਮਾਨ ਹੈ, ਉਹ ਨਿਰਾ ਵਿਖਾਵਾ ਹੀ ਹੈ।

ਹੇ ਮੇਰੇ ਪਿਤਾ ਮੈਨੂੰ ਹਰੀ ਪ੍ਰਭੂ ਦੇ ਨਾਮ ਦਾ ਦਾਨ ਦੇਹ, ਮੈਨੂੰ ਇਹੀ ਦਾਜ ਦੇਹ। ਅੰਗ-79

ਇਸਤਰੀ ਤੇ ਸਤੀ ਦੀ ਰਸਮ ਥੋਪੀ ਗਈ ਨੂੰ ਸਪੱਸ਼ਟ ਗੁਰਬਾਣੀ ਵਿਚ ਕੀਤਾ ਗਿਆ ਹੈ ਕਿ ਉਹ ਇਸਤਰੀਆਂ ਸਤੀ ਹੋ ਗਈਆਂ, ਨਹੀਂ ਆਖੀਦਾ ਜੋ ਪਤੀ ਦੀ ਲੋਥ ਨਾਲ ਸੜ ਮਰਦੀਆਂ ਸੀ। ਹੇ ਨਾਨਕ, ਜੋ ਪਤੀ ਦੀ ਮੌਤ ਦੇ ਵਿਛੋੜੇ ਦੀ ਹੀ ਸੱਟ ਨਾਲ ਮਰ ਜਾਣ ਉਨ੍ਹਾਂ ਨੂੰ ਸਤੀ ਹੋ ਗਈਆਂ ਸਮਝਦਾ ਚਾਹੀਦਾ ਹੈ। ਉਨ੍ਹਾਂ ਇਸਤਰੀਆਂ ਨੂੰ ਭੀ ਸਤੀ ਹੀ ਸਮਝਦਾ ਚਾਹੀਦਾ ਹੈ ਜੋ ਪਤਿਬ੍ਰਤ ਧਰਮ ਵਿਚ ਰਹਿੰਦੀਆਂ ਹਨ। ਜੋ ਆਪਣੇ ਖਸਮ ਦੀ ਸੇਵਾ ਕਰਦੀਆਂ ਹਨ ਅਤੇ ਸਦਾ ਉਦਮ ਨਾਲ ਆਪਣਾ ਇਹ ਧਰਮ ਚੇਤੇ ਰੱਖਦੀਆਂ ਹਨ। 787

ਗੁਰਬਾਣੀ ਦਾ ਉਪਦੇਸ਼ ਹੈ ਕਿ ਜਦੋਂ ਪ੍ਰਭੂ ਇਸਤਰੀ ਨੂੰ ਆਪਣੀ ਬਣਾ ਲੈਂਦਾ ਹੈ-ਹੇ ਪਾਂਡੇ ਗੋਪਾਲ ਦਾ ਨਾਮ ਮਲ ਦੀ ਪੱਟੀ 'ਤੇ ਲਿਖ ਕੇ ਮਾਇਆ ਵਲ ਦੌੜ ਦੇ ਇਸ ਚੰਚਲ ਮਨ ਨੂੰ ਰੋਕ ਰੱਖਦਾ, ਭਾਵ ਅੰਤਰ ਆਤਮੇ ਟਿਕਾ ਰੱਖ, ਸਿਸ਼ਟੀ ਮਾਇਆ ਦੇ ਔਗੁਣ ਵਿਚ ਫਸ ਕੇ ਆਪੋ ਵਿਚ ਭਿੜ ਭਿੜ ਕੇ ਆਤਮਕ ਮੌਤ ਸਹੇੜ ਰਹੀ ਦੁਖੀ ਹੋ ਰਹੀ ਹੈ। ਹੇ ਪਾਂਡੇ ਪ੍ਰਭੂ ਪਾਲਣਹਾਰ ਇਕ ਹੈ। ਸਾਰੇ ਜੀਵ ਉਸ ਦੀਆਂ ਨਾਰੀਆਂ ਹਨ। ਪਰ ਮਾਇਆ ਗ੍ਰਸੀ ਜੀਵ ਇਸਤਰੀ ਖਸਮ ਨੂੰ ਨਹੀਂ ਪਛਾਣਦੀ ਤੇ ਬਾਹਰ ਕਈ ਵੇਸ ਕਰਦੀ ਹੈ। ਹੋਰ ਤੇ ਹੋਰ ਆਸਰੇ ਤੱਕਦੀ ਹੈ, ਨੂੰ ਰੋਕ ਲਿਆ ਹੈ। ਉਸ ਨੂੰ ਉਸ ਨੇ ਆਪਣੇ ਮਹਿਲ ਵਿਚ ਬੁਲਾ ਲਿਆ ਹੈ। ਉਸ ਦੇ ਜੀਵਨ ਰਾਹ ਵਿਚ ਤ੍ਰਿਸ਼ਨਾ ਦੀ ਕੋਈ ਰੋਕ ਨਹੀਂ ਪੈਂਦੀ। ਗੁਰੂ ਦੇ ਸ਼ਬਦ ਰਾਹੀਂ ਉਸ ਨੂੰ ਪ੍ਰਭੂ ਨੇ ਸੰਵਾਰ ਲਿਆ ਹੈ। ਉਹ ਜੀਵ ਇਸਤਰੀ ਸਦਾ ਥਿਰ ਪ੍ਰਭੂ ਪਿਆਰ ਵਿਚ ਰਹਿੰਦੀ ਹੈ। ਉਹ ਸੁਹਾਗ ਭਾਗ ਵਾਲੀ ਹੋ ਜਾਂਦੀ ਹੈ। ਕਿਉਂਕਿ ਪ੍ਰਭੂ ਨੇ ਉਸ ਨੂੰ ਆਪਣੀ ਬਣਾ ਲਿਆ ਹੈ। ਅੰਗ-933

ਸਤੀ ਇਸਤਰੀਆਂ ਆਪਣੇ ਖਸਮ ਦੇ ਜਿਉਂਦਿਆਂ ਉਸ ਦੀ ਸੇਵਾ ਕਰਦੀਆਂ ਹਨ। ਪਤੀ ਨੂੰ ਆਪਣਾ ਸਮਝਦੀਆਂ ਹਨ, ਤਾਹੀਏ, ਸਰੀਰ ਤੇ ਦੁੱਖ ਸਹਿੰਦੀਆਂ ਹਨ। ਪਰ ਹੇ ਨਾਨਕ, ਜਿਨ੍ਹਾਂ ਨੇ ਖਸਮ ਨਾਹ ਜਾਤਾ, ਉਹ ਕਿਉਂ ਦੁੱਖ ਸਹਿਣ ? ਪਤੀ ਚਾਹੇ ਸੁਖੀ ਹੋਵੇ, ਚਾਹੇ ਦੁਖੀ ਹੋਵੇ, ਉਹ ਔਖੇ ਵੇਲੇ ਨੇੜੇ ਨਹੀਂ ਢੁਕਦੀਆਂ। ਅੰਗ 787

ਰੱਬ ਤੋਂ ਵਿਛੜ ਕੇ ਮਨੁੱਖ ਜਾਲਮ ਹੋ ਰਹੇ ਹਨ ਤੇ ਤੀਵੀਂਆਂ ਇਸ ਜੁਲਮ ਵਿਚ ਸਲਾਹਕਾਰ ਬਣ ਰਹੀਆਂ ਹਨ। ਮਿਠਾ ਸੁਭਾਅ, ਜੁਗਤਿ ਵਿਚ ਰਹਿਣਾ, ਦਿਲ ਦੀ ਸਫਾਈ ਇਹ ਸਭ ਗੱਲਾਂ, ਦੂਰ ਹੋ ਗਈਆਂ ਹਨ ਤੇ ਵੱਢੀ ਆਦਿਕ, ਹਰਾਮ-ਮਾਲ ਇਨ੍ਹਾਂ ਲੋਕਾਂ ਦਾ ਮਨ ਭਾਉਂਦਾ ਖਾਣਾ ਹੋ ਗਿਆ ਹੈ। ਸ਼ਰਮ ਹਯਾ ਇਨ੍ਹਾਂ ਮਨੁੱਖਾਂ ਤੋਂ ਦੂਰ ਹੋ ਗਈ ਹੈ। ਅਣਖ ਭੀ ਸ਼ਰਮ ਹਯਾ ਦੇ ਨਾਲ ਹੀ ਚਲੀ ਗਈ ਹੈ।

ਹੇ ਨਾਨਕ, ਜੇ ਸੀਲ ਸੰਜਮ ਸੱਚ ਆਦਿ ਗੁਣ ਲੱਭਣੇ ਹਨ ਤਾਂ ਉਨ੍ਹਾਂ ਦਾ ਸੋਮਾ ਸਿਰਫ ਸਦਾ ਕਾਇਮ ਰਹਿਣ ਵਾਲਾ ਪ੍ਰਮਾਤਮਾ ਹੀ ਹੈ। ਇਨ੍ਹਾਂ ਗੁਣਾਂ ਲਈ ਕੋਈ ਹੋਰ ਥਾਂ ਨਾ ਲੱਭੋ, ਭਾਵ ਪ੍ਰਭੂ ਤੋਂ ਬਿਨਾਂ ਕਿਸੇ ਹੋਰ ਥਾਂ ਇਹ ਗੁਣ ਨਹੀਂ ਮਿਲ ਸਕਦੇ। ਅੰਗ-1243

ਪੰਡਿਤ ਲੋਕ, ਵੈਦ-ਪਾਠੀ ਹੋਣ ਦੇ ਹੰਕਾਰ ਵਿਚ ਖਪਦੇ ਹਨ, ਇਸਤਰੀਆਂ ਸ਼ੀਸ਼ੇ ਵਿਚ ਆਪਣੇ ਰੂਪ ਤੱਕਣ ਵਿਚ ਹੀ ਜ਼ਿੰਦਗੀ ਅਜਾਈਂ ਬਿਤਾ ਰਹੀਆਂ ਹਨ। ਆਪੋ ਆਪਣੇ ਅੰਦਰ ਝਾਤ ਮਾਰ ਕੇ ਵੇਖ ਲਵੋ, ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਤੋਂ ਬਿਨਾਂ ਸਭ ਜੀਵ ਖਵਾਰ ਹੋ ਰਹੇ ਹਨ। ਕਬੀਰ ਸਿੱਖਿਆ ਦੀ ਗੱਲ ਕਰਦਾ ਹੈ ਕਿ ਪ੍ਰਮਾਤਮਾ ਦੇ ਨਾਮ ਤੋਂ ਬਿਨਾਂ ਕਿਸੇ ਨੂੰ ਜੀਵਨ ਦੀ ਸੂਝ ਨਹੀਂ ਪੈਂਦੀ। ਅੰਗ 654

ਹੇ ਭਾਈ, ਤੂੰ ਉੱਚੇ ਮਹਿਲ ਮਾੜੀਆਂ ਤੇ ਸੁੰਦਰ ਇਸਤਰੀ ਦਾ ਮਾਣ ਕਰਦਾ ਹੈਂ, ਪ੍ਰਭੂ ਦਾ ਨਾਮ ਵਿਸਾਰ ਕੇ, ਮਨੁੱਖਾ ਜਨਮ ਦੀ ਖੇਡ ਹਾਰ ਰਿਹਾ ਹੈ। ਅੰਗ-659

ਇਸਤਰੀ ਤੇ ਹੋਏ ਅਤਿਆਚਾਰ ਦਾ ਹਵਾਲਾ ਹੈ ਕਿ ਗੁਰੂ ਨਾਨਕ ਦੇਵ ਸਾਹਿਬ ਜੀ ਆਖਦੇ ਹਨ, ਹੇ ਭਾਈ ਲਾਲੋ, ਮੈਨੂੰ ਜਿਹੋ ਜਿਹੀ ਖਸਮ ਪ੍ਰਭੂ ਵਲੋਂ ਪ੍ਰੇਰਨਾ ਆਈ ਹੈ, ਉਸੇ ਅਨੁਸਾਰ ਮੈਂ ਤੈਨੂੰ ਉਸ ਦੁਰਘਟਨਾ ਦੀ ਵਾਕਫ਼ੀਅਤ ਦੇਂਦਾ ਹਾਂ ਜੋ ਸੈਦਪੁਰ ਵਿਚ ਵਾਪਰੀ ਹੈ। ਬਾਬਰ ਕਾਬਲ ਤੋਂ ਫੌਜ ਜੋ ਮਾਨੋ ਪਾਪ ਜੁਲਮ ਦੀ ਜੰਞ ਹੈ, ਇਕੱਠੀ ਕਰਕੇ ਆ ਚੜ੍ਹਿਆ ਹੈ। ਜ਼ੋਰ ਧੱਕੇ ਨਾਲ ਹਿੰਦ ਦੀ ਹਕੂਮਤ ਰੂਪ ਕੰਨਿਆ ਦਾਨ ਮੰਗ ਰਿਹਾ ਹੈ। ਸੈਦਪੁਰ ਵਿਚ ਹਯਾ ਅਤੇ ਧਰਮ ਦੋਵੇਂ ਅਲੋਪ ਹੋ ਚੁੱਕੇ ਹਨ। ਝੂਠ ਹੀ ਝੂਠ ਚੌਧਰੀ ਬਣਿਆ ਫਿਰਦਾ ਹੈ। ਬਾਬਰ ਦੇ ਸਿਪਾਹੀਆਂ ਵਲੋਂ ਸੈਦਪੁਰ ਦੀਆਂ ਇਸਤਰੀਆਂ 'ਤੇ ਇੰਨੇ ਅਤਿਆਰਚਾਰ ਹੋ ਰਹੇ ਹਨ ਕਿ ਮਾਨੋ ਸ਼ੈਤਾਨ ਇ ਸ਼ਹਿਰ ਵਿਚ ਵਿਆਹ ਪੜ੍ਹਾ ਰਿਹਾ ਹੈ। ਤੇ ਕਾਜ਼ੀਆਂ, ਬ੍ਰਾਹਮਣਾਂ ਦੀ ਮਰਯਾਦਾ ਮੁਕ ਚੁੱਕੀ ਹੈ। ਮੁਸਲਮਾਨ ਇਸਤਰੀਆਂ ਭੀ ਇਸ ਜ਼ੁਲਮ ਦਾ ਸ਼ਿਕਾਰ ਹੋ ਰਹੀਆਂ ਹਨ। ਜੋ ਇਸ ਬਿਪਤਾ ਵਿਚ ਆਪਣੀ ਕੁਰਾਨ ਦੀਆਂ ਆਇਤਾਂ ਪੜ੍ਹ ਰਹੀਆਂ ਹਨ। ਖੁਦਾ ਅੱਗੇ ਪੁਕਾਰ ਕਰ ਰਹੀਆਂ ਹਨ, ਉੱਚੀਆਂ ਜਾਤਾਂ ਦੀਆਂ, ਨੀਵੀਂਆਂ ਜਾਤਾਂ ਦੀਆਂ ਹੋਰ ਭੀ ਸਭ ਹਿੰਦੂ ਇਸਤਰੀਆਂ ਇਨ੍ਹਾਂ ਸਾਰੀਆਂ 'ਤੇ ਹੀ ਅਤਿਆਚਾਰ ਹੋ ਰਹੇ ਹਨ।

ਹੇ ਨਾਨਕ, ਇਸ ਖੂਨੀ ਵਿਆਹ ਵਿਚ ਸੈਦਪੁਰ ਨਗਰ ਦੇ ਅੰਦਰ ਹਰ ਪਾਸੇ ਵਿਰਲਾਪ ਹੋ ਰਹੇ ਹਨ। ਲਹੂ ਦਾ ਕੇਸਰ ਛਿੜਕਿਆ ਜਾ ਰਿਹਾ ਹੈ। ਅੰਗ-722

ਸੰਸਾਰ ਦੇ ਐਬਾਂ ਤੋਂ ਬਚਣ ਲਈ ਭਗਤ ਨਾਮਦੇਵ ਜੀ ਦੀ ਨਸੀਅਤ ਹੈ ਕਿ : ਜਿਵੇਂ ਵਿਸ਼ਈ ਮਨੁੱਖ ਪਰਾਈ ਨਾਰ ਵੱਲ ਤਕਦਾ ਹੈ, ਜਿਵੇਂ ਜੂਆ ਖੇਡਣ ਵਾਲਾ ਜੁਆਰੀਆ ਕਾਉਂਡਾ ਸੁੱਟ ਕੇ ਗਹੁ ਨਾਲ ਤਕਦਾ ਹੈ, ਕਿ ਦਾਉ ਪਿਆ ਹੈ। ਮੈਂ ਨਾਮਦੇਵ ਭੀ ਇਨ੍ਹਾਂ ਵਾਂਗ ਸਦਾ ਆਪਣੇ ਪ੍ਰਭੂ ਨੂੰ ਸਿਮਰਦਾ ਹਾਂ। ਜਿੱਧਰ ਤੱਕਦਾ ਹਾਂ, ਪ੍ਰਭੂ ਨੂੰ ਹੀ ਵੇਖਦਾ ਹਾਂ। ਮੇਰੀ ਸੂਰਤਿ ਸਦਾ ਪ੍ਰਭੂ ਵਿਚ ਹੀ ਰਹਿੰਦੀ ਹੈ। ਭਾਵ ਪ੍ਰਭੂ ਪ੍ਰਤੀ ਇਹੋ ਜਿਹੀ ਹੋਵੇ, ਕਿ ਆਪਾ ਭੁੱਲ ਜਾਵੇ, ਸੁਰਤਿ ਸਦਾ ਪ੍ਰਭੂ ਵਿਚ ਰਹੇ। ਅੰਗ 873

ਹਰੇਕ ਜੀਵ ਮਰਦ ਭੀ ਪ੍ਰਭੂ ਆਪ ਹੀ ਹੈ, ਇਸਤਰੀ ਵੀ ਆਪ ਹੀ ਹੈ। ਪ੍ਰਭੂ ਆਪ ਹੀ ਇਹ ਜਗਤ ਰੂਪ ਚਉਪੜ ਦੀ ਖੇਡ ਹੈ ਅਤੇ ਆਪ ਹੀ ਚਉਪੜ ਦੀਆਂ ਜੀਵ ਨਰਦਾਂ ਹੈ। ਪ੍ਰਮਾਤਮਾ ਨੇ ਆਪ ਹੀ ਇਹ ਜਗਤ ਚਉਪੜ ਦੀ ਖੇਡ ਰੂਪ ਪਿੜ ਤਿਆਰ ਕੀਤਾ ਹੈ ਆਪ ਹੀ ਇਸ ਖੇਡ ਨੂੰ ਪਰਖ ਰਿਹਾ ਹੈ। ਅੰਗ 1020

ਅੰਤਿਕਾ : ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਵਿਚ ਇਸਤਰੀ ਜਾਤੀ ਲਈ ਉਤਸ਼ਾਹ ਬਲ ਹੈ ਕਿ ਹੀਣਭਾਵਨਾ ਤੋਂ ਉਪਰ ਉਠ ਕੇ ਗੁਰਮਤਿ ਆਸ਼ੇ ਅਨੁਸਾਰ ਜੀਵਨ ਢਾਲਣਾ ਹੈ। ਜੀਵ-ਆਤਮਾ ਨੂੰ ਵਹੁਟੀ ਦਾ ਅਲੰਕਾਰ ਦੇ ਕੇ ਦੱਸਿਆ ਹੈ ਕਿ ਇਸਤਰੀ ਮਨੁੱਖ ਪ੍ਰਭੂ ਭਗਤੀ ਦੇ ਮਾਰਗ ਦੇ ਚੱਲ ਕੇ ਦੋਵੇਂ ਹੀ ਬਰਾਬਰ ਮੁਕਤੀ ਪਾ ਸਕਦੇ ਹਨ। ਇਸਤਰੀ ਮਰਦ ਬਰਾਬਰ ਹਨ। ਨਰੋਏ ਸਮਾਜ ਦੀ ਉਸਾਰੀ ਵਿਚ ਯੋਗਦਾਨ ਪਾ ਸਕਦੇ ਹਨ।




# ਬੱਚਿਆਂ ਨੂੰ ਸਿਖਾਓ ਮੋਬਾਇਲ ਦੀ ਸਹੀ ਵਰਤੋਂ ਕਰਨਾ

## ਕਲਾਸਰੂਮ ਵਿੱਚ ਬੱਚਿਆਂ ਵੱਲੋਂ ਮੋਬਾਇਲ ਦੀ ਵਰਤੋ ਕਰਨ 'ਤੇ ਹੋਵੇ ਪਾਬੰਦੀ





ਮੋਬਾਈਲ ਫੋਨ ਨੇ ਪਿਛਲੇ ਦੋ ਦਹਾਕਿਆਂ ਦੌਰਾਨ ਸਿੱਖਿਆ ਅਤੇ ਬਾਲ ਵਿਕਾਸ ਨਾਲ ਇੱਕ ਦਿਲਚਸਪ ਸਬੰਧ ਵਿਕਸਿਤ ਕੀਤਾ ਹੈ। ਮੋਬਾਈਲ, ਜੋ ਕਦੇ ਸਿਰਫ਼ ਸੰਚਾਰ ਦਾ ਸਾਧਨ ਸੀ, ਅੱਜ ਕੰਮ, ਸਿੱਖਿਆ, ਮਨੋਰੰਜਨ, ਖਰੀਦਦਾਰੀ ਆਦਿ ਜੀਵਨ ਦੇ ਲਗਭਗ ਸਾਰੇ ਪਹਿਲੂਆਂ ਨਾਲ ਜੁੜ ਗਿਆ ਹੈ। ਕੋਵਿਡ -19 ਤੋਂ ਬਾਅਦ, ਦੁਨੀਆ ਮੋਬਾਈਲ ਫੋਨਾਂ ਵਿੱਚ ਉਲਝੀ ਜਾਪਦੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ, ਇੰਟਰਨੈਟ ਅਤੇ ਮੋਬਾਈਲ ਫੋਨਾਂ ਦੀ ਉਪਲਬਧਤਾ ਨੇ ਸਿੱਖਿਆ ਦੇ ਵਿਕਾਸ ਵਿੱਚ ਅਤੇ ਇਸਨੂੰ ਵਿਸ਼ਵਵਿਆਪੀ ਪਹੁੰਚਯੋਗ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾਈ ਹੈ। ਕੋਰੋਨਾ ਦੇ ਦੌਰ ਦੌਰਾਨ ਵਿਦਿਅਕ ਸੰਸਥਾਵਾਂ ਨੇ ਆਨਲਾਈਨ ਸਿੱਖਿਆ ਅਪਣਾ ਕੇ ਵਿਦਿਆਰਥੀਆਂ ਨੂੰ ਲਗਭਗ ਦੋ ਸਾਲਾਂ ਦੇ ਵਿਦਿਅਕ ਨੁਕਸਾਨ ਤੋਂ ਬਚਾਇਆ। ਇਹ ਮੋਬਾਈਲ ਫੋਨਾਂ ਦੀ ਉਪਲਬਧਤਾ ਕਾਰਨ ਹੀ ਸੰਭਵ ਹੋਇਆ ਹੈ। ਅੱਜ, ਸਿੱਖਿਆ ਨੂੰ ਭਵਿੱਖਮੁਖੀ, ਦਿਲਚਸਪ ਅਤੇ ਕਿਤੇ ਵੀ, ਕਿਸੇ ਵੀ ਸਮੇਂ ਪਹੁੰਚਯੋਗ ਬਣਾਉਣ ਲਈ ਮੋਬਾਈਲ 'ਤੇ ਵਧੇਰੇ ਜ਼ੋਰ ਦਿੱਤਾ ਜਾ ਰਿਹਾ ਹੈ। ਪਰ ਇਨ੍ਹਾਂ ਸਭ ਸਕਾਰਾਤਮਕ ਤੱਥਾਂ ਦੇ ਬਾਵਜੂਦ ਇਹ ਵੀ ਸੱਚ ਹੈ ਕਿ ਜੇਕਰ ਮੋਬਾਈਲ ਫ਼ੋਨ ਦੀ ਵਰਤੋਂ 'ਤੇ ਕਾਬੂ ਨਾ ਪਾਇਆ ਜਾਵੇ ਤਾਂ ਇਹ ਕਈ ਸਰੀਰਕ, ਮਾਨਸਿਕ ਅਤੇ ਸਮਾਜਿਕ ਸਮੱਸਿਆਵਾਂ ਦਾ ਕਾਰਨ ਬਣ ਜਾਂਦਾ ਹੈ । ਕਈ ਖੋਜਾਂ ਨੇ ਦਿਖਾਇਆ ਹੈ ਕਿ ਮੋਬਾਈਲ 'ਤੇ ਘੰਟਿਆਂਬੱਧੀ ਰੀਲ ਦੇਖਣਾ, ਫੇਸਬੁੱਕ, ਇੰਸਟਾਗ੍ਰਾਮ, ਵਟਸਐਪ, ਯੂਟਿਊਬ ਵਰਗੀਆਂ ਸੋਸ਼ਲ ਮੀਡੀਆ ਐਪਾਂ 'ਤੇ ਲੱਗੇ ਰਹਿਣਾ, ਗੇਮਾਂ ਖੇਡਣਾ ਆਦਿ ਇਕ ਨਸ਼ੇ ਵਾਂਗ ਹੈ ਜੋ ਉਪਭੋਗਤਾ ਨੂੰ ਅਸਲ ਦੁਨੀਆਂ ਤੋਂ ਵੱਖ ਕਰਕੇ ਉਸ ਦਾ ਧਿਆਨ ਭਟਕਾਉਂਦਾ ਹੈ। ਇਸ ਨਾਲ ਸੋਚਣ ਅਤੇ ਸਮਝਣ ਦੀ ਸਮਰੱਥਾ ਵੀ ਕਮਜ਼ੋਰ ਹੋ ਜਾਂਦੀ ਹੈ। ਮੋਬਾਈਲ ਦੀ ਬੇਲੋੜੀ ਵਰਤੋਂ ਵੀ ਵਿਅਕਤੀ ਦੀ ਸਿਹਤ ਨੂੰ ਪ੍ਰਭਾਵਿਤ ਕਰਦੀ ਹੈ।

ਦਰਅਸਲ, ਮੋਬਾਈਲ ਫੋਨ ਕਈ ਤਰ੍ਹਾਂ ਦੀਆਂ ਰੇਡੀਏਸ਼ਨਾਂ ਦਾ ਨਿਕਾਸ ਕਰਦੇ ਹਨ ਜੋ ਕਿ ਨੀਂਦ ਦੀ ਕਮੀ, ਮਾਈਗ੍ਰੇਨ, ਬੇਕਾਬੂ ਬਲੱਡ ਪ੍ਰੈਸ਼ਰ, ਅੱਖਾਂ ਵਿਚ ਐਲਰਜੀ ਜਾਂ ਈਅਰਫੋਨ ਦੀ ਵਰਤੋਂ ਕਾਰਨ ਕੰਨਾਂ ਦੀ ਸਮੱਸਿਆ ਆਦਿ ਵਰਗੀਆਂ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਕਾਰਨ ਬਣਦੇ ਹਨ। ਜੇਕਰ ਸਕੂਲੀ ਵਿਦਿਆਰਥੀਆਂ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਉਨ੍ਹਾਂ ਦੀ ਛੋਟੀ ਉਮਰ ਕਾਰਨ ਨਾ ਸਿਰਫ਼ ਇਨ੍ਹਾਂ ਸਮੱਸਿਆਵਾਂ ਦੀ ਗੰਭੀਰਤਾ ਵਧਦੀ ਹੈ, ਸਗੋਂ ਹੋਰ ਸਮੱਸਿਆਵਾਂ ਵੀ ਸਾਹਮਣੇ ਆਉਂਦੀਆਂ ਹਨ। ਸਿੱਖਿਆ 'ਤੇ ਕੰਮ ਕਰਨ ਵਾਲੀ ਸੰਯੁਕਤ ਰਾਸ਼ਟਰ ਦੀ ਏਜੰਸੀ ਯੂਨੈਸਕੋ ਦੁਆਰਾ 2023 ਵਿੱਚ ਜਾਰੀ ਕੀਤੀ ਗਲੋਬਲ ਐਜੂਕੇਸ਼ਨ ਮਾਨੀਟਰਿੰਗ ਰਿਪੋਰਟ ਦੇ ਅਨੁਸਾਰ, ਕਲਾਸਰੂਮ ਵਿੱਚ ਮੋਬਾਈਲ ਫੋਨ ਦੀ ਵੱਧ ਰਹੀ ਵਰਤੋਂ ਵਿਦਿਆਰਥੀਆਂ ਦਾ ਕਈ ਤਰੀਕਿਆਂ ਨਾਲ ਧਿਆਨ ਭਟਕਾਉਂਦੀ ਹੈ ਅਤੇ ਉਨ੍ਹਾਂ ਦੀ ਪੜ੍ਹਾਈ ਵਿੱਚ ਰੁਕਾਵਟ ਪਾਉਂਦੀ ਹੈ। ਰਿਸਰਚ ਦਾ ਹਵਾਲਾ ਦਿੰਦੇ ਹੋਏ, ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇੱਕ ਵਾਰ ਇੱਕ ਵਿਦਿਆਰਥੀ ਪੜ੍ਹਾਈ ਤੋਂ ਇਲਾਵਾ ਕਿਸੇ ਹੋਰ ਚੀਜ਼ ਵਿੱਚ ਸ਼ਾਮਲ ਹੋ ਜਾਂਦਾ ਹੈ, ਤਾਂ ਉਸਨੂੰ ਪੜ੍ਹਾਈ ਵਿੱਚ ਧਿਆਨ ਕੇਂਦਰਿਤ ਕਰਨ ਵਿੱਚ ਲਗਭਗ 20 ਮਿੰਟ ਲੱਗਦੇ ਹਨ।

ਇਕਾਗਰਤਾ ਤੋਂ ਇਲਾਵਾ, ਮੋਬਾਈਲ ਫੋਨਾਂ ਨੇ ਜੋ ਸਭ ਤੋਂ ਵੱਡੀ ਸਮੱਸਿਆ ਪੈਦਾ ਕੀਤੀ ਹੈ, ਉਹ ਹੈ ਸਾਈਬਰ ਧੱਕੇਸ਼ਾਹੀ। ਸਾਈਬਰ ਧੱਕੇਸ਼ਾਹੀ ਇੱਕ ਕਿਸਮ ਦਾ ਔਨਲਾਈਨ ਸ਼ੋਸ਼ਣ ਹੈ। ਹਾਲਾਂਕਿ ਇਸ ਨੂੰ ਪਰਿਭਾਸ਼ਿਤ ਕਰਨ ਅਤੇ ਇਸ ਬਾਰੇ ਕਾਨੂੰਨ ਬਣਾਉਣ ਦਾ ਕੰਮ ਅਜੇ ਵੀ ਦੁਨੀਆਂ ਭਰ ਵਿੱਚ ਚੱਲ ਰਿਹਾ ਹੈ, ਪਰ ਮੋਟੇ ਤੌਰ 'ਤੇ ਇਸ ਦਾ ਮਤਲਬ ਆਨਲਾਈਨ ਤਕਨੀਕ ਰਾਹੀਂ ਕਿਸੇ ਨੂੰ ਡਰਾਉਣਾ ਜਾਂ ਧਮਕਾਉਣਾ ਹੈ। ਮੋਬਾਈਲ ਦੀ ਵਧਦੀ ਵਰਤੋਂ ਨੇ ਧੱਕੇਸ਼ਾਹੀ ਅਤੇ ਬਲੈਕਮੇਲਿੰਗ ਦੇ ਕਈ ਨਵੇਂ ਆਯਾਮ ਪੈਦਾ ਕੀਤੇ ਹਨ। ਮੋਬਾਈਲ ਫੋਨਾਂ ਕਾਰਨ ਬਲੈਕਮੇਲਿੰਗ ਵੀ ਆਸਾਨ ਹੋ ਗਈ ਹੈ। ਮਾਨਸਿਕ ਤੌਰ 'ਤੇ ਅਪੰਗ ਹੋਣ ਕਾਰਨ ਸਕੂਲੀ ਵਿਦਿਆਰਥੀ ਸਾਈਬਰ ਧੱਕੇਸ਼ਾਹੀ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ। ਇੱਕ ਅਧਿਐਨ ਦੇ ਅਨੁਸਾਰ, ਅਮਰੀਕਾ ਵਿੱਚ ਪੰਜ ਵਿੱਚੋਂ ਇੱਕ ਬੱਚੇ ਨੂੰ ਅਜਨਬੀਆਂ ਦੇ ਸੰਪਰਕ ਵਿੱਚ ਆਉਣ ਕਾਰਨ ਮੋਬਾਈਲ ਫੋਨ 'ਤੇ ਉਨ੍ਹਾਂ ਦੀਆਂ ਆਨਲਾਈਨ ਗਤੀਵਿਧੀਆਂ ਕਾਰਨ ਆਨਲਾਈਨ ਜਿਨਸੀ ਸ਼ੋਸ਼ਣ ਦਾ ਸਾਹਮਣਾ ਕਰਨਾ ਪਿਆ ਹੈ। ਸਾਈਬਰ ਧੱਕੇਸ਼ਾਹੀ ਕਾਰਨ ਕਈ ਵਾਰ ਲੋਕ ਖ਼ੁਦਕੁਸ਼ੀ ਕਰਨ ਲਈ ਮਜਬੂਰ ਹੋ ਜਾਂਦੇ ਹਨ। ਹਾਲਾਂਕਿ, ਵਧਦੇ ਡਿਜੀਟਲਾਈਜ਼ੇਸ਼ਨ ਕਾਰਨ, ਮੋਬਾਈਲ ਦੀ ਵਰਤੋਂ ਦਾ ਪੂਰੀ ਤਰ੍ਹਾਂ ਬਾਈਕਾਟ ਕਰਨਾ ਅਕਲਮੰਦੀ ਦੀ ਗੱਲ ਨਹੀਂ ਹੈ ਕਿਉਂਕਿ ਮੋਬਾਈਲ ਹੋਣ ਦੇ ਅਜਿਹੇ ਫਾਇਦੇ ਹਨ ਜਿਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਹੈ ਪਰ ਨੀਤੀ ਨਿਰਮਾਤਾਵਾਂ ਨੂੰ ਇਹ ਸੋਚਣ ਦੀ ਜ਼ਰੂਰਤ ਹੈ ਕਿ ਮੋਬਾਈਲ ਦੀ ਵਰਤੋਂ ਕਿੱਥੇ ਅਤੇ ਕਿਵੇਂ ਕਰਨੀ ਹੈ। ਵਿਸ਼ੇਸ਼ ਤੌਰ 'ਤੇ ਸਕੂਲੀ ਵਿਦਿਆਰਥੀਆਂ ਵਿੱਚ ਵੱਧ ਰਹੀ ਮੋਬਾਈਲ ਨਿਰਭਰਤਾ ਨੂੰ ਕਾਬੂ ਕਰਨ ਅਤੇ ਉਨ੍ਹਾਂ ਨੂੰ ਮੋਬਾਈਲ ਅਤੇ ਤਕਨਾਲੋਜੀ ਦੇ ਸਕਾਰਾਤਮਕ ਪ੍ਰਭਾਵਾਂ ਦੇ ਨਾਲ-ਨਾਲ ਇਸ ਨਾਲ ਜੁੜੇ ਜ਼ੋਖਮਾਂ ਤੋਂ ਜਾਣੂ ਕਰਵਾਉਣ ਦੀ ਲੋੜ ਹੈ। ਵਿਦਿਆਰਥੀਆਂ ਨੂੰ ਮੋਬਾਈਲ ਦੇ ਆਦੀ ਹੋਣ ਦੀ ਬਜਾਏ ਇਸ ਤੋਂ ਬਿਨਾਂ ਜਿਊਣਾ ਸਿੱਖਣਾ ਹੋਵੇਗਾ, ਤਾਂ ਹੀ ਮਨੁੱਖ ਅਤੇ ਤਕਨਾਲੋਜੀ ਵਿਚਕਾਰ ਸੰਤੁਲਨ ਕਾਇਮ ਰੱਖਿਆ ਜਾ ਸਕਦਾ ਹੈ।

# ਪਤੀ-ਪਤਨੀ ਦੀ ਲੜਾਈ ਦਾ ਬੱਚਿਆਂ 'ਤੇ ਪੈਂਦਾ ਹੈ ਬੁਰਾ ਅਸਰ





ਅੱਜ ਦੇ ਸਮੇਂ ਵਿੱਚ ਅਕਸਰ ਪਤੀ ਪਤਨੀ ਵਿਚਾਲੇ ਲੜਾਈ ਹੋ ਜਾਂਦੀ ਹੈ ਪਰ ਕੀ ਤੁਸੀਂ ਸੋਚਿਆ ਹੈ ਕਿ ਪਤੀ-ਪਤਨੀ ਦੀ ਲੜਾਈ ਦਾ ਉਹਨਾਂ ਦੇ ਬੱਚਿਆਂ ਤੇ ਬੁਰਾ ਅਸਰ ਪੈਂਦਾ ਹੈ। ਤੁਸੀਂ ਇਹ ਵੀ ਦੇਖਿਆ ਹੋਵੇਗਾ ਕਿ ਜਦੋਂ ਮਾਪਿਆਂ ਵਿੱਚ ਲੜਾਈ ਹੁੰਦੀ ਹੈ ਤਾਂ ਬੱਚਿਆਂ ਨੂੰ ਗੱਲਬਾਤ ਦਾ ਮਾਧਿਅਮ ਬਣਾ ਦਿੱਤਾ ਜਾਂਦਾ ਹੈ। ਜੇ ਕੁਝ ਕਹਿਣਾ ਹੋਵੇ ਤਾਂ ਬੱਚਾ ਹੀ ਉਸ ਦਾ ਮਾਧਿਅਮ ਬਣ ਜਾਂਦਾ ਹੈ। ਕੀ ਅਜਿਹਾ ਕਰਨਾ ਸਹੀ ਹੈ ?

ਅਕਸਰ ਦੇਖਿਆ ਜਾਂਦਾ ਹੈ ਕਿ ਮਾਤਾ-ਪਿਤਾ ਕਈ-ਕਈ ਦਿਨ ਆਪਸ ਵਿੱਚ ਗੱਲ ਨਹੀਂ ਕਰਦੇ ਅਤੇ ਜਦੋਂ ਕੋਈ ਗੱਲ ਕਰਨੀ ਪੈਂਦੀ ਹੈ ਤਾਂ ਬੱਚੇ ਉਨ੍ਹਾਂ ਦੇ ਦੂਤ ਬਣ ਜਾਂਦੇ ਹਨ। ਕਈ ਵਾਰ ਬੱਚੇ ਵੀ ਅਜਿਹਾ ਸਰੋਤ ਬਣ ਜਾਂਦੇ ਹਨ ਜਿਸ ਤੋਂ ਮਾਂ ਜਾਂ ਪਿਤਾ ਇੱਕ ਦੂਜੇ ਦੇ ਵਿਰੁੱਧ ਆਪਣਾ ਗੁੱਸਾ ਕੱਢਦੇ ਹਨ ਅਤੇ ਕਈ ਵਾਰ ਬੱਚਿਆਂ ਨੂੰ ਮਾਪਿਆਂ ਵਿੱਚੋਂ ਕਿਸੇ ਇੱਕ ਦਾ ਪੱਖ ਲੈਣ ਲਈ ਕਿਹਾ ਜਾਂਦਾ ਹੈ।

ਜਦੋਂ ਮਾਪੇ ਇੱਕ ਦੂਜੇ ਨਾਲ ਗੱਲ ਨਹੀਂ ਕਰਦੇ ਹਨ ਅਤੇ ਇਸ ਦੀ ਬਜਾਏ ਕਿਸੇ ਤੀਜੇ ਵਿਅਕਤੀ, ਜਿਵੇਂ ਕਿ ਉਹਨਾਂ ਦੇ ਬੱਚੇ, ਨੂੰ ਸੰਚਾਰ ਕਰਨ ਲਈ ਵਰਤਦੇ ਹਨ, ਤਾਂ ਇਸਨੂੰ ਤਿਕੋਣ ਕਿਹਾ ਜਾਂਦਾ ਹੈ। ਵੱਡੇ ਹੋ ਕੇ, ਸਾਡੇ ਵਿੱਚੋਂ ਜ਼ਿਆਦਾਤਰ ਇਸ ਸਥਿਤੀ ਵਿੱਚ ਰਹੇ ਹਨ ਪਰ ਮਨੋਵਿਗਿਆਨੀਆਂ ਨੇ ਇਸ ਗੈਰ-ਸਿਹਤਮੰਦ ਆਦਤ ਵੱਲ ਧਿਆਨ ਖਿੱਚਿਆ ਹੈ।



ਤ੍ਰਿਕੋਣਾਸਨ ਇੱਕ ਸੰਕਲਪ ਹੈ ਜੋ ਆਮ ਤੌਰ 'ਤੇ ਮਾਤਾ-ਪਿਤਾ ਅਤੇ ਬੱਚੇ ਵਿਚਕਾਰ ਦੇਖਿਆ ਜਾਂਦਾ ਹੈ। ਇਹ ਪੈਟਰਨ ਅਕਸਰ ਉਦੋਂ ਪ੍ਰਗਟ ਹੁੰਦਾ ਹੈ ਜਦੋਂ ਮਾਤਾ-ਪਿਤਾ ਜਾਂ ਦੇਖਭਾਲ ਕਰਨ ਵਾਲੇ ਕਿਸੇ ਤੀਜੀ ਧਿਰ ਨੂੰ ਸ਼ਾਮਲ ਕਰਦੇ ਹਨ, ਜਿਵੇਂ ਕਿ ਉਨ੍ਹਾਂ ਦੇ ਬੱਚੇ, ਵਿਵਾਦਾਂ ਜਾਂ ਪਰਸਪਰ ਪ੍ਰਭਾਵ ਵਿੱਚ ਦਖਲ ਦੇਣ ਜਾਂ ਵਿਚੋਲਗੀ ਕਰਨ ਲਈ। ਤ੍ਰਿਕੋਣਾਸਨ ਬੱਚਿਆਂ ਦੀ ਭਾਵਨਾਤਮਕ ਸਿਹਤ, ਸਮਾਜਿਕ ਵਿਕਾਸ ਅਤੇ ਸਮੁੱਚੀ ਪਰਿਵਾਰਕ ਗਤੀਸ਼ੀਲਤਾ 'ਤੇ ਮਹੱਤਵਪੂਰਣ ਪ੍ਰਭਾਵ ਪਾ ਸਕਦਾ ਹੈ।

ਇਹ ਪਰਿਵਾਰ ਦੇ ਅੰਦਰ ਸੰਚਾਰ ਨੂੰ ਪ੍ਰਭਾਵਿਤ ਕਰਦਾ ਹੈ। ਜਦੋਂ ਵਿਵਾਦ ਪੈਦਾ ਹੁੰਦਾ ਹੈ, ਤਾਂ ਅਸੀਂ ਇਸਨੂੰ ਸਿੱਧੇ ਹੱਲ ਕਰਨ ਦੀ ਬਜਾਏ, ਕਿਸੇ ਤੀਜੇ ਵਿਅਕਤੀ 'ਤੇ ਥੋਪ ਦਿੰਦੇ ਹਾਂ। ਇਹ ਬੱਚੇ ਲਈ ਉਲਝਣ ਦੀ ਸਥਿਤੀ ਪੈਦਾ ਕਰ ਸਕਦਾ ਹੈ। ਬੱਚੇ ਨੂੰ ਇਹ ਵੀ ਸਮਝ ਨਹੀਂ ਆਉਂਦੀ ਕਿ ਉਹ ਇਸ ਸਭ ਵਿੱਚ ਕਿਉਂ ਸ਼ਾਮਲ ਹੈ। ਸਮੇਂ ਦੇ ਨਾਲ, ਇਹ ਬੱਚੇ ਅਤੇ ਮਾਪਿਆਂ ਵਿਚਕਾਰ ਵਿਸ਼ਵਾਸ ਅਤੇ ਨੇੜਤਾ ਨੂੰ ਪ੍ਰਭਾਵਿਤ ਕਰਦਾ ਹੈ।

ਮਾਪਿਆਂ ਦੀਆਂ ਇਹ ਗੱਲਾਂ ਬੱਚਿਆਂ ਦੀ ਭਾਵਨਾਤਮਕ ਸਿਹਤ ਨੂੰ ਪ੍ਰਭਾਵਿਤ ਕਰਦੀਆਂ ਹਨ। ਜਦੋਂ ਬੱਚੇ ਨੂੰ ਦੂਜਿਆਂ ਦੇ ਮਤਭੇਦਾਂ ਨੂੰ ਸੁਲਝਾਉਣ ਲਈ ਵਰਤਿਆ ਜਾਂਦਾ ਹੈ, ਤਾਂ ਇਸ ਦਾ ਬੱਚੇ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਇਸ ਨਾਲ ਬੱਚੇ ਵਿੱਚ ਬਹੁਤ ਸਾਰੇ ਭਾਵਨਾਤਮਕ ਅਤੇ ਵਿਵਹਾਰਿਕ ਅੰਤਰ ਹੋ ਸਕਦੇ ਹਨ ਜਿਵੇਂ ਕਿ ਚਿੰਤਾ, ਉਦਾਸੀ, ਘੱਟ ਸਵੈ-ਮਾਣ ਅਤੇ ਗੁੱਸਾ। ਇਸ ਨਾਲ ਬੱਚੇ ਦੀਆਂ ਸਮੱਸਿਆਵਾਂ ਨੂੰ ਸਹੀ ਢੰਗ ਨਾਲ ਹੱਲ ਕਰਨ ਦੀ ਸਮਰੱਥਾ ਵੀ ਘੱਟ ਸਕਦੀ ਹੈ।

ਜੇਕਰ ਤੁਸੀਂ ਇਹ ਜਾਣਨਾ ਚਾਹੁੰਦੇ ਹੋ ਕਿ ਘਰ 'ਚ ਤ੍ਰਿਕੋਣਾਸਨ ਵਰਗੀ ਕੋਈ ਚੀਜ਼ ਹੋ ਰਹੀ ਹੈ ਜਾਂ ਨਹੀਂ ਅਤੇ ਕੀ ਇਸ ਦਾ ਤੁਹਾਡੇ ਬੱਚੇ 'ਤੇ ਕੋਈ ਬੁਰਾ ਪ੍ਰਭਾਵ ਪੈ ਰਿਹਾ ਹੈ ਜਾਂ ਨਹੀਂ, ਤਾਂ ਇਸ ਬਾਰੇ ਆਪਣੇ ਬੱਚੇ ਨਾਲ ਖੁੱਲ੍ਹ ਕੇ ਗੱਲ ਕਰੋ। ਘਰ ਵਿੱਚ ਅਜਿਹਾ ਮਾਹੌਲ ਬਣਾਈ ਰੱਖੋ ਜਿੱਥੇ ਮਤਭੇਦਾਂ ਨੂੰ ਸਹੀ ਢੰਗ ਨਾਲ ਸੁਲਝਾਇਆ ਜਾ ਸਕੇ।

ਬੱਚਿਆਂ ਵਿੱਚ ਇਸ ਸਮੱਸਿਆ ਨੂੰ ਹੱਲ ਕਰਨ ਲਈ ਪ੍ਰਭਾਵਸ਼ਾਲੀ ਸੰਚਾਰ ਹੁਨਰ ਹੋਣਾ ਬਹੁਤ ਜ਼ਰੂਰੀ ਹੈ। ਇਸ ਦੇ ਲਈ ਬੱਚੇ ਦੀ ਗੱਲ ਧਿਆਨ ਨਾਲ ਸੁਣੋ ਅਤੇ ਮਤਭੇਦਾਂ ਨੂੰ ਸੁਲਝਾਉਣ ਦੇ ਤਰੀਕਿਆਂ ਬਾਰੇ ਸੋਚੋ।

TRANS-ALLIANCE
TOGETHER WE SAVE

**FUEL DISCOUNTS**
UPTO 80 CENTS PER GALLON DISCOUNT
MAJOR NETWORK OF TRUCK STOPS

**FUEL CARDS**
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

**YOU BREAK DOWN**
WE SHOW UP
24-HOUR ROADSIDE ASSISTANCE

**TRUCK REPAIR & TIRE DISCOUNTS**
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

**FUEL MANAGEMENT**
DAILY FUEL RATES IN PHONE APP

CALL FOR MORE INFO
(855)641-6955, (888)795-7035

ਕਹਾਣੀ

# ਬਿੰਦਾ

ਮਹਾਦੇਵੀ ਵਰਮਾ



ਛੋਟੀਆਂ ਜਹੀਆਂ ਅੱਖਾਂ ਵਾਲੀ ਉਸ ਦੁਰਬਲ, ਛੋਟੀ ਅਤੇ ਆਪਣੇ-ਆਪ 'ਚ ਸਿਮਟੀ ਕੁੜੀ ਉੱਤੇ ਨਿਗਾਹ ਮਾਰਕੇ, ਮੈਂ ਆਪਣੇ ਸਾਹਮਣੇ ਬੈਠੇ ਸੱਜਣ ਨੂੰ, ਉਨ੍ਹਾਂ ਦਾ ਭਰਿਆ ਦਾਖਲੇ ਦਾ ਫ਼ਾਰਮ ਵਾਪਸ ਕਰਦਿਆਂ ਕਿਹਾ, ਤੁਸੀਂ ਉਮਰ ਠੀਕ ਨਹੀਂ ਭਰੀ, ਇਸਨੂੰ ਸਹੀ ਕਰ ਲਓ, ਨਹੀਂ ਤਾਂ ਬਾਅਦ 'ਚ ਮੁਸ਼ਕਿਲ ਹੋ ਜਾਵੇਗੀ । ਨਹੀਂ ਜੀ, ਇਹ ਤਾਂ ਬੀਤੇ ਹਾੜ੍ਹ ਦੇ ਮਹੀਨੇ 'ਚ ਚੌਦਾਂ ਵਰ੍ਹਿਆਂ ਦੀ ਹੋ ਗਈ ਹੈ । ਇਹ ਸੁਣਿਆ ਤਾਂ ਮੈਂ ਹੈਰਾਨ ਹੋ ਕੇ ਆਪਣੀ ਨਵੀਂ ਵਿਦਿਆਰਥਣ ਵੱਲ ਧਿਆਨ ਨਾਲ ਵੇਖਿਆ, ਜਿਹੜੀ ਨੌਂ ਸਾਲਾਂ ਦੀ ਬੱਚੀ ਵਾਲੀ ਸਰਲ ਚੰਚਲਤਾ ਤੋਂ ਵਾਂਝੀ ਅਤੇ ਚੌਦਾਂ ਸਾਲਾਂ ਦੀ ਜਵਾਨ ਕੁੜੀ ਵਾਲੇ ਸ਼ਰਮਾਏ ਉਤਸ਼ਾਹ ਤੋਂ ਅਣਜਾਣ ਸੀ ।

ਉਸ ਦੀ ਮਾਂ ਬਾਰੇ ਮੇਰੀ ਉਤਸੁਕਤਾ ਮੇਰੇ ਤਕ ਹੀ ਨਾ ਰਹਿਕੇ ਇੱਕ ਸਾਫ਼ ਪ੍ਰਸ਼ਨ ਹੀ ਬਣ ਗਈ ਹੋਣੀ ਹੈ, ਕਿਉਂਕਿ ਦੂਜੇ ਪਾਸਿਓਂ ਜ਼ਰਾ ਕੁੰਠਿਤ ਜਿਹਾ ਜਵਾਬ ਮਿਲਿਆ, ਮੇਰਾ ਦੂਜਾ ਵਿਆਹ ਹੈ, ਅਤੇ ਤੁਹਾਨੂੰ ਪਤਾ ਹੀ ਹੋਵੇਗਾ... ਗੱਲ ਅਨਸੁਣੀ ਕਰਕੇ ਮੇਰਾ ਮਨ ਯਾਦਾਂ ਦੀ ਚਿਤਰਸ਼ਾਲਾ ਵਿੱਚ ਦੋ ਯੁਗਾਂ ਤੋਂ ਵੱਧ ਸਮੇਂ ਤੋਂ ਭੁੱਲੀ, ਦੱਬੀ ਬਿੰਦਾ, ਜਾਂ ਵਿੰਧਯੇਸ਼ਵਰੀ, ਦੀ ਧੁੰਦਲੀ ਜਿਹੀ ਤਸਵੀਰ ਤੇ ਉਂਗਲ ਰੱਖ ਕੇ ਕਹਿਣ ਲੱਗਾ – ਪਤਾ ਹੈ, ਬਿਲਕੁਲ ਪਤਾ ਹੈ।

ਬਿੰਦਾ ਮੇਰੇ ਬਚਪਨ ਦੀ ਉਦੋਂ ਦੀ ਸਹੇਲੀ ਸੀ ਜਦੋਂ ਹਾਲੇ ਮੈਨੂੰ ਜੀਵਨ ਅਤੇ ਮਰਣ ਦਾ ਅਮਿਟ ਫ਼ਰਕ ਸਮਝ ਨਹੀਂ ਸੀ ਆਇਆ । ਆਪਣੇ ਨਾਨਾ-ਨਾਨੀ ਦੇ ਸਵਰਗ ਚਲਾਣਾ ਕਰਨ ਬਾਰੇ ਸੁਣਕੇ ਮੈਂ ਬੜੇ ਗੰਭੀਰ ਚਿਹਰੇ ਅਤੇ ਪੂਰੇ ਯਕੀਨ ਨਾਲ ਪੂਰੇ ਘਰ ਨੂੰ ਦੱਸਿਆ ਸੀ ਕਿ ਜਦੋਂ ਮੇਰਾ ਸਿਰ ਕੱਪੜੇ ਰੱਖਣ ਵਾਲੀ ਅਲਮਾਰੀ ਨੂੰ ਛੋਹਣ ਲੱਗ ਪਵੇਗਾ, ਮੈਂ ਇੱਕ ਵਾਰ ਜ਼ਰੂਰ ਉਨ੍ਹਾਂ ਨੂੰ ਵੇਖਣ ਜਾਵਾਂਗੀ ।

ਮੇਰੇ ਇਸ ਪੁੰਨ-ਸੰਕਲਪ ਦਾ ਵਿਰੋਧ ਕਰਨ ਨੂੰ ਕਿਸੇ ਦਾ ਵੀ ਜੀ ਨਾ ਕੀਤਾ ਅਤੇ ਨਾ ਹੀ ਮੈਂ ਇੱਕ ਵਾਰ ਮਰਕੇ ਕਦੀ ਨਾ ਪਰਤਣ ਦਾ ਨਿਯਮ ਸਮਝਿਆ। ਐਸੀ ਹਾਲਤ 'ਚ ਆਪਣੇ ਛੋਟੇ-ਛੋਟੇ ਅਸਮਰਥ ਬੱਚਿਆਂ ਨੂੰ ਛੱਡਕੇ ਮਰ ਜਾਣ ਵਾਲੀ ਮਾਂ ਦੀ ਕਲਪਨਾ ਵੀ ਮੇਰੇ ਦਿਮਾਗ਼ 'ਚ ਕਿੱਥੇ ਠਹਿਰਨੀ ਸੀ। ਮੇਰਾ ਤਾਂ ਹਾਲੇ ਦੁਨੀਆਂ ਦਾ ਤਜਰਬਾ ਵੀ ਬੜਾ ਸੰਖਿਪਤ ਜਿਹਾ ਸੀ।

ਅਗਿਆਨਤਾ ਦੇ ਵੇਲੇ ਤੋਂ ਮੇਰਾ ਸਾਥ ਦੇਣ ਵਾਲੀ ਚਿੱਟੀ ਕੁੱਤੀ ਪੌੜੀਆਂ ਦੇ ਥੱਲੇ ਬਣੀ ਹਨੇਰੀ ਕੋਠੜੀ ਵਿੱਚ ਅੱਖਾਂ ਮੀਟੀਂ ਪਏ ਆਪਣੇ ਬੱਚਿਆਂ ਲਈ ਇੰਨੀ ਸਤਰਕ 'ਤੇ ਖ਼ਤਰਨਾਕ ਹੋ ਜਾਂਦੀ ਸੀ ਕਿ ਉਸਦਾ ਭੌਂਕਣਾ ਮੇਰੀ ਸਾਰੀ ਮਮਤਾ-ਭਰੀ ਮਿੱਤਰਤਾ ਉੱਤੇ ਪਾਣੀ ਫੇਰ ਦੇਂਦਾ ਸੀ। ਭੂਰੀ ਬਿੱਲੀ ਵੀ ਆਪਣੇ ਚੂਹਿਆਂ ਵਰਗੇ ਨਿੱਕੇ ਬੱਚਿਆਂ ਨੂੰ ਆਪਣੇ ਤਿੱਖੇ, ਨੁਕੀਲੇ ਦੰਦਾਂ 'ਚ ਫਸਾਕੇ ਇਸ ਤਰਾਂ ਲਿਆਉਂਦੀ-ਲੈ ਜਾਂਦੀ ਸੀ ਕਿ ਉਨ੍ਹਾਂ ਨੂੰ ਕਦੇ ਕੋਈ ਦੰਦ ਨਾ ਚੁੱਭੇ।

ਉੱਤੇ ਛੱਤ ਦੀ ਇੱਕ ਨੁੱਕੜ 'ਚ ਕਬੂਤਰਾਂ ਦਾ ਅਤੇ ਵੱਡੀ ਫੋਟੋ ਦੇ ਪਿੱਛੇ ਚਿੜੀਆਂ ਦਾ ਆਲ੍ਹਣਾ ਸੀ। ਉਨ੍ਹਾਂ ਵਿੱਚ ਦੀਆਂ ਖੁੱਲੀਆਂ ਅਤੇ ਛੋਟੀਆਂ ਚੁੰਝਾਂ 'ਚ ਬੜੇ ਧਿਆਨ ਨਾਲ ਭਰੇ ਜਾਂਦੇ ਦਾਣੇ ਅਤੇ ਕੀੜੇ-ਮਕੌੜੇ ਵੀ ਮੈਂ ਕਈ ਵਾਰ ਵੇਖੇ ਸਨ ।

ਆਪਣੇ ਵੱਛੇ ਦੇ ਹਟਾਏ ਜਾਣ 'ਤੇ ਬਾਂ-ਬਾਂ ਕਰਕੇ ਪੂਰੇ ਘਰ ਵਿੱਚ ਇਹ ਖ਼ਬਰ ਫੈਲਾਣ ਵਾਲੀ ਆਪਣੀ ਸ਼ਿਆਮਾ ਗਾਂ ਦੀ ਤਕਲੀਫ਼ ਵੀ ਮੇਰੇ ਲਈ ਕੋਈ ਭੇਦ ਨਹੀਂ ਸੀ। ਫਿਰ ਇੱਕ ਮੰਗਤੀ ਸੀ, ਜਿਹੜੀ ਆਪਣੇ ਇੱਕ ਬੱਚੇ ਨੂੰ ਕੁੱਛੜ ਚੁੱਕੀ, ਦੂਜੇ ਦੀ ਉਂਗਲ ਫੜੀ, ਘਰ-ਘਰ ਫਿਰਦੀ ਸੀ ਤਾਂਕਿ ਉਹਦੇ ਬੱਚਿਆਂ ਨੂੰ ਕੁਛ ਖਾਣ ਨੂੰ ਮਿਲ ਸਕੇ ।

ਗੱਲ ਇਹ ਕਿ ਇਕ ਚੀਜ਼ ਮੈਨੂੰ ਚੰਗੀ ਤਰਾਂ ਸਮਝ ਆ ਚੁਕੀ ਸੀ ਕਿ ਇਸ ਸੰਸਾਰ ਦਾ ਸਾਰਾ ਕਾਰੋਬਾਰ ਬਸ ਬੱਚਿਆਂ ਨੂੰ ਖੁਆਣ-ਪਿਆਣ ਅਤੇ ਸੁਆਣ ਲਈ ਚੱਲ ਰਿਹਾ ਹੈ, ਨਾਲੇ ਇਹ ਕਿ ਇਸ ਬਹੁਤ ਜ਼ਰੂਰੀ ਕੰਮ ਨੂੰ ਅੰਜਾਮ ਦੇਣ ਦਾ ਜਿੰਮਾ 'ਮਾਂ' ਨਾਮ ਦੇ ਜੀਵ ਨੂੰ ਦਿੱਤਾ ਗਿਆ ਹੈ।

ਬਿੰਦਾ ਦੀ ਵੀ ਤਾਂ ਮਾਂ ਸੀ, ਜਿਸਨੂੰ ਅਸੀਂ ਪੰਡਤੈਨ ਚਾਚੀ ਤੇ ਬਿੰਦਾ ਨਵੀਂ ਮਾਂ ਕਹਿ ਕੇ ਬੁਲਾਉਂਦੀ ਸੀ । ਉਹ ਆਪਣੀ ਗੋਰੀ-ਚਿੱਟੀ 'ਤੇ ਮੋਟੀ ਦੇਹ ਨੂੰ ਰੰਗੀਨ ਸਾੜੀ 'ਚ ਕੱਸੀ, ਸੱਜਕੇ, ਮੰਜੇ ਉੱਤੇ ਬੈਠੀ, ਫੁਲੀਆਂ ਗੱਲਾਂ 'ਤੇ ਫੀਨ੍ਹੇ ਨੱਕ ਜੇ ਦੋਵੇਂ ਪਾਸੇ ਕੱਚ ਦੇ ਬਟਨਾਂ ਵਾਂਗ ਚਮਕਦੀਆਂ ਅੱਖਾਂ ਵਾਲੇ ਮੋਹਨ ਨੂੰ ਤੇਲ ਮਲਦੀ ਰਹਿੰਦੀ ਸੀ। ਬੜੀ ਕਾਰੀਗਰੀ ਨਾਲ ਵਾਹੇ ਵਾਲਾਂ ਦੇ ਵਿੱਚ ਸਿੰਦੂਰ ਦੀ ਮੋਟੀ ਜਿਹੀ ਲਕੀਰ, ਊਂਘੀਆਂ ਅੱਖਾਂ ਵਿੱਚ ਕਾਲੇ ਡੋਰਿਆਂ ਜਿਹਾ ਸੁਰਮਾ, ਚਮਕੀਲੇ ਕੰਨ ਫੁੱਲ, ਗਲ 'ਚ ਮਾਲਾ, ਨੱਗ ਵਾਲਿਆਂ ਰੰਗ-ਬਰੰਗੀਆਂ ਚੂੜੀਆਂ ਅਤੇ ਘੁੰਘਰੂਆਂ ਵਾਲੀਆਂ ਪੰਜੇਬਾਂ... ਮੈਨੂੰ ਬੜੇ ਚੰਗੇ ਲੱਗਦੇ ਸਨ । ਇੰਨਾ ਸਾਰਿਆਂ ਨਾਲ ਉਹ ਕਿਸੇ ਪਟੋਲੇ ਵਰਗੀ ਜਾਪਦੀ ਸੀ ।

ਇਹ ਸਭ ਤਾਂ ਚਲੋ ਠੀਕ ਸੀ, ਪਰ ਉਸਦਾ ਵਿਹਾਰ ਬੜਾ ਅਜੀਬ ਜਿਹਾ ਹੁੰਦਾ ਸੀ । ਠੰਡ ਦੇ ਦਿਨਾਂ 'ਚ ਜਦੋਂ ਸਾਨੂੰ ਧੁੱਪ ਨਿਕਲਣ ਤੋਂ ਬਾਅਦ ਜਗਾਇਆ ਜਾਂਦਾ ਸੀ, ਗਰਮ ਪਾਣੀ ਨਾਲ ਮੂੰਹ-ਹੱਥ ਧੁਆ ਕੇ ਊਨੀ ਕੱਪੜੇ, ਜੁਰਾਬਾਂ 'ਤੇ ਬੂਟ ਪੁਆ ਕੇ ਤਰਲੇ ਕਰ-ਕਰ, ਕੋਸਾ ਦੁੱਧ ਪਿਆਇਆ ਜਾਂਦਾ ਸੀ, ਉਦੋਂ ਗਵਾਂਢ ਦੇ ਘਰੋਂ ਪੰਡਤੈਨ ਚਾਚੀ ਦੀ ਆਵਾਜ਼ ਉੱਚੀ, ਹੋਰ ਉੱਚੀ ਹੁੰਦੀ ਜਾਂਦੀ ਸੀ ।

ਜੇ ਉਸ ਗੱਜਣ-ਵੱਸਣ ਦਾ ਕੋਈ ਵੀ ਮਤਲਬ ਪੱਲੇ ਨਾ ਪੈਂਦਾ ਤਾਂ ਮੈਂ ਉਸਨੂੰ ਸ਼ਿਆਮਾ ਦੇ ਰੰਭਨ ਵਰਗਾ ਪਿਆਰ ਦਾ ਪਰਦਰਸ਼ਨ ਵੀ ਸਮਝ ਸਕਦੀ ਸਾਂ, ਲੇਕਿਨ ਉਹ ਸ਼ਬਦਾਵਲੀ ਜਾਣੀ-ਪਹਿਚਾਣੀ ਹੋਣ ਕਰਕੇ ਹੀ ਕੁਛ ਭੁਲੇਖਾ ਪਾਉਂਦੀ ਸੀ । ਉੱਠਦੀ ਹੈਂ ਜਾਂ ਮੈਂ ਆਵਾਂ ?, ਸੰਢੇ ਵਾਂਗ ਅੱਖਾਂ ਕੀ ਕੱਢਦੀ ਹੈਂ ?, ਮੋਹਨ ਦਾ ਦੁੱਧ ਕਦੇ ਗਰਮ ਹੋਏਗਾ ?, ਰੁੜ ਜਾਣੀ ਮਰਦੀ ਵੀ ਨਹੀਂ ! ਇਤਆਦਿ ਸ਼ਬਦਾਂ 'ਚੋਂ ਜਿਹੜੀ ਕਠੋਰ ਧਾਰ ਵੱਗਦੀ ਸੀ , ਉਹ ਮੇਰਾ ਅੱਲ੍ਹੜ ਮਨ ਵੀ ਸਮਝ ਲੈਂਦਾ ਸੀ ।

ਕਦੇ-ਕਦੇ ਮੈਂ ਕੋਠੇ ਤੇ ਖਲੋ ਕੇ ਉਸ ਘਰ ਦੀ ਕਥਾ ਸਮਝਣ ਦਾ ਜਤਨ ਕਰਦੀ ਤਾਂ ਮੈਨੂੰ ਗੰਦੀ-ਮੰਦੀ ਧੋਤੀ 'ਚ ਬਸ ਬਿੰਦਾ ਹੀ ਵੇਹੜੇ ਤੋਂ ਲੈਕੇ ਚੌਂਕੇ ਤਕ, ਭੰਬੀਰੀ ਵਾਂਗ ਨੱਚਦੀ ਦਿੱਸਦੀ । ਉਸਦਾ ਕਦੇ ਝਾੜੂ ਫੇਰਨਾ, ਕਦੀ ਚੁੱਲ੍ਹਾ ਬਾਲਣਾ, ਕਦੇ ਵੇਹੜੇ ਦੀ ਟੂਟੀ 'ਚੋਂ ਪਾਣੀ ਭਰਨਾ ਅਤੇ ਕਦੇ ਨਵੀਂ ਮਾਂ ਨੂੰ ਦੁੱਧ ਦੀ ਕੌਲੀ ਫੜਾ ਜਾਣਾ ਮੈਨੂੰ ਕਿਸੇ ਮਦਾਰੀ ਦੇ ਖੇਡ ਵਰਗਾ ਲੱਗਦਾ ਸੀ, ਕਿਉਂਕਿ ਮੇਰੇ ਲਈ ਉਹ ਸਾਰੇ ਕੰਮ ਕਰਨਾ ਨਾਮੁਮਕਿਨ ਸੀ ।

ਪਰ ਜਦੋਂ ਉਸ ਹੈਰਾਨ-ਪਰੇਸ਼ਾਨ ਕਰ ਦੇਣ ਵਾਲੇ ਕੌਤਕ ਨੂੰ ਨਜ਼ਰਅੰਦਾਜ਼ ਕਰ ਕੇ ਚਾਚੀ ਦੀ ਖਰਵੀ ਅਵਾਜ਼ ਗੂੰਜਦੀ – ਜਿਸ ਵਿੱਚ ਕਦੇ ਕਦੇ ਪੰਡਿਤ ਜੀ ਦੀ ਝਿੜੱਕ ਵੀ ਸ਼ਾਮਿਲ ਹੋ ਜਾਂਦੀ ਸੀ – ਤਦ ਮੈਂ ਪਤਾ ਨਹੀਂ ਕਿਹੜੇ ਦੁੱਖ ਦੀ ਛਾਂ ਨਾਲ ਘਿਰ ਜਾਂਦੀ ਸਾਂ । ਜਿਸਦੀਆਂ ਨਿਪੁੰਨਤਾ ਦੀਆਂ ਮਿਸਾਲਾਂ ਦੇਕੇ ਮੇਰਾ ਖਿਲੰਦੜਾਪਨ ਰੋਕਿਆ ਜਾਂਦਾ ਸੀ, ਉਹੀ ਬਿੰਦਾ ਆਪਣੇ ਘਰ 'ਚ ਕਿਹੜੀਆਂ ਚੁਲਬੁਲੀਆਂ ਕਰਦੀ ਸੀ, ਇਹ ਮੈਨੂੰ ਬੜੀ ਕੋਸ਼ਿਸ਼ ਕਰਕੇ ਵੀ ਨਹੀਂ ਸੀ ਸਮਝ ਆਉਂਦਾ। ਮੈਂ ਇੱਕ ਵੀ ਕੰਮ ਨਹੀਂ ਸਾਂ ਕਰਦੀ, ਉਤੋਂ ਦਿਨ-ਰਾਤ ਸ਼ਰਾਰਤਾਂ, ਪਰ ਮੇਰੀ ਮਾਂ ਨੇ ਮੈਨੂੰ ਕਦੇ ਮਰ ਜਾਣ ਲਈ ਨਹੀਂ ਕਿਹਾ, ਨਾ ਹੀ ਕਦੇ ਇਹ ਕਹਿ ਕੇ ਡਰਾਇਆ ਕਿ ਮੇਰੀਆਂ ਅੱਖਾਂ ਕੱਢ ਲਵੇਗੀ ।

ਮੈਂ ਇੱਕ ਵਾਰ ਆਪਣੀ ਮਾਂ ਨੂੰ ਪੁੱਛਿਆ ਵੀ, ਕੀ ਚਾਚੀ ਤੇਰੇ ਵਰਗੀ ਹੈ ? ਮਾਂ ਨੂੰ ਪਤਾ ਨਹੀਂ ਮੇਰੀ ਗੱਲ ਕਿੰਨੀ ਕੁ ਸਮਝ ਆਈ, ਪਰ ਉਸਦੇ ਸੰਖਿਪਤ ਜਿਹੇ ਜਵਾਬ ਹਾਂ ਨੇ ਨਾ ਮੇਰੀ ਸਮੱਸਿਆ ਹੱਲ ਕੀਤੀ ਤੇ ਨਾ ਹੀ ਮੇਰੀ ਉਲਝਣ ਦਾ ਇਲਾਜ ।

ਬਿੰਦਾ ਮੇਰੇ ਤੋਂ ਵੱਡੀ ਹੀ ਹੋਵੇਗੀ, ਪਰ ਉਸਦਾ ਗਿੱਠਾਪਨ ਵੇਖਕੇ ਇੰਜ ਜਾਪਦਾ ਸੀ ਜਿਵੇਂ ਕਿਸੇ ਨੇ ਉਸਨੂੰ ਉੱਤੋਂ ਦੱਬ ਕੇ ਕੁੱਛ ਛੋਟਾ ਕਰ ਤਾ ਹੋਵੇ । ਦੋ ਪੈਸਿਆਂ ਦੀ ਸਸਤੀ ਜਿਹੀ ਡੱਫਲੀ ਦੇ ਉੱਤੇ, ਝਿੱਲੀ ਵਰਗੇ ਪਤਲੇ, ਮੜੇ ਚਮੜੇ ਵਾਲੇ ਅਤੇ ਹਰੀਆਂ ਨੱਸਾਂ ਦੀ ਝਲਕ ਦੇਂਦੇ ਉਸਦੇ ਲਿੱਸੇ ਹੱਥ-ਪੈਰ ਕਿਸੇ ਅਨਜਾਣੇ ਡਰ ਨਾਲ ਸੁੰਨ ਰਹਿੰਦੇ ਸਨ । ਕਿਤੇ ਕੋਈ ਖਟਕਾ ਹੁੰਦਿਆਂ ਹੀ ਉਸਦਾ ਤ੍ਰਬਕ ਪੈਣਾ, ਪੰਡਤੈਨ ਚਾਚੀ ਦੀ ਆਵਾਜ਼ ਸੁਣਦਿਆਂ ਹੀ ਉਸਦੀ ਕੰਬਣੀ ਛਿੜ ਜਾਣਾ... ਮੇਰੇ ਅਚੰਭੇ ਨੂੰ ਸਿਰਫ਼ ਵਧਾ ਨਹੀਂ ਸਨ ਦੇਂਦੇ, ਬਲਕਿ ਉਸਨੂੰ ਇੱਕ ਖ਼ੌਫ਼ ਵਿੱਚ ਬਦਲ ਦੇਂਦੇ ਸਨ । ਨਾਲੇ ਬਿੰਦਾ ਦੀਆਂ ਅੱਖਾਂ ਵੇਖ ਕੇ ਮੈਨੂੰ ਇੰਜ ਲੱਗਦਾ ਸੀ ਜਿਵੇਂ ਕੋਈ ਪੰਛੀ ਪਿੰਜਰੇ 'ਚ ਬੰਦ ਹੋਵੇ ।

ਇੱਕ ਵਾਰ ਉਸਨੇ ਦੋ-ਤਿੰਨ ਕਰਦਿਆਂ ਤਾਰੇ ਗਿਣਦੇ-ਗਿਣਦੇ ਇਕ ਚਮਕਦਾਰ ਤਾਰੇ ਵੱਲ ਇਸ਼ਾਰਾ ਕੀਤਾ, 'ਉਹ ਵੇਖ ਮੇਰੀ ਮਾਂ ।' ਮੇਰੀ ਹੈਰਾਨੀ ਦਾ ਤਾਂ ਕੋਈ ਠਿਕਾਣਾ ਹੀ ਨਾ ਰਿਹਾ, ਕਿਉਂ, ਸਭ ਦੀ ਇੱਕ ਮਾਂ ਘਰੇ ਤੇ ਇੱਕ ਤਾਰਿਆਂ 'ਚ ਹੁੰਦੀ ਹੈ ? ਬਿੰਦਾ ਨੇ ਉਸ ਦਿਨ ਆਪਣੇ ਗਿਆਨ ਦੇ ਖ਼ਜ਼ਾਨੇ 'ਚੋਂ ਮੈਨੂੰ ਕੁਛ ਮੋਤੀ ਦਿੱਤੇ ਅਤੇ ਮੈਨੂੰ ਸਮਝ ਆਇਆ ਕਿ ਜਿਸ ਮਾਂ ਨੂੰ ਰੱਬ ਆਪਣੇ ਕੋਲ ਬੁਲਾ ਲੈਂਦਾ ਹੈ, ਉਹ ਤਾਰਾ ਬਣਕੇ ਉੱਤੋਂ ਬੱਚਿਆਂ ਨੂੰ ਵੇਖਦੀ ਰਹਿੰਦੀ ਹੈ। ਦੂਜੀ, ਜਿਹੜੀ ਬਹੁਤ ਸੱਜ-ਸਵਰ ਕੇ ਘਰ ਆਉਂਦੀ ਹੈ ਉਹ ਬਿੰਦਾ ਦੀ ਨਵੀਂ ਮਾਂ ਵਰਗੀ ਹੁੰਦੀ ਹੈ । ਮੇਰਾ ਦਿਮਾਗ਼ ਥੋੜੀ ਕੀਤਿਆਂ ਹਾਰ ਨਹੀਂ ਮੰਨਦਾ। ਇਸ ਲਈ ਮੈਂ ਕੁਛ ਸੋਚਕੇ ਉਸਨੂੰ ਕਿਹਾ – ਤੂੰ ਇੱਦਾਂ ਕਿਉਂ ਨਹੀਂ ਕਰਦੀ ਕਿ ਆਪਣੀ ਨਵੀਂ ਮਾਂ ਨੂੰ ਪੁਰਾਣੀ ਮਾਂ ਕਹਿਣਾ ਸ਼ੁਰੂ ਕਰਦੇ, ਫਿਰ ਨਾ ਉਹ ਨਵੀਂ ਰਹੇਗੀ, ਨਾ ਤੈਨੂੰ ਝਿੜਕੇਗੀ ।'

ਬਿੰਦਾ ਨੂੰ ਮੇਰਾ ਸੁਝਾਉ ਕੁਛ ਜਚਿਆ ਨਹੀਂ, ਕਿਉਂਕਿ ਉਸਨੇ ਤਾਂ ਆਪ ਆਪਣੀ ਪੁਰਾਣੀ ਮਾਂ ਨੂੰ ਖੁੱਲੀ ਪਾਲਕੀ 'ਚ ਲੇਟਕੇ ਜਾਂਦੇ ਅਤੇ ਨਵੀਂ ਮਾਂ ਨੂੰ ਬੰਦ ਪਾਲਕੀ 'ਚ ਬਹਿਕੇ ਆਉਂਦੇ ਵੇਖਿਆ ਸੀ । ਇਸ ਲਈ ਉਹਦੇ ਵਾਸਤੇ ਕਿਸੇ ਨੂੰ ਵੀ ਖਾਰਜ ਕਰ ਦੇਣਾ ਔਖਾ ਕੰਮ ਸੀ, ਪਰ ਮੇਰਾ ਮਨ ਉਸਦੀ ਕਹਾਣੀ ਤੋਂ ਇੰਨਾ ਵਿਆਕੁਲ ਹੋਇਆ ਕਿ ਮੈਂ ਉਸੀ ਰਾਤ ਆਪਣੀ ਮਾਂ ਨੂੰ ਮਿੰਨਤ ਕੀਤੀ – 'ਤੂੰ ਕਦੇ ਵੀ ਤਾਰਾ ਨਾ ਬਣੀਂ, ਭਾਂਵੇ ਰੱਬ ਤੈਨੂੰ ਕਿੰਨਾ ਹੀ ਚਮਕੀਲਾ ਤਾਰਾ ਬਣਾਵੇ ।' ਮਾਂ ਵਿਚਾਰੀ ਮੇਰੀ ਗੱਲ ਤੇ ਹੈਰਾਨ ਹੋਕੇ ਵੀ ਕੁਛ ਨਾ ਬੋਲੀ, ਪਰ ਮੈਂ ਆਪ ਹੀ ਉਸਨੂੰ ਖੁੱਲਕੇ ਸਮਝਾ ਦਿੱਤਾ, ਨਹੀਂ ਤਾਂ ਪੰਡਤੈਨ ਚਾਚੀ ਵਰਗੀ ਕੋਈ ਨਵੀਂ ਮਾਂ ਪਾਲਕੀ 'ਚ ਬਹਿਕੇ ਆ ਜਾਵੇਗੀ ਅਤੇ ਫਿਰ ਮੇਰਾ ਦੁੱਧ, ਬਿਸਕੁਟ, ਜਲੇਬੀ ਸਾਰਾ ਕੁਛ ਬੰਦ ਹੋ ਜਾਵੇਗਾ – ਨਾਲੇ ਮੈਨੂੰ ਵੀ ਬਿੰਦਾ ਬਨਣਾ ਪਊਗਾ । ਮਾਂ ਨੇ ਕੀ ਜਵਾਬ ਦਿੱਤਾ ਉਹ ਤਾਂ ਚੇਤੇ ਨਹੀਂ ਆਉਂਦਾ, ਪਰ ਇੰਨਾ ਯਾਦ ਹੈ ਕਿ ਉਸ ਰਾਤ ਮੈਂ ਮਾਂ ਦੀ ਸਾੜੀ ਦਾ ਪੱਲਾ ਮੁੱਠੀ 'ਚ ਦੱਬ ਕੇ ਹੀ ਸੌਂ ਸਕੀ ਸਾਂ ।

ਬਿੰਦਾ ਦੇ ਅਪਰਾਧ ਤਾਂ ਮੇਰੇ ਕਦੇ ਪੱਲੇ ਨਹੀਂ ਪਏ, ਪਰ ਪੰਡਤੈਨ ਚਾਚੀ ਦੀ ਕਚਹਿਰੀ ਤੋਂ ਮਿਲਣ ਵਾਲੀ ਸਜ਼ਾ ਦੇ ਸਾਰੇ ਰੂਪ ਮੈਨੂੰ ਸਮਝ ਆ ਚੁੱਕੇ ਸਨ । ਗਰਮੀਆਂ ਦੀ ਦੁਪਹਿਰੇ ਮੈਂ ਬਿੰਦਾ ਨੂੰ ਵੇਹੜੇ ਦੀ ਸਾੜਵੀਂ ਜ਼ਮੀਨ 'ਤੇ ਬਾਰ-ਬਾਰ ਪੈਰ ਚੁਕਦਿਆਂ-ਰੱਖਦਿਆਂ ਘੰਟਿਆਂ ਤਕ ਖੜੋਤੇ ਵੇਖਿਆ ਸੀ। ਚੌਂਕੇ ਦੇ ਥੰਮ ਨਾਲ ਪੂਰਾ-ਪੂਰਾ ਦਿਨ ਬੰਨਿਆਂ ਵੇਖਿਆ ਸੀ । ਭੂਸੇ ਵਾਂਗ ਮੁਰਝਾਏ ਚਿਹਰੇ ਨਾਲ ਪਹਰਾਂ-ਪਹਰ ਨਵੀਂ ਮਾਂ ਅਤੇ ਉਸਦੇ ਨਾਲ ਭੰਗੂੜੇ 'ਚ ਲੇਟੇ ਮੋਹਨ ਨੂੰ ਪੱਖਾ ਝੱਲਦਿਆਂ ਵੇਖਿਆ ਸੀ । ਨਾ ਸਿਰਫ਼ ਗ਼ਲਤੀ ਦਾ, ਬਿਨਾ ਕਿਸੇ ਗ਼ਲਤੀ ਦਾ ਦੰਡ ਵੀ ਬਿੰਦਾ ਨੂੰ ਸਹਿਣਾ ਪੈਂਦਾ ਸੀ – ਇਸੇ ਕਰਕੇ ਜਦੋਂ ਪੰਡਿਤ ਜੀ ਦੀ ਰੋਟੀ ਦੀ ਥਾਲੀ 'ਚੋਂ ਪੰਡਤੈਨ ਚਾਚੀ ਦਾ ਕਾਲਾ ਮੋਟਾ ਤੇ ਘੁੰਘਰਾਲਾ ਵਾਲ ਮਿਲਿਆ ਤਾਂ ਵੀ ਸਜ਼ਾ ਬਿੰਦਾ ਨੂੰ ਹੀ ਮਿਲੀ।

ਉਸਦੇ ਛੋਟੇ-ਛੋਟੇ, ਆਪਣੇ ਹੱਥੀਂ ਨਾ ਧੋਤੇ ਜਾ ਸਕਣ ਵਾਲੇ, ਅੜਕਾਂ ਵਾਲੇ, ਸੁੱਕੇ ਵਾਲ ਵੀ ਮੈਨੂੰ ਆਪਣੀ ਕੁਦਰਤੀ ਭੂਰੀ ਰੰਗਤ ਅਤੇ ਕੋਮਲਤਾ ਦੀ ਵਜ੍ਹਾ ਨਾਲ ਬੜੇ ਚੰਗੇ ਲੱਗਦੇ ਸਨ । ਜਦੋਂ ਪੰਡਤੈਨ ਚਾਚੀ ਨੇ ਕੈਂਚੀ ਨਾਲ ਉਨ੍ਹਾਂ ਨੂੰ ਕੱਟ ਕੇ ਕੂੜੇ ਦੇ ਢੇਰ 'ਤੇ ਫੈਲਾ 'ਤਾ ਅਤੇ ਉਨ੍ਹਾਂ ਦੀ ਥਾਂ ਬਿੱਲੀ ਦੀਆਂ ਕਾਲੀਆਂ ਧਾਰੀਆਂ ਵਰਗੀਆਂ ਲਕੀਰਾਂ ਬਣਾ ਦਿੱਤੀਆਂ ਤਾਂ ਮੇਰਾ ਰੋਣਾ ਹੀ ਨਿਕਲ ਗਿਆ । ਪਰ ਬਿੰਦਾ ਐਵੇਂ ਅਡੋਲ ਬੈਠੀ ਰਹੀ ਜਿਵੇਂ ਉਸਦੇ ਵਾਲ ਅਤੇ ਸਿਰ ਦੋਨੋਂ ਨਵੀਂ ਮਾਂ ਦੇ ਹੀ ਹੋਣ ।

ਇੱਕ ਦਿਨ ਹੋਰ ਚੇਤੇ ਆਉਂਦਾ ਹੈ... ਚੁੱਲੇ 'ਤੇ ਚੜ੍ਹਿਆ ਦੁੱਧ ਉਬਲਣ ਵਾਲਾ ਸੀ, ਬਿੰਦਾ ਨੇ ਆਪਣੇ ਨਿੱਕੇ-ਨਿੱਕੇ ਹੱਥਾਂ ਨਾਲ ਗਰਮ ਪਤੀਲਾ ਉਤਾਰ ਤਾਂ ਲਿਆ, ਪਰ ਉਹ ਉਸਦੀਆਂ ਉਂਗਲਾਂ 'ਚੋਂ ਛੁੱਟ ਕੇ ਡਿੱਗ ਪਿਆ । ਖੌਲਦੇ ਦੁੱਧ ਨਾਲ ਜੱਲੇ ਆਪਣੇ ਪੈਰਾਂ ਸਮੇਤ ਦਰਵਾਜ਼ੇ ਨਾਲ ਲੱਗੀ ਬਿੰਦਾ ਦਾ ਰੋਣਾ ਵੇਖਕੇ ਮੈਂ ਹੱਕੀ-ਬੱਕੀ ਰਹਿ ਗਈ । ਮੇਰੇ ਲਈ ਇਹ ਸਮਝਣਾ ਔਖਾ ਸੀ ਕਿ ਪੰਡਤੈਨ ਚਾਚੀ ਨੂੰ ਕਹਿ ਕੇ ਉਹ ਕੋਈ ਦਵਾਈ ਕਿਉਂ ਨਹੀਂ ਲਗਵਾ ਲੈਂਦੀ ।

ਉੱਤੋਂ ਜਦ ਬਿੰਦਾ ਮੇਰਾ ਹੱਥ ਫੱੜਕੇ ਆਪਣੇ ਜ਼ੋਰ ਨਾਲ ਧੜਕਦੇ ਦਿਲ 'ਤੇ ਲਾ ਕੇ ਮੈਨੂੰ ਕਹਿਣ ਲੱਗੀ ਕਿ ਮੈਂ ਉਸਨੂੰ ਕਿਤੇ ਲੁਕਾ ਲਵਾਂ ਤਾਂ ਮੇਰੇ ਵਾਸਤੇ ਉਹ ਸਭ ਰਹੱਸਪੂਰਨ ਹੋ ਗਿਆ । ਮੈਂ ਉਸਨੂੰ ਖਿੱਚਕੇ ਆਪਣੇ ਘਰ ਤਾਂ ਲੈ ਆਈ, ਪਰ ਨਾ ਮੈਂ ਉਸਨੂੰ ਉਪਰ ਆਪਣੀ ਮਾਂ ਕੋਲ ਲਿਜਾ ਸਕੀ, ਨਾ ਉਸਦੇ ਲੁੱਕਣ ਦੀ ਕੋਈ ਥਾਂ ਹੀ ਲੱਭ ਸਕੀ । ਇੰਨੇ ਵਿੱਚ ਕੰਧ ਉੱਤੋਂ ਲੰਘ ਕੇ ਆਉਂਦੀ ਪੰਡਤੈਨ ਚਾਚੀ ਦੀ ਉੱਚੀ 'ਤੇ ਡਰਾਵਣੀ ਆਵਾਜ਼ ਨੇ ਸਾਨੂੰ ਇੰਨਾ ਦਹਿਸ਼ਤ 'ਚ ਪਾ ਦਿੱਤਾ ਕਿ ਅਸੀਂ ਹੜਬੜੀ 'ਚ ਉਸ ਕੋਠੜੀ ਵਿੱਚ ਜਾ ਵੜੀਆਂ ਜਿਹਦੇ ਵਿੱਚ ਗਾਂ ਲਈ ਪੱਠੇ ਰੱਖੇ ਜਾਂਦੇ ਸਨ । ਮੈਨੂੰ ਤਾਂ ਪੱਤੀਆਂ ਵੀ ਚੁਭ ਰਹੀਆਂ ਸਨ, ਹਨੇਰਾ ਵੀ ਤਕਲੀਫ਼ ਦੇ ਰਿਹਾ ਸੀ, ਪਰ ਬਿੰਦਾ ਆਪਣੇ ਸੜੇ ਪੈਰ ਘਾਹ ਵਿੱਚ ਪਾਕੇ, ਆਪਣੇ ਠੰਡੇ ਹੱਥਾਂ 'ਚ ਮੇਰਾ ਹੱਥ ਫੜੀ ਇੰਝ ਬੈਠੀ ਸੀ ਜਿਵੇਂ ਉਹ ਚੁਭਦਾ ਘਾਹ ਕੋਈ ਰੇਸ਼ਮੀ ਵਿਛੌਣਾ ਹੋਵੇ ।

ਮੇਰੀ ਸ਼ਾਇਦ ਅੱਖ ਲੱਗ ਗਈ ਸੀ, ਕਿਉਂਕਿ ਪੱਠੇ ਕੱਢਣ ਆਇਆ ਗੋਪੀ ਉਸ ਅਜੀਬ ਨਜ਼ਾਰੇ ਦਾ ਐਲਾਨ ਕਰਨ ਲਈ ਰੌਲਾ ਪਾਣ ਲੱਗਾ ਤਾਂ ਮੈਂ ਅੱਖਾਂ ਮਲਦਿਆਂ ਪੁੱਛਿਆ, 'ਦਿਨ ਚੜ੍ਹ ਆਇਐ ?'

ਮੇਰੀ ਮਾਂ ਨੇ ਬਿੰਦਾ ਦੇ ਪੈਰਾਂ 'ਤੇ ਚੂਨੇ ਦਾ ਪਾਣੀ ਅਤੇ ਤਿਲਾਂ ਦਾ ਤੇਲ ਲਗਾਕੇ ਕਿਸੇ ਖ਼ਾਸ ਨੌਕਰ ਨਾਲ ਉਸਨੂੰ ਉਹਦੇ ਘਰ ਭਿਜਵਾ 'ਤਾ । ਬਿੰਦਾ ਨਾਲ ਫਿਰ ਕੀ ਗੁਜ਼ਰੀ ਉਹ ਤਾਂ ਨਹੀਂ ਪਤਾ, ਪਰ ਇੰਨਾ ਮੈਨੂੰ ਪਤਾ ਸੀ ਕਿ ਪੰਡਤੈਨ ਚਾਚੀ ਦੇ ਨਿਆਏ- ਵਿਧਾਨ 'ਚ ਨਾ ਖਿਮਾ ਦੀ ਕੋਈ ਥਾਂ ਸੀ 'ਤੇ ਨਾ ਹੀ ਕੋਈ ਅਪੀਲ ਦਾ ਹੱਕ ।

ਕੁਛ ਦਿਨ ਬਿੰਦਾ ਨੂੰ ਮੈਂ ਘਰ ਦਾ ਕੋਈ ਕੰਮ ਕਰਦਿਆਂ ਨਹੀਂ ਵੇਖਿਆ । ਮੇਰੀ ਮਾਂ ਨੇ ਮੇਰਾ ਉਸਦੇ ਘਰ ਜਾਣਾ ਰੋਕ ਦਿੱਤਾ ਸੀ; ਪਰ ਉਹ ਆਪ ਕਦੇ-ਕਦੇ ਅੰਗੂਰ ਤੇ ਸੇਬ ਲੈਕੇ ਉੱਥੇ ਜ਼ਰੂਰ ਜਾਂਦੀ ਸੀ । ਬੜੀ ਖੁਸ਼ਾਮਦ ਕਰਵਾਕੇ ਨੌਕਰਾਣੀ ਰੁਕੀਆ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਦੇ ਘਰ ਮਹਾਰਾਣੀ ਆਈ ਹੋਈ ਹੈ । ਜਦੋਂ ਮੈਂ ਪੁੱਛਿਆ ਕਿ ਉਹ ਮੈਨੂੰ ਨਹੀਂ ਮਿਲ ਸਕਦੀ ? ਤਾਂ ਮੂੰਹ 'ਚ ਕੱਪੜਾ ਤੂਸ ਕੇ ਹਾਸਾ ਰੋਕਣ ਲੱਗ ਪਈ ।

ਜਦੋਂ ਮੇਰੀ ਸ਼ੰਕਾ ਦਾ ਕੋਈ ਹੱਲ ਨਾ ਨਿਕਲਿਆ ਤਾਂ ਮੈਂ ਇੱਕ ਦਿਨ ਦੁਪਹਿਰੀ ਸਭਦੀ ਨਜ਼ਰ ਬਚਾਕੇ ਬਿੰਦਾ ਦੇ ਘਰ ਜਾ ਪਹੁੰਚੀ । ਥੱਲੇ ਦੇ ਸੁਨਸਾਨ ਹਿੱਸੇ 'ਚ ਬਿੰਦਾ ਕੱਲੀ ਇੱਕ ਮੰਜੀ 'ਤੇ ਲੰਮੀ ਪਈ ਸੀ । ਅੱਖਾਂ ਜਿਵੇਂ ਖੱਡਿਆਂ ਵਿੱਚ ਧੱਸ ਗਈਆਂ ਸਨ, ਮੂੰਹ ਦਾਣਿਆਂ ਨਾਲ ਭਰਕੇ ਹੋਰ ਹੀ ਤਰਾਂ ਦਾ ਹੋ ਗਿਆ ਸੀ, ਅਤੇ ਮੈਲੀ ਚਾਦਰ ਹੇਠ ਛੁਪਿਆ ਮਾੜਾ ਜਿਹਾ ਸ਼ਰੀਰ ਬਿਸਤਰੇ ਤੋਂ ਵੱਖ ਨਹੀਂ ਸੀ ਦਿਸਦਾ । ਡਾਕਟਰ, ਦਵਾਈ ਦੀਆਂ ਸ਼ੀਸ਼ਿਆਂ, ਸਿਰ 'ਤੇ ਹੱਥ ਫੇਰਦੀ ਮਾਂ, ਅਤੇ ਮੰਜੇ ਦੇ ਦੁਆਲੇ ਚੱਕਰ ਕੱਟਦੇ ਬਾਊਜੀ ਤੋਂ ਬਿਨਾ ਵੀ ਕੋਈ ਬਿਮਾਰੀ ਹੁੰਦੀ ਹੈ, ਇਹ ਮੈਨੂੰ ਪਤਾ ਹੀ ਨਹੀਂ ਸੀ । ਇਸ ਲਈ ਕੱਲੀ ਪਈ ਬਿੰਦਾ ਦੇ ਲਾਗੇ ਖੜਕੇ ਮੈਂ ਹੈਰਾਨੀ ਨਾਲ ਚਾਰੋਂ ਪਾਸੇ ਵੇਖਦੀ ਰਹੀ ।

ਬਿੰਦਾ ਨੇ ਆਪ ਹੀ ਕੁਛ ਇਸ਼ਾਰਿਆਂ ਨਾਲ 'ਤੇ ਕੁਛ ਅਸਪਸ਼ਟ ਸ਼ਬਦਾਂ 'ਚ ਦੱਸਿਆ ਕਿ ਨਵੀਂ ਮਾਂ ਮੋਹਨ ਨਾਲ ਉਤਲੇ ਹਿੱਸੇ 'ਚ ਹੀ ਰਹਿੰਦੀ ਹੈ, ਸ਼ਾਇਦ ਚੇਚਕ ਦੇ ਡਰ ਦੇ ਮਾਰੇ । ਸਵੇਰੇ-ਸ਼ਾਮ ਆਕੇ ਬਰੌਨੀ (ਕੋਈ ਕੰਮ ਵਾਲੀ) ਉਸਦਾ ਕੰਮ ਕਰ ਜਾਂਦੀ ਹੈ ।

ਉਸਤੋਂ ਬਾਅਦ ਮੈਂ ਬਿੰਦਾ ਨੂੰ ਨਹੀਂ ਮਿਲ ਸਕੀ, ਕਿਉਂਕਿ ਮੇਰੀ ਇਸ ਹੁਕਮ-ਅਦੂਲੀ ਤੋਂ ਮਾਂ ਬੜੀ ਫ਼ਿਕਰਮੰਦ ਹੋ ਗਈ ਸੀ । ਇਕ ਦਿਨ ਸਵੇਰੇ ਹੀ ਰੁਕੀਆ ਨੇ ਆਕੇ ਮਾਂ ਨੂੰ ਪਤਾ ਨਹੀਂ ਕੀ ਦੱਸਿਆ ਕਿ ਮਾਂ ਆਪਣਾ ਰਮਾਇਣ ਦਾ ਪਾਠ ਬੰਦ ਕਰਕੇ, ਅੱਖਾਂ ਪੂੰਝਦੀ, ਬਿੰਦਾ ਦੇ ਘਰ ਵੱਲ ਨਿਕਲ ਗਈ । ਜਾਣ ਲੱਗਿਆਂ ਉਹ ਮੈਨੂੰ ਬਾਹਰ ਨਾ ਨਿਕਲਣ ਦੀ ਤਾਕੀਦ ਕਰ ਗਈ, ਜਿਸ ਕਰਕੇ ਮੇਰਾ ਇਧਰ-ਉਧਰ ਤਾਕਾ-ਝਾਂਕੀ ਕਰਨਾ ਜ਼ਰੂਰੀ ਹੋ ਗਿਆ ।

ਰੁਕੀਆ ਮੇਰੇ ਲਈ ਕਿਸੇ ਜਾਣੀ-ਜਾਣ ਤੋਂ ਘੱਟ ਨਹੀਂ ਸੀ, ਪਰ ਉਹ ਹੱਥ-ਪੈਰ ਜੁੜਵਾਏ ਬਿਨਾ ਕੁਛ ਦੱਸਦੀ ਨਹੀਂ ਸੀ; ਅਤੇ ਉਹਦੀਆਂ ਮਿੰਨਤਾਂ ਕਰਨਾ ਮੇਰੀ ਸ਼ਾਨ ਦੇ ਖ਼ਿਲਾਫ਼ ਸੀ । ਆਖ਼ਿਰ, ਬਾਰੀ ਥਾਣੀ ਝਾਂਕਕੇ ਮੈਨੂੰ ਹੋਰ ਤਾਂ ਕੁਛ ਦਿਸਿਆ ਨਹੀਂ, ਬੱਸ ਬੰਦਿਆਂ ਦੀ ਉਹੋ ਜਿਹੀ ਭੀੜ ਜਮਾ ਦਿਸੀ ਜਿਹੜੀ ਕਿਸੇ ਬਰਾਤ ਜਾਂ ਵਿਆਹ ਦੇ ਮੌਕੇ 'ਤੇ ਹੁੰਦੀ ਹੈ ।

ਮਤਲਬ ਉਸ ਘਰ 'ਚ ਕੋਈ ਵਿਆਹ ਹੈ, ਪਰ ਕਿਸਦਾ ? ਇਹੋ ਜਿਹੇ ਸਵਾਲ ਮੇਰੇ ਦਿਮਾਗ਼ ਦਾ ਇਮਤਿਹਾਨ ਲੈ ਰਹੇ ਸਨ । ਪੰਡਿਤ ਜੀ ਦਾ ਵਿਆਹ ਤਾਂ ਹੁਣ ਉਦੋਂ ਹੋਵੇਗਾ ਜਦੋਂ ਪੰਡਤੈਨ ਚਾਚੀ ਵੀ ਮਰਕੇ ਤਾਰਾ ਬਣ ਜਾਵੇਗੀ । ਹਾਲੇ ਠੀਕ ਤਰਾਂ ਬਹਿ ਵੀ ਨਾ ਸੱਕਣ ਵਾਲੇ ਮੋਹਨ ਦਾ ਤਾਂ ਵਿਆਹ ਹੋ ਨਹੀਂ ਸਕਦਾ । ਸਭ ਸੋਚ-ਵਿਚਾਰ ਕਰਕੇ ਮੈਂ ਇਸ ਨਤੀਜੇ 'ਤੇ ਪਹੁੰਚੀ ਕਿ ਵਿਆਹ ਬਿੰਦਾ ਦਾ ਹੀ ਹੋ ਰਿਹਾ ਹੈ, ਅਤੇ ਉਸਨੇ ਮੈਨੂੰ ਬੁਲਾਇਆ ਤੱਕ ਨਹੀਂ ! ਇਸ ਨਿਰਾਦਰ ਤੋਂ ਦੁਖੀ ਹੋਕੇ ਮੇਰਾ ਬੜਾ ਦਿਲ ਕੀਤਾ ਕਿ ਸਾਰੇ ਗੁੱਡੇ-ਗੁੱਡੀਆਂ ਨੂੰ ਗਵਾਹ ਬਣਾਕੇ ਪ੍ਰਣ ਕਰ ਲਵਾਂ ਕਿ ਆਪਣੇ ਕਿਸੇ ਵੀ ਸ਼ੁਭ ਸਮਾਰੋਹ ਵਿੱਚ ਬਿੰਦਾ ਨੂੰ ਨਹੀਂ ਸੱਦਣਾ ।

ਫਿਰ ਕਈ ਦਿਨਾਂ ਤੱਕ ਬਿੰਦਾ ਦੇ ਘਰ ਵੱਲ ਝਾਤੀਆਂ ਮਾਰਨ ਮਗਰੋਂ ਮੈਂ ਮਾਂ ਨੂੰ ਉਸਦੇ ਸਹੁਰਿਓਂ ਵਾਪਸ ਆਉਣ ਬਾਰੇ ਪੁੱਛਿਆ ਤਾਂ ਪਤਾ ਲੱਗਾ ਕਿ ਉਹ ਤਾਂ ਆਪਣੀ ਅਕਾਸ਼ 'ਚ ਵਸਦੀ ਮਾਂ ਕੋਲ ਚਲੀ ਗਈ ਹੋਈ ਸੀ । ਉਸ ਦਿਨ ਤੋਂ ਮੈਂ ਅਕਸਰ ਚਮਕੀਲੇ ਤਾਰੇ ਦੇ ਆਲੇ-ਦੁਆਲੇ ਫੈਲੇ ਛੋਟੇ ਤਾਰਿਆਂ ਵਿੱਚ ਬਿੰਦਾ ਨੂੰ ਲੱਭਦੀ ਰਹੀ, ਪਰ ਇੰਨੀ ਦੂਰੋਂ ਪਛਾਣਨਾ ਕਿਹੜਾ ਸੌਖਾ ਸੀ !

ਕਿੰਨਾ ਸਮਾਂ ਬੀਤ ਚੁੱਕਿਆ ਹੈ, ਪਰ ਬਿੰਦਾ ਅਤੇ ਉਸਦੀ ਨਵੀਂ ਮਾਂ ਦੀ ਕਹਾਣੀ ਖ਼ਤਮ ਨਹੀਂ ਹੋਈ । ਕੌਣ ਦੱਸ ਸਕਦਾ ਹੈ, ਕਦੇ ਖ਼ਤਮ ਹੋਏਗੀ ਵੀ ਜਾਂ ਨਹੀਂ ।

# ਮੇਰੀ ਕਲਮ

## ਸੱਜਰੇ ਫੁੱਲ ਦੀਆਂ ਮਹਿਕਾਂ ਵਰਗੇ

ਸੁਖਵਿੰਦਰ ਅੰਮ੍ਰਿਤ



ਸੱਜਰੇ ਫੁੱਲ ਦੀਆਂ ਮਹਿਕਾਂ ਵਰਗੇ
ਤੇਰੇ ਬੋਲ ਮੁਹੱਬਤਾਂ ਵਰਗੇ
ਕੁਝ ਦਿਲ ਹੀਰੇ , ਕੁਝ ਦਿਲ ਮੋਤੀ
ਕੁਝ ਦਿਲ ਖ਼ਾਰੇ ਹੰਝੂਆਂ ਵਰਗੇ
ਵਿਛੜ ਗਈਆਂ ਜਿਹਨਾਂ ਤੋਂ ਰੂਹਾਂ
ਉਹ ਤਨ ਹੋ ਗਏ ਕਬਰਾਂ ਵਰਗੇ
ਸਾਡਾ ਦਿਲ ਕੱਖਾਂ ਦੀ ਕੁੱਲੀ
ਉਹਦੇ ਬੋਲ ਨੇ ਚਿਣਗਾਂ ਵਰਗੇ
ਜਦ ਜੀ ਚਾਹੇ ਪਰਖ ਲਈਂ ਤੂੰ
ਸਾਡੇ ਜੇਰੇ ਬਿਰਖਾਂ ਵਰਗੇ
ਧੁੱਪਾਂ ਸਹਿ ਕੇ ਛਾਵਾਂ ਵੰਡਦੇ
ਰੁੱਖ ਵੀ ਸੱਜਣਾਂ ਮਿੱਤਰਾਂ ਵਰਗੇ
ਕੁਝ ਅਹਿਸਾਸ ਨੇ ਸ਼ੇਅਰ ਗ਼ਜ਼ਲ ਦੇ
ਕੁਝ ਅਣ-ਲਿਖੀਆਂ ਸਤਰਾਂ ਵਰਗੇ

## ਜੀਵਨ ਦੀ ਤੋਰ

ਉੱਤਮਵੀਰ ਸਿੰਘ ਦਾਊਂ

ਇਹ ਜਿੰਨਾ ਸੌਖਾ ਲਗਦਾ ਏ
ਹੱਥੀਂ ਖ਼ੁਦ ਦਾ ਚਿਹਰਾ ਧੋਣਾ
ਓਨਾ ਹੀ ਮੁਸ਼ਕਿਲ ਹੁੰਦਾ ਏ
ਖ਼ੁਦ 'ਚੋਂ ਖ਼ੁਦ ਹੀ ਮਨਫ਼ੀ ਹੋਣਾ।

ਰੁੱਸਣ ਨੂੰ ਤਾਂ ਜੱਗ ਰੁੱਸ ਜਾਂਦਾ
ਸ਼ਿਕਵਿਆਂ ਦੇ ਖੰਜਰ ਨੂੰ ਫੜ ਕੇ
ਸੱਚ ਨੂੰ ਲੋੜ ਨਹੀਂ ਪਰਦੇ ਦੀ
ਝੂਠ ਕਰੂ ਕੀ ਸਾਹਵੇਂ ਅੜ ਕੇ।

ਫੁੱਲ ਹਰੇਕ ਹੀ ਖ਼ੁਸ਼ ਹੋ ਸੁੰਘਦਾ
ਕੌਣ ਕੰਡਿਆਂ ਦਾ ਦਰਦ ਪਛਾਣੇ
ਉਹ ਤਾਂ ਫੁੱਲ ਦੀ ਰਾਖੀ ਕਰਦੇ
ਫੇਰ ਵੀ ਸਭ ਲਈ ਉਹ ਨਿਤਾਣੇ।

ਇੱਕ ਕ੍ਰਿਸ਼ਮਾ ਅੱਖ ਪਈ ਲੋਚੇ
ਥਲ ਨੂੰ ਸਾਗਰ ਗਲ ਨਾਲ ਲਾਏ
ਵਣ ਤ੍ਰਿਣ ਮੌਲੇ ਪੌਣ ਰੁਮਕਦੀ
ਬੱਸ ਇੱਕ ਵਾਰ ਤੂੰ ਦਿਸ ਪਾ ਵਾਏ।

ਸੂਰਜ ਵੱਡਾ ਜਾਂ ਚੰਨ ਹੈ ਛੋਟਾ
ਇਹ ਵੀ ਦੱਸਣ ਦੀ ਲੋੜ ਹੈ ਕੀ
ਅੱਖ ਦੀ ਪੁਤਲੀ ਸਭ ਪਛਾਣੇ
ਕਿਰਨ, ਰਿਸ਼ਮ ਦੀ ਤੋਰ ਹੈ ਕੀ।

## ਕਣਕ ਕਿਸਾਨ ਦੀ

ਹਰਪ੍ਰੀਤ ਕੌਰ ਸੰਧੂ



ਸੜਕਾਂ 'ਤੇ
ਧਰਨੇ ਦੇ ਰਹੇ ਕਿਸਾਨ
ਲਾਠੀਆਂ ਲੈ ਕੇ ਖੜ੍ਹੇ ਸਿਪਾਹੀ
ਘਰੋਂ ਆਏ ਖਾ ਕੇ ਪਰੌਂਠੇ
ਪਰੌਂਠੇ ਕਣਕ ਦੇ
ਕਣਕ ਕਿਸਾਨ ਦੀ
ਦਫ਼ਤਰਾਂ ਵਿੱਚ ਬੈਠੇ ਅਫ਼ਸਰ
ਦੇ ਰਹੇ ਕਿਸਾਨ ਵਿਰੋਧੀ ਹੁਕਮ
ਘਰੋਂ ਖਾ ਕੇ ਆਏ
ਬ੍ਰਾਊਨ ਬ੍ਰੈੱਡ
ਬ੍ਰੈੱਡ ਕਣਕ ਦੀ
ਕਣਕ ਕਿਸਾਨ ਦੀ
ਸੰਸਦ ਵਿੱਚ ਬੈਠੇ ਨੇਤਾ
ਕੱਢ ਰਹੇ ਕਿਸਾਨ ਵਿਰੋਧੀ ਕਾਨੂੰਨ
ਸੰਸਦ ਦੀ ਕੰਟੀਨ 'ਚੋਂ
ਸਸਤੇ ਮੁੱਲ 'ਤੇ ਖਾ ਕੇ ਆਏ ਡੋਸੇ
ਡੋਸੇ ਬਣੇ ਦਾਲ ਤੇ ਚੌਲ ਦੇ
ਦਾਲ ਤੇ ਚੌਲ ਕਿਸਾਨ ਦੇ।
ਖ਼ਬਰਾਂ ਕਰ ਰਹੇ ਪੱਤਰਕਾਰ
ਘਰੋਂ ਖਾ ਕੇ ਆਏ ਪੂਰੀਆਂ
ਪੂਰੀਆਂ ਆਟੇ ਦੀਆਂ
ਆਟਾ ਕਣਕ ਦਾ
ਕਣਕ ਕਿਸਾਨ ਦੀ
ਟੀ ਵੀ ਮੂਹਰੇ ਬੈਠੇ
ਅਸੀਂ ਸੁਣ ਰਹੇ ਤਕਰੀਰਾਂ
ਖਾ ਕੇ ਬੈਠੇ ਭਠੂਰੇ
ਭਠੂਰੇ ਮੈਦੇ ਦੇ
ਮੈਦਾ ਕਣਕ ਦਾ
ਤੇ ਕਣਕ ਕਿਸਾਨ ਦੀ।

## ਭਰ ਜੋਬਨ ਬੰਦਗੀ

ਛਿੰਦਰ ਕੌਰ ਸਿਰਸਾ

ਜੋਬਨ ਰੁੱਤੇ ਬੰਦਗੀ ਭਰ ਜੋਬਨ 'ਤੇ
ਮਿੱਟੀ ਦੇ ਬੁੱਤਾ ਤੈਨੂੰ ਰੱਬ ਬਣਾਉਣਾ ਏ
ਸਾਡੀ ਰੱਤ ਦੇ ਨਾਲੋਂ ਮਹਿੰਗਿਆਂ
ਅਸਾਂ ਕੱਚਿਆਂ 'ਤੇ ਤਰ ਆਉਣਾ ਏ
ਸਾਂਭੀ ਰੱਖਿਆ ਜੋ ਨੈਣਾਂ ਦੇ ਸਰਵਰੀਂ
ਉਸ ਸੁਪਨੇ ਦਾ ਨਾਮ ਕਢਾਉਣਾ ਏ
ਮੀਂਹਾਂ ਤੋਂ ਸੋਹਣਿਆਂ ਕਣੀਆਂ ਦੇ ਹਾਣੀਆਂ
ਤੈਨੂੰ ਉੱਚੜੇ ਪੀਰ ਦੇ ਵਾਂਗ ਧਿਆਉਣਾ ਏ
ਦੀਦ ਤੇਰੀ ਸਾਨੂੰ ਦੋ ਵੇਲੇ ਦਾ ਟੁੱਕਰ
ਅਸਾਂ ਚਾੜ੍ਹ ਕਲੇਜਾ ਖਵਾਉਣਾ ਏ
ਅਦਬੀ ਹਕੀਕੀ ਤੇ ਮਜਾਜੀ ਇਸ਼ਕ ਦਾ
ਜਿਸਮੀਂ ਜੋੜਾ ਰੂਹਾਂ ਦਾ ਜੋੜਾ ਬਣਾਉਣਾ ਏ
ਤੇਰਾ ਧਿਆਨ ਗੁੱਝੀਆਂ ਪੀੜਾ ਨੂੰ ਟਕੋਰਾਂ
ਤੁਝ ਪੱਥਰ ਨੂੰ ਚੁੱਕ-ਚੁੱਕ ਸੀਨੇ ਲਾਉਣਾ ਏ
ਸੂਰਜ ਚੜ੍ਹਨੋਂ ਪਹਿਲਾ ਜਾਗਦੇ ਬਿਰਹੇ ਨੂੰ
ਰਾਤ ਪੈਣ ਤੋਂ ਪਹਿਲਾਂ ਸਵਾਉਣਾ ਏ

## ਸੰਨ ਸੰਤਾਲ਼ੀ ਦੀ ਇੱਕ ਰਾਤ

ਇਰਸ਼ਾਦ ਸੰਧੂ

ਕਿਸਮਤਾਂ ਦੀ ਮੌਤ ਸੀ ਲੇਖਾਂ ਦਾ ਫੇਰ ਸੀ
ਸਹਿਮੀਆਂ ਹਵਾਵਾਂ ਸਨ ਖ਼ੂਨੀ ਅਨ੍ਹੇਰ ਸੀ
ਹੌਕਿਆਂ ਦੇ ਜੋੜ ਸਨ ਹਾਵਾਂ ਦਾ ਭੇੜ ਸੀ
ਟੋਟੇ ਸਨ ਤਾਰਿਆਂ ਦੇ ਚੰਨ ਨੂੰ ਤਰੇੜ ਸੀ
ਅੰਬਰਾਂ ਤੇ ਸੋਗ ਸਨ ਬੱਦਲਾਂ ਦੇ ਵੈਣ ਸੀ
ਲਹੂ ਦੀਆਂ ਬਾਰਸ਼ਾਂ ਚਿ ਭੱਜੇ ਹੋਏ ਨੈਣ ਸੀ
ਚੀਕਾਂ ਦੇ ਸਾਜ਼ ਸਨ ਹਾੜਿਆਂ ਦੇ ਗੀਤ ਸੀ
ਮੇਲਾਂ ਤੇ ਮਿਲਾਪਾਂ ਵਾਲੀ ਰੁੱਤ ਗਈ ਬੀਤ ਸੀ
ਲਹੂ ਨਾਲ਼ ਭਰੀਆਂ ਕਰੂਲੀਆਂ ਦੀ ਰਾਤ ਸੀ
ਵਿਛੋੜਿਆਂ ਦੀ ਰਾਤ ਸੀ ਤੇ ਸੂਲੀਆਂ ਦੀ ਰਾਤ ਸੀ

## ਸਈਓ ਨੀ

ਡਾ.ਹਰਿੰਦਰ ਕੌਰ

ਸਈਓ ਨੀ ਮੈਂ ਗੀਟੇ ਖੇਡਾਂ
ਅੱਗ ਉਗਲਦੀ ਰੁੱਤੇ।
ਚਾਵਾਂ ਦਾ ਮੈਂ ਸੱਥਰ ਪਾਉਂਦੀ
ਤਪਦੀ ਰੂਹ ਦੇ ਉੱਤੇ।
ਸਾਉਣ ਭਾਦਰੋਂ ਕਿਣ ਮਿਣ ਕਣੀਆਂ
ਤਪਦੀ ਲੋਹ ਦੇ ਉੱਤੇ।
ਸੱਧਾਂ ਦੀ ਵੱਟ ਲੱਜ ਪਕੇਰੀ
ਪੀਂਘ ਪਾਈ ਰੁੱਖ ਉੱਤੇ।
ਪੀਂਘਾਂ ਚਾੜ੍ਹੀਆਂ ਦਰਦ ਹੰਢਾਇਆ
ਕੋਮਲ ਜਿੰਦੜੀ ਉੱਤੇ।
ਮੇਰੇ ਪਿੰਡੇ ਦੱਭ ਉੱਗ ਆਈ
ਇਹ ਕੀ ਹੋਇਆ ਸ਼ੁੱਤੇ ?
ਝੱਖੜ ਚੜ੍ਹਿਆ ਕੰਧਾਂ ਕੋਠੇ
ਇਹ ਕੀ ਮੌਸਮ ਆਇਆ ?
ਪੌਣਾਂ ਦੇ ਵਿੱਚ ਜ਼ਹਿਰਾਂ ਘੁਲੀਆਂ
ਨਾਗਾਂ ਧਰੋਹ ਕਮਾਇਆ।
ਸਈਓ ਨੀ ਮੈਂ ਜੋਬਨ ਰੁੱਤ ਨੂੰ
ਵੇਖੋ ਕਿਵੇਂ ਹੰਢਾਇਆ ?

## ਇਸ਼ਕ ਤੇਰੇ ਦੀ ਸਰਦਾਰੀ

ਕੁਲਜੀਤ ਕੌਰ ਗ਼ਜ਼ਲ

ਇਸ਼ਕ ਤੇਰੇ ਦੀ ਸਰਦਾਰੀ ਵੇ ਸੱਜਣਾ,
ਇਸ਼ਕ ਤੇਰੇ ਦੀ ਸਰਦਾਰੀ ........
ਸਾਨੂੰ ਲੱਗ ਗਈ ਇਸ਼ਕ ਬਿਮਾਰੀ ਵੇ ਸੱਜਣਾ
ਲੱਗ ਗਈ ਇਸ਼ਕ ਬਿਮਾਰੀ ਵੇ ਸੱਜਣਾ
ਜੀ ਕਰਦਾ ਫੱਕਰ ਬਣ ਜਾਵਾਂ, ਯੋਗੀਆ ਕੱਪੜੇ ਪਾ ਕੇ
ਤੇਰੇ ਨਾਮ ਦੀ ਪੂਜਾ ਕਰੀਏ, ਜੰਗਲਾਂ ਦੇ ਵਿਚ ਜਾ ਕੇ
ਇੱਕ ਤੂੰ ਹੀ ਤੂੰ ਏ ਚੇਤਿਆਂ ਵਿੱਚ ਸਾਥੋਂ ਨਾ ਵਿਛੜੀਂ ਨਾ ਮਾਰੀਂ
ਖਾਣਾ ਭੁੱਲਿਆ, ਪੀਣਾ ਭੁੱਲਿਆ, ਭੁੱਲ ਗਿਆ ਸੌਣਾ ਰਾਤਾਂ ਨੂੰ
ਸੋਹਣਿਆ ਸੱਜਣਾ ਪਿਆਰ ਤੇਰੇ ਦਾ ਚੜ੍ਹਿਆ ਨਸ਼ਾ ਪ੍ਰਭਾਤਾਂ ਨੂੰ
ਏਸ ਇਸ਼ਕ ਨੇ ਕਦੇ ਨਾ ਛੁਪਣਾ, ਭੰਡਣਾ ਗਲੀਂ ਬਜ਼ਾਰੀਂ
ਆਸ਼ਿਕ ਦੇ ਸਿਰ ਪਹਰਾ ਹੁੰਦਾ, ਨਿੱਤ ਨੰਗੀਆਂ ਤਲਵਾਰਾਂ ਦਾ
ਪਰ ਸਾਡੇ ਦਿਲ ਵਿਚ ਡਰ ਨਾ ਕੋਈ, ਪਿਆਰ ਦੇ ਠੇਕੇਦਾਰਾਂ ਦਾ
ਇਹ ਦਿਲ ਵੀ ਚੰਦਰਾ ਜਾਣ ਜਾਣ ਕੇ ਖਾਂਦਾ ਸੱਟ ਕਰਾਰੀ
ਜਿਸ ਨੂੰ ਹਨ ਲੱਗੀਆਂ ਓਹੀ ਜਾਣੇ, ਕਾਉਣ ਜਾਣੇ ਪੀੜ ਪਰਾਈ ਨੂੰ
ਲਗਿਆ ਤੇਰਾ ਹਿਜਰ ਹੈ ਡਾਢਾ ਇਸ ਨਜ਼ਰ ਤਿਰਹਾਈ ਨੂੰ
ਤਰਸ ਕਰ, ਕੁਲਜੀਤ ਨਾ ਮੁੱਕ ਜਾਏ, ਨਾ ਵਿਛੜੀਂ ਨਾ ਮਾਰੀਂ

## ਨਾ ਦੀਵਾ ਬੁੱਝਦਾ ਤੇ ਨਾ ਹਨੇਰਾ

ਡਾ. ਗੁਰਚਰਨ ਕੌਰ ਕੋਚਰ



ਨਾ ਦੀਵਾ ਬੁੱਝਦਾ ਤੇ ਨਾ ਹਨੇਰਾ ਬੇਪਨਾਹ ਹੁੰਦਾ।
ਇਰਾਦਾ ਜੇ ਹਵਾ ਦਾ ਨਾ ਕਦੇ ਕਾਲਾ ਸਿਆਹ ਹੁੰਦਾ।
ਹਰਿਕ ਵਿਸ਼ਵਾਸ ਕਰਦਾ ਮੇਰੇ ਦਰਦਾਂ ਦੀ ਕਹਾਣੀ 'ਤੇ,
ਕੋਈ ਹੰਝੂ, ਕੋਈ ਹੌਕਾ ਜੇ ਮੌਕੇ ਦਾ ਗਵਾਹ ਹੁੰਦਾ।
ਜੇ ਅਪਣੇ ਹੱਥੀਂ ਨਾ ਵੱਟਦੇ ਅਸੀਂ ਰਸਮਾਂ ਦੀਆਂ ਰੱਸੀਆਂ,
ਨਾ ਤੇਰੇ ਗਲ 'ਚ ਫਾਹ ਹੁੰਦਾ ਨਾ ਮੇਰੇ ਗਲ 'ਚ ਫਾਹ ਹੁੰਦਾ।
ਨਹੀਂ ਹੁੰਦੀ ਕਦੇ ਵੀ ਪਿਆਰ ਕਰਨੇ ਦੀ ਸਜ਼ਾ ਕੋਈ,
ਇਹ ਸੱਚੇ ਪਿਆਰ ਦਾ ਜਜ਼ਬਾ ਹੀ ਜੇਕਰ ਬਾਦਸ਼ਾਹ ਹੁੰਦਾ।
ਜੇ ਮਿੱਟੀ ਨੂੰ ਪਕਾ ਕੇ ਨਾ ਬਣਾਉਂਦੇ ਰੱਬ ਦੇ ਘਰ ਵੱਖ-ਵੱਖ,
ਨਾ ਐਨੀ ਫੈਲਦੀ ਨਫ਼ਰਤ ਨਾ ਕੋਈ ਘਰ ਤਬਾਹ ਹੁੰਦਾ।
ਮੈਂ ਉਸ ਨੂੰ ਵੇਖ ਕੇ ਵੀ ਚੁੱਪ ਰਹੀ ਤੇ ਹੋਠ ਸੀ ਛੱਡੇ,
ਜੇ 'ਕੋਚਰ' ਨਾਮ ਲੈਂਦੀ ਇੱਕ ਤਮਾਸ਼ਾ ਖ਼ਾਹਮਖ਼ਾਹ ਹੁੰਦਾ।

## ਅਸੀਂ ਜਿੱਤਾਂਗੇ

ਅਮਨ ਦਿਲੋਂ ਕਸੇਲ

ਬਾਬਾ ਬਕਾਲਾ ਸਾਹਿਬ



ਅਸੀਂ ਲੜਾਂਗੇ ਜ਼ਰੂਰ ਜਾਰੀ ਜੰਗ ਰੱਖਾਂਗੇ,
ਸਾਡੇ ਹੌਸਲੇ ਨੇ ਪੱਕੇ
ਜਿਗਰੇ ਬੰਬ ਰੱਖਾਂਗੇ
ਸਰਕਾਰੇ ਐਵੇਂ ਕਰ ਗੁਮਰਾਹ ਤੂੰ ਰੌਲਾ ਨਾ ਪਾ
ਅਖ਼ੇ ਇਹਨਾਂ ਨੂੰ ਨੀ ਪਤਾ ਇਹ ਕੀ ਚਾਹੁੰਦੇ ਆ,
ਤੈਨੂੰ ਚੰਗੀ ਤਰ੍ਹਾਂ ਪਤਾ ਅਸੀਂ ਕੀ ਚਾਹੁੰਦੇ ਆ
ਸਾਡੇ ਮੋੜ ਦੇ ਤੂੰ ਹੱਕ ਬਸ ਇਹੀ ਚਾਹੁੰਦੇ ਆ!
ਅਸੀਂ ਐਵੇਂ ਝੂਠ ਮੂਠ ਦਾ ਕੁਝ ਵੀ ਨਹੀਂ ਚਾਹੁੰਦੇ
ਅਸੀਂ ਅੱਜ ਤੱਕ ਨੀ ਭੁੱਲੇ ਲਾਸਾਂ ਪਿੰਡੇ ਉੱਤੇ ਛਪੀਆਂ,
ਜਿਸ ਤਰ੍ਹਾਂ ਸਾਡੇ ਡੌਲਿਆਂ ਵਿੱਚ ਖੱਲੀਆਂ ਹਨ
ਓਸੇ ਤਰ੍ਹਾਂ ਸਾਡੀ ਪਿੱਠ 'ਤੇ ਪਏ ਨਿਸ਼ਾਨ ਉਭਰੇ,
ਅਸੀਂ ਅੱਜ ਵੀ ਨੀ ਭੁੱਲੇ ਲਾਸ਼ਾ ਧਰਤੀ 'ਤੇ ਵਿੱਛੀਆਂ
ਤੇ ਸੜਕਾਂ ਰਤ ਨਾਲ ਭਿੱਜੀਆਂ!
ਤੈਨੂੰ ਚੰਗੀ ਤਰ੍ਹਾਂ ਪਤਾ ਅਸੀਂ ਕੀ ਚਾਹੁੰਦੇ ਆਂ
ਅਸੀਂ ਜਿੰਦਗੀ, ਬਰਾਬਰੀ ਤੇ ਇਜ਼ਤ ਚਾਹੁੰਦੇ ਹਾਂ,
ਤੇਰੇ ਕਰਜ਼ੇ ਦੇ ਕਾਗਜ਼ਾਂ 'ਚ ਆਜ਼ਾਦੀ
ਸਾਡਾ ਸਹਿਮਿਆਂ ਤੇ ਸੁੰਗੜਿਆ ਭਵਿੱਖ ਨਪਿਆ
ਜਿਸ ਤੋਂ ਅਸੀਂ ਖਲਾਸੀ ਚਾਹੁੰਦੇ ਆ!
ਅਸੀਂ ਹਰ ਹੀਲੇ ਅਪਣੀ ਆਜ਼ਾਦੀ ਚਾਹੁੰਦੇ ਆ
ਅਸੀਂ ਫਿਰ ਝੂਠੇ ਲਾਰਿਆ ਤੇ ਕਾਗਜਾਂ ਨੂੰ ਛੱਡ
ਏਸੇ ਤਰ੍ਹਾਂ ਸੱਚੀਂ ਮੁੱਚੀਂ ਦਾ ਖ਼ੁਆਬ ਚਾਹੁੰਦੇ ਹਾਂ ...
ਬਹੁਤ ਰੋਲ ਲਿਆ ਸਾਨੂੰ ਹੁਣ ਪਿੱਛੇ ਨਹੀਂ ਹਟਾਂਗੇ
ਬਹੁਤ ਕੁੱਛ ਸਹਿ ਲਿਆ ਹੁਣ ਨਹੀਂ ਜਰਾਂਗੇ!
ਅਸੀਂ ਕਰਦੇ ਨੀ ਨਮਕ ਹਰਾਮੀ ਕਦੀ
ਤੂੰ ਵੀ ਪਰਖ ਨਾ ਸਾਡੀ ਹਲਾਲੀ ਨੂੰ,
ਦਿੱਲੀ ਇਕ ਵਾਰੀ ਫਿਰ ਜਿੱਤਣ ਦੀ ਤਿਆਰੀ ਅਸਾਂ ਕਰ ਲੀ
ਤਾਂਹੀ ਤੈਨੂੰ ਕਰਦੇ ਅਗਾਂਹ ਅਸੀਂ ਦਿੱਲੀਏ,
ਦਿਲੋਂ ਪਿੱਛੇ ਨਹੀਂ ਹਟਣਾ ਬਸ ਜੰਗ ਜਿੱਤ ਅਸੀਂ
ਫਿਰ ਅਪਣੇ ਘਰਾਂ ਨੂੰ ਪਰਤਣਾ,
ਅਸੀਂ ਜਿੱਤਾਂਗੇ ਜ਼ਰੂਰ.......

## ਕਵਿਤਾ ਤਾਂ ਮੰਗੇ

ਸਵਰਨਜੀਤ ਸਵੀ

ਕਵਿਤਾ ਨਾ ਮੰਗੇ
ਫ਼ੀਤਾ ਮਿਣਨ ਲਈ
ਕੈਂਚੀ ਕੱਟਣ ਲਈ
ਸਾਹਲ- ਗੁਣੀਆਂ ਕੋਨੇ ਸਿੱਧੇ ਕਰਨ ਲਈ
ਤੇਸਾ ਘੜਨ ਲਈ
ਕਰੰਡੀ ਚਿਣਨ ਲਈ
ਕਵਿਤਾ ਨਾ ਮੰਗੇ
ਸਕਰੀਨ 'ਤੇ ਹਾਜ਼ਰ ਡਿਕਸ਼ਨਰੀਆਂ ਦੀ ਖ਼ੁਰਦਬੀਨੀ ਪੜਤਾਲ
ਇਨ੍ਹਾਂ ਸੰਗ ਤੁਰਦੀ ਕਵਿਤਾ ਸੰਗਦੀ ਸੁੰਗੜਦੀ
ਕਹੇ ਬੀਤੇ ਦੀ ਉਤਰਨ ਤੋਂ ਤ੍ਰਹਿੰਦੀ
ਉਹ ਤਾਂ ਮੰਗਦੀ
ਚੱਕ 'ਤੇ ਘੁੰਮਦੀ ਗਿੱਲੀ ਮਿੱਟੀ 'ਚ ਉਂਗਲਾਂ ਦੀ ਛੁੰਬਿਸ਼
ਸਿਰਜਣਹਾਰਾ ਸਪਰਸ਼
ਜੋ ਬਣਾਉਂਦਾ ਵੀ ਤੇ ਬਣਦਾ ਵੀ
ਹਰ ਪਲ ਨਾਲ ਨਾਲ

# ਕੀ ਭਾਰਤ ਬਣ ਸਕਦਾ ਹੈ ਖੇਡਾਂ ਦੀ ਮਹਾਂਸ਼ਕਤੀ?



## ਉਲੰਪਿਕ ਖੇਡਾਂ 'ਚ ਪਰਖੀ ਜਾਵੇਗੀ ਭਾਰਤ ਦੀ ਖੇਡ ਤਾਕਤ



ਜਿਸ ਤਰ੍ਹਾਂ ਭਾਰਤ ਵਿੱਚ ਵੱਖ-ਵੱਖ ਖੇਡਾਂ ਦੀਆਂ ਪੂਰੀ ਤਨਦੇਹੀ ਨਾਲ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਖਿਡਾਰੀ ਖੇਡ ਮੈਦਾਨਾਂ ਵਿੱਚ ਆਪਣਾ ਪਸੀਨਾ ਵਹਾ ਰਹੇ ਹਨ, ਸਰਕਾਰ ਖਿਡਾਰੀਆਂ ਦਾ ਸਮਰਥਨ ਕਰ ਰਹੀ ਹੈ, ਉਦਯੋਗ ਖੇਡਾਂ ਵਿੱਚ ਦਿਲਚਸਪੀ ਲੈ ਰਹੇ ਹਨ ਅਤੇ ਵੱਖ-ਵੱਖ ਖੇਡਾਂ ਭਾਰਤ ਦੇ ਕੋਨੇ-ਕੋਨੇ ਵਿੱਚ ਪਹੁੰਚ ਰਹੀਆਂ ਹਨ, ਅਜਿਹੀ ਸਥਿਤੀ ਵਿੱਚ 'ਭਾਰਤ ਦਾ ਭਵਿੱਖ ਸੁਨਹਿਰਾ ਹੋਵੇਗਾ' ਦੀ ਸਰਵਉੱਚਤਾ ਦੀ ਕਲਪਨਾ ਕਰਨਾ ਬੇਈਮਾਨੀ ਨਹੀਂ ਹੋਵੇਗੀ। ਇੱਕ ਪਾਸੇ, ਸਾਲ 2020 ਵਿੱਚ, ਭਾਰਤ ਨੇ ਖੇਲ ਮਹਾਕੁੰਭ 'ਟੋਕੀਓ ਉਲੰਪਿਕ' ਵਿੱਚ ਆਪਣਾ ਪਹਿਲਾ ਅਥਲੈਟਿਕਸ ਸੋਨ ਤਗਮਾ ਜਿੱਤ ਕੇ ਉਲੰਪਿਕ ਇਤਿਹਾਸ ਵਿੱਚ ਸਰਵੋਤਮ ਪ੍ਰਦਰਸ਼ਨ ਕੀਤਾ ਅਤੇ ਕੁਸ਼ਤੀ, ਵੇਟਲਿਫਟਿੰਗ, ਬੈਡਮਿੰਟਨ, ਮੁੱਕੇਬਾਜ਼ੀ ਵਰਗੀਆਂ ਵੱਖ-ਵੱਖ ਖੇਡਾਂ ਵਿੱਚ ਤਗਮਿਆਂ ਸਮੇਤ ਕੁੱਲ 7 ਤਗਮੇ ਜਿੱਤੇ।

ਇਸ ਤੋਂ ਬਾਅਦ ਭਾਰਤ ਨੇ ਵਿਸ਼ਵ ਯੁਵਕ ਯੂਨੀਵਰਸਿਟੀ ਖੇਡਾਂ (ਪਹਿਲਾਂ ਸਮਰ ਯੂਨੀਵਰਸੀਆਡ) 'ਚੇਂਗਦੂ, 2023' ਵਿੱਚ ਭਾਰਤ ਨੇ ਬੇਮਿਸਾਲ ਪ੍ਰਦਰਸ਼ਨ ਦਿਖਾਇਆ। ਇਸ ਤੋਂ ਬਾਅਦ ਭਾਰਤ ਦੇ ਖਿਡਾਰੀਆਂ ਨੇ ਹੋਰਨਾਂ ਕਈ ਵਿਸ਼ਵ ਪੱਧਰੀ ਮੁਕਾਬਲਿਆਂ ਵਿੱਚ ਚੰਗਾ ਪ੍ਰਦਰਸ਼ਨ ਕੀਤਾ ਹੈ। ਜਿਸ ਤੋਂ ਆਸ ਬਣ ਗਈ ਹੈ ਕਿ ਆਉਣ ਵਾਲੀਆਂ ਉਲੰਪਿਕ ਖੇਡਾਂ ਵਿੱਚ ਭਾਰਤੀ ਖਿਡਾਰੀ ਚੰਗਾ ਪ੍ਰਦਰਸ਼ਨ ਕਰਨਗੇ।

ਇਸ ਸਮੇਂ ਖੇਡਾਂ ਵਿੱਚ ਭਾਰਤ ਦੀ ਜੋ ਸਥਿਤੀ ਹੈ, ਉਹ ਸਭ ਦੇ ਸਾਹਮਣੇ ਹੈ। ਭਾਰਤ ਵਿੱਚ ਭਾਵੇਂ ਇਸ ਸਮੇਂ ਕ੍ਰਿਕਟ ਸਭ ਤੋਂ ਪਾਪੂਲਰ ਖੇਡ ਮੰਨੀ ਜਾਂਦੀ ਹੈ, ਦੂਜੇ ਪਾਸੇ ਭਾਰਤ ਦੀ ਹਾਕੀ ਦਾ ਇਤਿਹਾਸ ਵੀ ਸੁਨਹਿਰੀ ਹੈ। ਇਸ ਤੋਂ ਇਲਾਵਾ ਹੋਰਨਾਂ ਖੇਡਾਂ ਵਿੱਚ ਵੀ ਭਾਰਤ ਦੇ ਖਿਡਾਰੀਆਂ ਵੱਲੋਂ ਪੂਰੀ ਤਿਆਰੀ ਨਾਲ ਹਿੱਸਾ ਲਿਆ ਜਾ ਰਿਹਾ ਹੈ ਅਤੇ ਅੰਤਰਰਾਸ਼ਟਰੀ ਖੇਡ ਮੁਕਾਬਲਿਆਂ ਵਿੱਚ ਹਿੱਸਾ ਲੈ ਕੇ ਤਗਮੇ ਜਿੱਤਣ ਦੀ ਤਿਆਰੀ ਕੀਤੀ ਜਾ ਰ ਹੀ ਹੈ।

ਇਸ ਸਮੇਂ ਸਭ ਦੀਆਂ ਨਜ਼ਰਾਂ ਉਲੰਪਿਕ ਖੇਡਾਂ ਦੀ ਤਿਆਰੀ ਕਰਨ ਵੱਲ ਲੱਗੀਆਂ ਹੋਈਆਂ ਹਨ। ਇਸ ਤੋਂ ਇਲਾਵਾ ਇਸ ਸਾਲ ਹੋਰ ਵੀ ਕਈ ਅੰਤਰਰਾਸ਼ਟਰੀ ਖੇਡ ਮੁਕਾਬਲੇ ਹੋਣ ਵਾਲੇ ਹਨ, ਜਿਨ੍ਹਾਂ ਵਿੱਚ ਤਗਮੇ ਜਿੱਤਣ ਲਈ ਭਾਰਤ ਦੇ ਖਿਡਾਰੀ ਖੇਡ ਮੈਦਾਨਾਂ ਵਿੱਚ ਆਪਣਾ ਪਸੀਨਾ ਵਹਾਅ ਰਹੇ ਹਨ।

ਕਿਹਾ ਜਾ ਰਿਹਾ ਹੈ ਕਿ ਭਾਰਤ ਦੀ ਜਨ-ਸੰਖਿਆ ਹੋਰਨਾਂ ਦੇਸ਼ਾਂ ਨਾਲੋਂ ਬਹੁਤ ਵੱਧ ਹੈ ਅਤੇ ਭਾਰਤ ਆਬਾਦੀ ਪੱਖੋਂ ਦੁਨੀਆਂ ਦਾ ਨੰਬਰ ਇੱਕ ਦੇਸ਼ ਬਣ ਗਿਆ ਹੈ, ਇਸ ਦੇ ਬਾਵਜੂਦ ਭਾਰਤ ਅਜੇ ਕਈ ਖੇਡਾਂ ਵਿੱਚ ਪਿਛੜਿਆ ਹੋਇਆ ਹੈ। ਭਾਰਤ ਵਿੱਚ ਖੇਡਾਂ ਦੇ ਖੇਤਰ ਵਿੱਚ ਸਰਕਾਰਾਂ ਅਤੇ ਹੋਰਨਾਂ ਮੰਤਰਾਲਿਆਂ ਵੱਲੋਂ ਕਾਫ਼ੀ ਧਿਆਨ ਦੇਣ ਦੇ ਬਾਵਜੂਦ ਭਾਰਤ ਅਜੇ ਤੱਕ ਵਿਸ਼ਵ ਦੀ ਖੇਡ ਸ਼ਕਤੀ ਨਹੀਂ ਬਣ ਸਕਿਆ, ਜਿਸ ਦੇ ਕਈ ਹੋਰ ਕਾਰਨ ਵੀ ਹਨ। ਸਭ ਤੋਂ ਵੱਡਾ ਕਾਰਨ ਤਾਂ ਇਹ ਮੰਨਿਆ ਜਾਂਦਾ ਹੈ ਕਿ ਭਾਰਤ ਵਿੱਚ ਅਕਸਰ ਖੇਡ ਟੀਮਾਂ ਦੀ ਚੋਣ ਵੇਲੇ ਖਿਡਾਰੀਆਂ ਦੀ ਖੇਡ ਸਮਰੱਥਾ ਦੀ ਥਾਂ ਕੁਝ ਹੋਰ ਹੀ ਮਾਇਨੇ ਤੈ ਕਰ ਲਏ ਜਾਂਦੇ ਹਨ ਅਤੇ ਇਥੇ ਵੀ ਸਿਫਾਰਸ਼ੀ ਖਿਡਾਰੀ ਮੋਰਚਾ ਮਾਰ ਜਾਂਦੇ ਹਨ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਭਾਰਤ ਵਿੱਚ ਖੇਡਾਂ ਦੀ ਟੀਮ ਮਾੜੀ ਨਹੀਂ ਹੁੰਦੀ ਸਗੋਂ ਖੇਡ ਟੀਮ ਦੀ ਚੋਣ ਮਾੜੀ ਹੁੰਦੀ ਹੈ।

ਭਾਰਤ ਇਸ ਸਮੇਂ ਕ੍ਰਿਕਟ ਵਿੱਚ ਕਈ ਅਹਿਮ ਪ੍ਰਾਪਤੀਆਂ ਕਰ ਚੁੱਕਿਆ ਹੈ ਪਰ ਹਾਕੀ ਦੇ ਖੇਤਰ ਵਿੱਚ ਵੀ ਭਾਰਤ ਬਹੁਤ ਤਗਮੇ ਹੁਣ ਤੱਕ ਜਿੱਤ ਚੁੱਕਿਆ ਹੈ। ਇਕ ਸਮਾਂ ਅਜਿਹਾ ਵੀ ਸੀ ਜਦੋਂ ਭਾਰਤ ਦੇ ਹਾਕੀ ਖਿਡਾਰੀਆਂ ਦੀਆਂ ਵਾਰਾਂ ਮੇਲਿਆਂ ਵਿੱਚ ਗਾਈਆਂ ਜਾਂਦੀਆਂ ਸਨ ਅਤੇ ਭਾਰਤ ਦੀ ਹਾਕੀ ਟੀਮ ਉਲੰਪਿਕ ਖੇਡਾਂ ਵਿੱਚ ਸੋਨ ਤਗਮਾ ਜਿੱਤਦੀ ਹੁੰਦੀ ਸੀ ਪਰ ਹੁਣ ਹਾਲ ਇਹ ਹੋ ਗਿਆ ਹੈ ਕਿ ਸਾਰੇ ਸੰਸਾਰ ਨੂੰ ਹਾਕੀ ਸਿਖਾਉਣ ਵਾਲਾ ਭਾਰਤ ਹਾਕੀ ਵਿੱਚ ਹੀ ਫਾਡੀ ਹੋ ਗਿਆ ਹੈ, ਜਿਸ ਦੇ ਅਨੇਕਾਂ ਕਾਰਨ ਮੰਨੇ ਜਾਂਦੇ ਹਨ ਪਰ ਕੁਝ ਆਲੋਚਕਾਂ ਵੱਲੋਂ ਕਿਹਾ ਜਾਂਦਾ ਹੈ ਕਿ ਟੀਮ ਦੀ ਚੋਣ ਵੇਲੇ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਭਾਰਤ ਹੋਰਨਾਂ ਖੇਡਾਂ ਵਿੱਚ ਵੀ ਇਸ ਸਮੇਂ ਤਗਮੇ ਜਿੱਤ ਰਿਹਾ ਹੈ। ਪਿਛਲੀਆਂ ਏਸ਼ੀਆਈ ਖੇਡਾਂ ਦੀ ਉਦਾਹਰਨ ਸਭ ਦੇ ਸਾਹਮਣੇ ਹੈ। ਇਹਨਾਂ ਖੇਡਾਂ ਵਿੱਚ ਭਾਰਤ ਨੇ ਵੱਡੀ ਗਿਣਤੀ ਤਗਮੇ ਜਿੱਤੇ, ਜਿਸ ਕਰਕੇ ਭਾਰਤ ਦੀ ਖੇਡ ਸ਼ਕਤੀ ਦਾ ਲੋਹਾ ਸਭ ਨੇ ਮੰਨਿਆ। ਹੁਣ ਉਲੰਪਿਕ ਖੇਡਾਂ ਤੋਂ ਵੀ ਭਾਰਤ ਦੇ ਵਸਨੀਕਾਂ ਨੂੰ ਬਹੁਤ ਉਮੀਦਾਂ ਹਨ ਕਿ ਜਦੋਂ ਵੀ ਉਲੰਪਿਕ ਖੇਡਾਂ ਹੋਈਆਂ ਤਾਂ ਭਾਰਤ ਦੇ ਖਿਡਾਰੀ ਵੱਡੀ ਗਿਣਤੀ ਵਿੱਚ ਤਗਮੇ ਜਿੱਤਣਗੇ ਅਤੇ ਭਾਰਤ ਵਿਸ਼ਵ ਦੀ ਵੱਡੀ ਖੇਡ ਸ਼ਕਤੀ ਦੇ ਰੂਪ ਵਿੱਚ ਪੂਰੀ ਦੁਨੀਆਂ ਦੇ ਸਾਹਮਣੇ ਉਭਰ ਕੇ ਆਵੇਗਾ।

# ਖੇਡਾਂ 'ਚ ਲੜਕੀਆਂ ਦੀ ਵਧ ਰਹੀ ਹਿੱਸੇਦਾਰੀ

## ਉਲੰਪਿਕ ਖੇਡਾਂ 'ਚ ਖਿਡਾਰਨਾਂ ਤੋਂ ਹੈ ਕਈ ਤਗ਼ਮਿਆਂ ਦੀ ਉਮੀਦ




**ਸ਼ਾਲਿਨੀ ਬਾਜਪਾਈ**

ਅਸੀਂ ਲਿੰਗ ਸਮਾਨਤਾ ਦੀ ਜਿੰਨੀ ਮਰਜ਼ੀ ਗੱਲ ਕਰੀਏ ਪਰ ਅਸਲੀਅਤ ਇਹ ਹੈ ਕਿ ਅੱਜ ਵੀ ਭਾਰਤ ਵਿੱਚ ਲਿੰਗਕ ਅਸਮਾਨਤਾ ਦਾ ਬੋਲਬਾਲਾ ਹੈ, ਜਿਸ ਦੀ ਜਿਉਂਦੀ ਜਾਗਦੀ ਮਿਸਾਲ ਖੇਡਾਂ ਦੀ ਦੁਨੀਆ ਹੈ। ਵੈਸੇ ਵੀ, ਖੇਡਾਂ ਪ੍ਰਤੀ ਭਾਰਤ ਦਾ ਰਵੱਈਆ ਹਮੇਸ਼ਾ ਢਿੱਲਾ ਰਿਹਾ ਹੈ, ਖੇਡਾਂ ਵਿੱਚ ਔਰਤਾਂ ਨੂੰ ਉਤਸ਼ਾਹਿਤ ਕਰਨ ਦੀ ਗੱਲ ਤਾਂ ਛੱਡੋ। ਅਜਿਹੀ ਸਥਿਤੀ ਵਿੱਚ, ਲੋੜੀਂਦੇ ਸਹਿਯੋਗ ਦੀ ਘਾਟ ਅਤੇ ਸਮਾਜਿਕ ਵਰਜਿਤਾਂ ਨੂੰ ਤੋੜਨ ਕਾਰਨ, ਮੈਰੀਕਾਮ, ਵਿਨੇਸ਼ ਫੋਗਾਟ, ਬਬੀਤਾ ਫੋਗਾਟ, ਮਾਨਸੀ ਜੋਸ਼ੀ, ਦੁਤੀ ਚੰਦ, ਪੀਵੀ ਸਿੰਧੂ, ਹਿਮਾ ਦਾਸ ਵਰਗੀਆਂ ਮਹਿਲਾ ਖਿਡਾਰਨਾਂ ਨੂੰ ਭੁਲਾਇਆ ਨਹੀਂ ਜਾ ਸਕਦਾ।

ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਖੇਡਾਂ 'ਚ ਮਰਦਾਂ ਦੇ ਦਬਦਬੇ ਨੂੰ ਚੁਣੌਤੀ ਦੇਣ ਵਾਲੀਆਂ ਇਨ੍ਹਾਂ ਮਹਿਲਾ ਖਿਡਾਰਨਾਂ ਦੇ ਸੰਘਰਸ਼ ਦੀਆਂ ਕਹਾਣੀਆਂ ਸੁਣ ਕੇ ਤੁਸੀਂ ਵੀ ਇਹ ਕਹਿਣ ਲਈ ਮਜ਼ਬੂਰ ਹੋ ਜਾਓਗੇ, ਇਹ ਧੀਆਂ ਪੁੱਤਰਾਂ ਨਾਲੋਂ ਘੱਟ ਨਹੀਂ ਹਨ।

**ਹਿਮਾ ਦਾਸ**- ਢਿੰਗ ਐਕਸਪ੍ਰੈਸ ਦੇ ਨਾਂ ਨਾਲ ਮਸ਼ਹੂਰ ਹਿਮਾ ਦਾਸ ਦਾ ਜਨਮ 9 ਜਨਵਰੀ 2000 ਨੂੰ ਆਸਾਮ ਦੇ ਨਗਾਓਂ ਜ਼ਿਲ੍ਹੇ ਦੇ ਢਿੰਗ ਪਿੰਡ ਵਿੱਚ ਹੋਇਆ ਸੀ। ਉਸ ਦੇ ਪਰਿਵਾਰ ਦੀ ਆਰਥਿਕ ਹਾਲਤ ਚੰਗੀ ਨਹੀਂ ਸੀ। ਉਸ ਦੇ ਪਿਤਾ ਕੋਲ ਸਿਰਫ਼ ਦੋ ਵਿੱਘੇ ਜ਼ਮੀਨ ਸੀ ਜਿਸ 'ਤੇ ਖੇਤੀ ਕਰਕੇ ਉਹ ਆਪਣਾ ਗੁਜ਼ਾਰਾ ਚਲਾ ਰਿਹਾ ਸੀ। ਸ਼ੁਰੂ ਵਿੱਚ ਹਿਮਾ ਆਪਣੇ ਝੋਨੇ ਦੇ ਖੇਤਾਂ ਵਿੱਚ ਹੀ ਅਭਿਆਸ ਕਰਦੀ ਸੀ। ਪੈਸੇ ਦੀ ਕਮੀ ਕਾਰਨ ਉਸ ਕੋਲ ਚੰਗੀ ਜੁੱਤੀ ਵੀ ਨਹੀਂ ਸੀ। ਹਿਮਾ ਫੁੱਟਬਾਲ 'ਚ ਸਟ੍ਰਾਈਕਰ ਬਣਨਾ ਚਾਹੁੰਦੀ ਸੀ। ਇਕ ਦਿਨ ਉਸ ਦੀ ਦੌੜਨ ਦੀ ਯੋਗਤਾ ਨੂੰ ਦੇਖ ਕੇ ਕਿਸੇ ਨੇ ਉਸ ਨੂੰ ਐਥਲੀਟ ਬਣਨ ਦੀ ਸਲਾਹ ਦਿੱਤੀ ਅਤੇ ਇੱਥੋਂ ਹੀ ਉਸ ਦਾ ਐਥਲੀਟ ਬਣਨ ਦਾ ਸਫਰ ਸ਼ੁਰੂ ਹੋਇਆ। ਤੁਹਾਨੂੰ ਦੱਸ ਦੇਈਏ ਕਿ ਹਿਮਾ ਟ੍ਰੈਕ ਈਵੈਂਟ 'ਚ ਵਿਸ਼ਵ ਪੱਧਰ 'ਤੇ ਸੋਨ ਤਗਮਾ ਜਿੱਤਣ ਵਾਲੀ ਪਹਿਲੀ ਭਾਰਤੀ ਖਿਡਾਰਨ ਹੈ। ਹਿਮਾ ਦੇ ਜਨੂੰਨ ਅਤੇ ਪ੍ਰਦਰਸ਼ਨ ਨੂੰ ਦੇਖਦੇ ਹੋਏ ਉਸ ਨੂੰ ਆਸਾਮ ਪੁਲਿਸ ਵਿੱਚ ਡਿਪਟੀ ਸੁਪਰਡੈਂਟ (ਡੀਐਸਪੀ) ਬਣਾਇਆ ਗਿਆ ਹੈ। ਹਿਮਾ ਦਾਸ ਨੇ ਕਈ ਮੁਕਾਬਲਿਆਂ ਵਿੱਚ ਗੋਲਡ ਮੈਡਲ ਜਿੱਤੇ ਹਨ।

**ਮੈਰੀ ਕਾਮ**- ਮੁੱਕੇਬਾਜ਼ ਮੈਰੀਕਾਮ ਦਾ ਜਨਮ 1 ਮਾਰਚ 1983 ਨੂੰ ਉੱਤਰ-ਪੂਰਬੀ ਰਾਜ ਮਨੀਪੁਰ, ਭਾਰਤ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਹੋਇਆ ਸੀ। ਉਸ ਦਾ ਬਚਪਨ ਵੀ ਅੱਤ ਦੀ ਗਰੀਬੀ ਵਿੱਚ ਬੀਤਿਆ। ਮੁੱਕੇਬਾਜ਼ੀ ਸ਼ੁਰੂ ਕਰਨ ਤੋਂ ਬਾਅਦ ਮੈਰੀ ਨੂੰ ਪਤਾ ਸੀ ਕਿ ਮੁੱਕੇਬਾਜ਼ੀ 'ਚ ਕੈਰੀਅਰ ਬਣਾਉਣ ਦੇ ਉਸ ਦੇ ਵਿਚਾਰ ਨੂੰ ਉਸ ਦਾ ਪਰਿਵਾਰ ਕਦੇ ਵੀ ਸਵੀਕਾਰ ਨਹੀਂ ਕਰੇਗਾ, ਜਿਸ ਕਾਰਨ ਉਸ ਨੇ ਇਸ ਗੱਲ ਨੂੰ ਆਪਣੇ ਪਰਿਵਾਰ ਤੋਂ ਛੁਪਾ ਕੇ ਰੱਖਿਆ। 1998 ਤੋਂ 2000 ਤੱਕ ਉਹ ਬਿਨਾਂ ਦੱਸੇ ਸਿਖਲਾਈ ਲੈਂਦੀ ਰਹੀ। 2000 ਵਿੱਚ, ਜਦੋਂ ਮੈਰੀ ਨੇ ਮਨੀਪੁਰ ਵਿੱਚ 'ਮਹਿਲਾ ਮੁੱਕੇਬਾਜ਼ੀ ਚੈਂਪੀਅਨਸ਼ਿਪ' ਜਿੱਤੀ ਅਤੇ ਮੁੱਕੇਬਾਜ਼ ਦਾ ਪੁਰਸਕਾਰ ਪ੍ਰਾਪਤ ਕੀਤਾ ਤਾਂ ਪਰਿਵਾਰ ਨੂੰ ਪਤਾ ਲੱਗਾ ਕਿ ਉਹ ਇੱਕ ਮੁੱਕੇਬਾਜ਼ ਹੈ। ਵੱਡੀ ਗੱਲ ਇਹ ਹੈ ਕਿ ਭਾਰਤ ਵਿੱਚ ਜਿੱਥੇ ਇੱਕ ਮਹਿਲਾ ਖਿਡਾਰਨ ਦਾ ਕੈਰੀਅਰ ਵਿਆਹ ਅਤੇ ਬੱਚਿਆਂ ਤੋਂ ਬਾਅਦ ਖਤਮ ਹੋਣਾ ਮੰਨਿਆ ਜਾਂਦਾ ਹੈ, ਉੱਥੇ ਹੀ ਮੈਰੀਕਾਮ ਨੇ ਮਾਂ ਬਣਨ ਤੋਂ ਬਾਅਦ ਵੀ ਖੇਡਣਾ ਬੰਦ ਨਹੀਂ ਕੀਤਾ। ਮੈਰੀਕਾਮ ਨੇ ਤਿੰਨ ਬੱਚਿਆਂ ਦੀ ਮਾਂ ਬਣ ਕੇ ਵੀ ਵਿਸ਼ਵ ਚੈਂਪੀਅਨਸ਼ਿਪ ਜਿੱਤੀ। ਉਹ ਵਿਸ਼ਵ ਦੀ ਇਕਲੌਤੀ ਮੁੱਕੇਬਾਜ਼ ਹੈ ਜਿਸ ਨੇ ਕੁੱਲ ਅੱਠ ਵਿਸ਼ਵ ਚੈਂਪੀਅਨਸ਼ਿਪ ਤਗਮੇ ਜਿੱਤੇ ਹਨ।

**ਵਿਨੇਸ਼ ਫੋਗਾਟ**- ਪਹਿਲਵਾਨ ਵਿਨੇਸ਼ ਫੋਗਾਟ ਦਾ ਜਨਮ 25 ਅਗਸਤ 1994 ਨੂੰ ਭਾਰਤ ਦੇ ਹਰਿਆਣਾ ਰਾਜ ਵਿੱਚ ਹੋਇਆ ਸੀ, ਜੋ ਕਿ ਭਾਰਤ ਵਿੱਚ ਸਭ ਤੋਂ ਘੱਟ ਲਿੰਗ ਅਨੁਪਾਤ ਵਾਲੇ ਰਾਜਾਂ ਵਿੱਚੋਂ ਇੱਕ ਹੈ। ਜਦੋਂ ਵਿਨੇਸ਼ ਨੇ ਆਪਣੇ ਪਿੰਡ ਵਿੱਚ ਕੁਸ਼ਤੀ ਦਾ ਅਭਿਆਸ ਕਰਨਾ ਸ਼ੁਰੂ ਕੀਤਾ ਤਾਂ ਉਸ ਨੂੰ ਕੁਸ਼ਤੀ ਦੀ ਚੋਣ, ਲੜਕਿਆਂ ਦੀ ਖੇਡ ਮੰਨੀ ਜਾਂਦੀ ਖੇਡ ਅਤੇ ਕੱਪੜਿਆਂ ਦੀ ਚੋਣ ਲਈ ਬਹੁਤ ਕੁਝ ਦਾ ਸਾਹਮਣਾ ਕਰਨਾ ਪਿਆ, ਪਰ ਵਿਨੇਸ਼ ਨੇ ਹਾਰ ਨਹੀਂ ਮੰਨੀ ਅਤੇ ਆਪਣੇ ਪਿਤਾ ਤੋਂ ਬਾਅਦ ਇਸ ਸਫ਼ਰ ਵਿੱਚ ਉਸ ਦਾ ਸਾਥ ਦਿੱਤਾ। ਖੇਡਾਂ ਦੀ ਇਸ ਦੁਨੀਆਂ 'ਚ ਵਿਨੇਸ਼ ਨੇ ਵਿਸ਼ਵ ਚੈਂਪੀਅਨਸ਼ਿਪ 'ਚ ਕਾਂਸੀ ਦਾ ਤਗਮਾ ਅਤੇ ਰਾਸ਼ਟਰਮੰਡਲ ਖੇਡਾਂ 'ਚ ਸੋਨ ਤਮਗਾ ਜਿੱਤ ਕੇ ਤਿਰੰਗਾ ਲਹਿਰਾਇਆ ਹੈ। ਇਹ ਦੱਸਣਾ ਵੀ ਜ਼ਰੂਰੀ ਹੈ ਕਿ ਵਿਨੇਸ਼ ਵਿਸ਼ਵ ਚੈਂਪੀਅਨਸ਼ਿਪ 'ਚ ਦੋ ਤਮਗੇ ਜਿੱਤਣ ਵਾਲੀ ਦੇਸ਼ ਦੀ ਪਹਿਲੀ ਮਹਿਲਾ ਪਹਿਲਵਾਨ ਹੈ।

**ਦੂਤੀ ਚੰਦ** - ਜਿੱਥੇ ਵਿਨੇਸ਼ ਫੋਗਾਟ ਵਰਗੇ ਖਿਡਾਰੀਆਂ ਨੇ ਮਰਦ-ਪ੍ਰਧਾਨ ਮਾਨਸਿਕਤਾ ਨੂੰ ਚੁਣੌਤੀ ਦਿੱਤੀ, ਉੱਥੇ ਦੂਤੀ ਚੰਦ ਨੇ ਗਰੀਬੀ ਅਤੇ ਲਿੰਗ ਦੇ ਆਲੇ-ਦੁਆਲੇ ਦੇ ਰੂੜ੍ਹੀਵਾਦ ਨੂੰ ਤੋੜ ਦਿੱਤਾ। ਦੂਤੀ ਦਾ ਜਨਮ 3 ਫਰਵਰੀ 1996 ਨੂੰ ਉੜੀਸਾ ਰਾਜ ਦੇ ਜਾਜਪੁਰ ਜ਼ਿਲ੍ਹੇ ਵਿੱਚ ਹੋਇਆ ਸੀ। ਉਸ ਦਾ ਪਿਤਾ ਜੁਲਾਹੇ ਸੀ। ਉਸਦੀ ਮਾਂ ਵੀ ਜੁਲਾਹੇ ਦਾ ਕੰਮ ਕਰਦੀ ਸੀ। ਘਰ ਦੀ ਆਰਥਿਕ ਹਾਲਤ ਚੰਗੀ ਨਹੀਂ ਸੀ ਪਰ ਦੂਤੀ ਦੀ ਮਿਹਨਤ ਨੂੰ ਦੇਖ ਕੇ ਉਸ ਦੇ ਘਰ ਅਤੇ ਪਿੰਡ ਦੇ ਸਾਰਿਆਂ ਨੂੰ ਯਕੀਨ ਹੋ ਗਿਆ ਸੀ ਕਿ ਇੱਕ ਦਿਨ ਉਹ ਬਹੁਤ ਦੂਰ ਜਾਵੇਗੀ। (**ਬਾਕੀ ਸਫ਼ਾ 31 'ਤੇ**)

# ਦਸਤਾਵੇਜ਼ੀ ਫ਼ਿਲਮ 'ਕਿਸਾਨ ਸਤਿਆਗ੍ਰਹਿ' ਨੂੰ ਬੈਂਗਲੁਰੂ ਫ਼ਿਲਮ ਫ਼ੈਸਟੀਵਲ 'ਚ ਦਿਖਾਏ ਜਾਣ ਤੋਂ ਰੋਕਿਆ

## ਕੇਂਦਰੀ ਮੰਤਰਾਲੇ ਨੇ ਇਜਾਜ਼ਤ ਦੇਣ ਤੋਂ ਕੀਤਾ ਸੀ ਇਨਕਾਰ






ਸਾਲ 2020-21 ਦੇ ਕਿਸਾਨਾਂ ਦੇ ਵਿਰੋਧ 'ਤੇ ਬਣੀ ਦਸਤਾਵੇਜ਼ੀ ਫ਼ਿਲਮ 'ਕਿਸਾਨ ਸਤਿਆਗ੍ਰਹਿ' ਨੂੰ 1 ਮਾਰਚ ਨੂੰ ਬੀ. ਆਈ. ਐਫ਼. ਐਫ਼. ਐਸ. ਦੇ 15ਵੇਂ ਸੰਸਕਰਣ ਦੇ ਵਿੱਚ ਦਿਖਾਇਆ ਜਾਣਾ ਸੀ, ਪਰ ਮੰਤਰਾਲੇ ਨੇ ਕਿਸਾਨ ਸਤਿਆਗ੍ਰਹਿ ਨੂੰ ਹਰੀ ਝੰਡੀ ਨਹੀਂ ਦਿੱਤੀ। ਕੇਂਦਰੀ ਅਧਿਕਾਰੀਆਂ ਨੇ ਕਿਹਾ ਹੈ ਕਿ ਇਹ ਮਾਮਲਾ ਬੜਾ ਸੰਵੇਦਨਸ਼ੀਲ ਹੈ। ਇਸ ਲਈ ਅਸੀਂ ਇਸ ਨੂੰ ਫ਼ਿਲਮ ਫ਼ੈਸਟੀਵਲ ਵਿੱਚ ਦਿਖਾਉਣ 'ਤੇ ਰੋਕ ਲਗਾਉਂਦੇ ਹਾਂ। ਕੰਨੜ ਨਿਰਦੇਸ਼ਕ ਕੇਸਰੀ ਹਰਾਵੋ ਵੱਲੋਂ ਇਹ ਫ਼ਿਲਮ ਨਿਰਦੇਸ਼ਿਤ ਕੀਤੀ ਗਈ ਹੈ। ਇਹ ਫ਼ਿਲਮ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਵੱਲੋਂ ਬਣਾਏ ਗਏ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਇੱਕ ਸਾਲ ਤੋਂ ਵੱਧ ਸਮੇਂ ਦੌਰਾਨ ਦਿੱਲੀ ਦੀਆਂ ਸਰਹੱਦਾਂ 'ਤੇ ਕਿਸਾਨਾਂ ਦੇ ਵਿਰੋਧ ਨੂੰ ਕਵਰ ਕਰਦੀ ਹੈ। ਆਈ ਐਂਡ ਵੀ ਮੰਤਰਾਲੇ ਨੇ ਇਜ਼ਰਾਇਲ ਤੇ ਯੂਕ੍ਰੇਨ 'ਤੇ ਵੀ ਦਸਤਾਵੇਜ਼ੀ ਫ਼ਿਲਮਾਂ ਦੀ ਇਜਾਜ਼ਤ ਦੇਣ ਤੋਂ ਵੀ ਇਨਕਾਰ ਕਰ ਦਿੱਤਾ ਹੈ। ਕਿਸਾਨ ਸਤਿਆਗ੍ਰਹਿ ਦਸਤਾਵੇਜ਼ੀ ਫ਼ਿਲਮ 86 ਮਿੰਟ ਦੀ ਹੈ, ਤੇ ਇਹ ਫ਼ਿਲਮ ਚਾਰ ਅੰਤਰਰਾਸ਼ਟਰੀ ਫ਼ਿਲਮ ਮੇਲਿਆਂ ਸਮੇਤ ਕੁਝ ਫ਼ੋਰਮਾਂ 'ਤੇ ਆਫ਼ਲਾਈਨ ਵੀ ਦਿਖਾਈ ਜਾ ਚੁੱਕੀ ਹੈ। ਇਸ ਫ਼ਿਲਮ ਨੇ ਵਾਈਟ ਯੂਨੀਕੋਰਨ ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ 2022 ਦੇ ਵਿੱਚ ਸਰਵੋਤਮ ਭਾਰਤੀ ਦਸਤਾਵੇਜ਼ੀ ਦਾ ਪੁਰਸਕਾਰ ਜਿੱਤਿਆ ਹੈ ਤੇ ਦੋ ਹੋਰ ਫ਼ਿਲਮ ਉਤਸਵਾਂ ਦੇ ਲਈ ਚੁਣੇ ਜਾਣ ਤੋਂ ਇਲਾਵਾ ਅੰਨਾਤੋਲੀਆ ਅੰਤਰਰਾਸ਼ਟਰੀ ਫ਼ਿਲਮ ਫ਼ੈਸਟੀਵਲ 2022 ਵਿੱਚ ਫ਼ਾਈਨਲਿਸਟ ਵਜੋਂ ਉਭਰੀ ਸੀ।

# ਰਾਣੀ ਮੁਖਰਜੀ ਨੂੰ ਮਿਲਿਆ ਸਰਬੋਤਮ ਅਦਾਕਾਰਾ ਦਾ ਐਵਾਰਡ



ਦਾਦਾ ਸਾਹਿਬ ਫਾਲਕੇ ਇੰਟਰਨੈਸ਼ਨਲ ਫਿਲਮ ਫੈਸਟੀਵਲ ਐਵਾਰਡਜ਼ 2024 ਸਬੰਧੀ ਸਮਾਗਮ ਮੁੰਬਈ ਵਿੱਚ ਹੋਇਆ। ਇਸ ਮੌਕੇ ਸਰਬੋਤਮ ਅਦਾਕਾਰਾ ਦਾ ਖਿਤਾਬ ਰਾਣੀ ਮੁਖਰਜੀ ਨੂੰ ਦਿੱਤਾ ਗਿਆ। ਉਸ ਨੂੰ ਇਹ ਐਵਾਰਡ 'ਮਿਸਿਜ਼ ਚੈਟਰਜੀ ਵਰਸਿਜ਼ ਨਾਰਵੇ' ਵਿੱਚ ਸ਼ਾਨਦਾਰ ਅਦਾਕਾਰੀ ਲਈ ਦਿੱਤਾ ਗਿਆ ਹੈ। ਇਸ ਫਿਲਮ ਵਿੱਚ ਰਾਣੀ ਨੇ ਅਜਿਹੀ ਮਾਂ ਦੀ ਭੂਮਿਕਾ ਨਿਭਾਈ ਹੈ ਜਿਸ ਦੇ ਬੱਚਿਆਂ ਨੂੰ ਉਸ ਤੋਂ ਦੂਰ ਕਰ ਦਿੱਤਾ ਜਾਂਦਾ ਹੈ। ਇਸ ਫਿਲਮ ਵਿੱਚ ਦਿਖਾਇਆ ਗਿਆ ਹੈ ਕਿ ਮਾਂ ਆਪਣੇ ਬੱਚਿਆਂ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੁੰਦੀ ਹੈ। ਇਹ ਐਵਾਰਡ ਹਾਸਲ ਕਰਦਿਆਂ ਰਾਣੀ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ 'ਮਿਸਿਜ਼ ਚੈਟਰਜੀ ਵਰਸਿਜ਼ ਨਾਰਵੇ' ਸਾਡੇ ਦੇਸ਼ ਤੋਂ ਬਾਹਰ ਭਾਰਤੀਆਂ ਦੇ ਹਾਲਾਤ ਨੂੰ ਬਿਆਨਦੀ ਮਹੱਤਵਪੂਰਨ ਫਿਲਮ ਹੈ। ਇਸ ਫਿਲਮ ਦੇ ਨਿਰਦੇਸ਼ਕ ਨੇ ਜਦੋਂ ਫਿਲਮ ਦੀ ਕਹਾਣੀ ਮੈਨੂੰ ਸੁਣਾਈ ਤਾਂ ਮੈਂ ਇਹ ਜਾਣ ਕੇ ਹੈਰਾਨ ਰਹਿ ਗਈ ਕਿ ਮਾਂ ਨਾਲ ਕਿਹੋ ਜਿਹਾ ਸਲੂਕ ਕੀਤਾ ਗਿਆ ਅਤੇ ਉਸ ਦੇ ਬੱਚੇ ਉਸ ਕੋਲੋਂ ਖੋਹ ਲਏ ਗਏ। ਇੱਕ ਮਾਂ ਹੋਣ ਦੇ ਨਾਤੇ ਇਸ ਫਿਲਮ ਦੀ ਕਹਾਣੀ ਨੇ ਮੈਨੂੰ ਝੰਜੋੜ ਕੇ ਰੱਖ ਦਿੱਤਾ ਅਤੇ ਮੈਂ ਮਹਿਸੂਸ ਕੀਤਾ ਕਿ ਇਹ ਕਹਾਣੀ ਸਾਰਿਆਂ ਨੂੰ ਦੱਸੀ ਜਾਣੀ ਚਾਹੀਦੀ ਹੈ ਜਿਸ ਕਾਰਨ ਮੈਂ ਇਹ ਫਿਲਮ ਕੀਤੀ।" ਇਸ ਤੋਂ ਇਲਾਵਾ ਸਰਬੋਤਮ ਅਦਾਕਾਰ ਦਾ ਐਵਾਰਡ ਸ਼ਾਹਰੁਖ ਖਾਨ ਨੂੰ ਫਿਲਮ 'ਜਵਾਨ' ਲਈ ਦਿੱਤਾ ਗਿਆ। ਬੈਸਟ ਐਕਟਰ ਇਨ ਨੈਗੇਟਿਵ ਰੋਲ ਦਾ ਖਿਤਾਬ ਬੌਬੀ ਦਿਓਲ ਨੂੰ ਫਿਲਮ 'ਐਨੀਮਲ' ਲਈ ਦਿੱਤਾ ਗਿਆ। ਕਰੀਨਾ ਕਪੂਰ ਖਾਨ, ਮੌਸਮੀ ਚੈਟਰਜੀ, ਨਯਨਤਾਰਾ, ਸ਼ਾਹਿਦ ਕਪੂਰ, ਵਿਧੂ ਵਿਨੋਦ ਚੋਪੜਾ, ਸੰਦੀਪ ਰੈੱਡੀ ਵਾਂਗਾ ਆਦਿ ਨੂੰ ਵੀ ਐਵਾਰਡ ਦੇ ਕੇ ਸਨਮਾਨਿਆ ਗਿਆ।

## ਪਰਿਵਾਰਕ ਡਰਾਮਾ, ਡਰਾਵਣੀ ਅਤੇ ਡਬਲਡੋਜ਼ ਕਾਮੇਡੀ ਵਾਲੀ ਫ਼ਿਲਮ

# 'ਬੂ ਮੈਂ ਡਰ ਗਈ'

ਹਰਜਿੰਦਰ ਸਿੰਘ ਜਵੰਦਾ
9463828000




ਕਰੋਨਾ ਕਾਲ ਤੋਂ ਬਾਅਦ ਪੰਜਾਬੀ ਸਿਨੇਮਾ ਵਿੱਚ ਕਦਮ ਦਰ ਕਦਮ ਬਾਲੀਵੁਡ ਪੱਧਰ ਦਾ ਬਦਲਾਓ ਵੇਖਿਆ ਜਾ ਰਿਹਾ ਹੈ। ਜਿੱਥੇ ਸਮਾਜਿਕ ਵਿਸ਼ਿਆਂ ਦੀਆਂ ਅਰਥ ਭਰਪੂਰ ਕਹਾਣੀਆ 'ਤੇ ਕੰਮ ਹੋ ਰਿਹਾ ਹੈ, ਉੱਥੇ ਨਿਰਦੇਸ਼ਨ ਅਤੇ ਤਕਨੀਕੀ ਕੰਮਾਂ ਵਿੱਚ ਵੀ ਚੰਗਾ ਨਿਖਾਰ ਆ ਰਿਹਾ ਹੈ। ਵਿਸ਼ਿਆਂ ਦੀ ਗੱਲ ਕਰੀਏ ਤਾਂ ਕਾਮੇਡੀ ਦੇ ਨਵੇਂ ਨਵੇਂ ਰੰਗ ਵੇਖਣ ਨੂੰ ਮਿਲਣਗੇ। ਅਜਿਹੀ ਹੀ ਇੱਕ ਫ਼ਿਲਮ ਹੈ ' ਬੂ ਮੈਂ ਡਰਗੀ ... ', ਜੋ ਪਹਿਲੀ ਪੰਜਾਬੀ ਫ਼ਿਲਮ ਹੋਵੇਗੀ ਜਿਸ ਨੂੰ ਵੇਖਦਿਆਂ ਦਰਸ਼ਕ ਡਰਦੇ-ਡਰਦੇ ਹੱਸਣ ਲਈ ਮਜਬੂਰ ਹੋਣਗੇ। ਇੱਕ ਜ਼ਮਾਨਾ ਸੀ ਜਦ ਹਿੰਦੀ ਸਿਨੇਮਾ ਵਿੱਚ ਜਾਨੀ ਦੁਸ਼ਮਣ , ਬੰਦ ਦਰਵਾਜਾ, ਤਹਿਖਾਨਾ ਵਰਗੀਆ ਖੌਫ਼ਨਾਕ ਫ਼ਿਲਮਾਂ ਦਾ ਬੋਲਬਾਲਾ ਹੁੰਦਾ ਸੀ। ਕਈ ਸਾਲਾਂ ਬਾਅਦ ਹੁਣ ਇਹ ਦੌਰ ਪੰਜਾਬੀ ਫ਼ਿਲਮ 'ਬੂ ਮੈਂ ਡਰਗੀ ' ਨਾਲ ਮੁੜ ਦੁਹਰਾਇਆ ਜਾ ਰਿਹਾ ਹੈ। ਨੈਕਸਟ ਇਮੇਜ ਇੰਟਰਟੇਨਮੈਂਟ' ਦੀ ਪੇਸ਼ਕਸ਼ ਲੇਖ਼ਕ ਰਾਜੂ ਵਰਮਾ ਦੀ ਲਿਖੀ ਇਸ ਫ਼ਿਲਮ ਦੇ ਨਿਰਦੇਸ਼ਕ ਮਨਜੀਤ ਸਿੰਘ ਟੋਨੀ ਹਨ। ਜਿਸਨੇ ਦੱਸਿਆ ਕਿ ਫ਼ਿਲਮ 'ਚ ਪਹਾੜੀ ਪਿੰਡਾਂ ਦੀ ਜ਼ਿੰਦਗੀ, ਸਮੱਸਿਆਵਾਂ ਅਤੇ ਉਥੋਂ ਦੇ ਲੋਕਾਂ ਦਾ ਰਹਿਣ ਸਹਿਣ ਪਹਿਲੀ ਵਾਰ ਕਿਸੇ ਪੰਜਾਬੀ ਫਿਲਮ ਵਿੱਚ ਨਜ਼ਰ ਆਵੇਗਾ। ਇਹ ਫ਼ਿਲਮ ਸਿਨੇਮਾ ਪ੍ਰੇਮੀਆਂ ਦਾ ਖ਼ੂਬ ਮਨੋਰੰਜਨ ਕਰਨ ਵਾਲੀ ਹੈ ਕਿਉਂਕਿ ਫ਼ਿਲਮ ਕਾਮੇਡੀ ਦੇ ਨਾਲ-ਨਾਲ ਡਰਾਵਨੀ ਵੀ ਹੋਵੇਗੀ। ਫ਼ਿਲਮ ਦੀ ਕਹਾਣੀ ਇੱਕ ਪਿੰਡ ਦੇ ਇਰਦ-ਗਿਰਦ ਘੁੰਮਦੀ ਹੈ। ਪਿੰਡ ਵਿੱਚ ਰਹਿਣ ਵਾਲੇ ਲੋਕ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣੇ ਕਰਦੇ ਹਨ ।ਇਨ੍ਹਾਂ ਮੁਸ਼ਕਿਲਾਂ ਵਿੱਚੋਂ ਨਿਕਲਣ ਲਈ ਲੋਕ ਕਈ ਤਰ੍ਹਾਂ ਦੇ ਪਾਪੜ ਵੇਲਦੇ ਹਨ ਆਦਿ ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਪਰਦੇ 'ਤੇ ਪੇਸ਼ ਕੀਤਾ ਗਿਆ ਹੈ। ਇਹ ਫ਼ਿਲਮ ਪੰਜਾਬ ਦੇ ਨਾਲ ਨਾਲ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਦਰਸ਼ਕਾਂ ਲਈ ਵੀ ਖਿੱਚ ਦਾ ਕੇਂਦਰ ਬਣੇਗੀ।



'ਨੈਕਸਟ ਇਮੈਜ ਇੰਟਰਟੇਨਮੈਂਟ' ਦੀ ਪੇਸ਼ਕਸ਼ ਇਸ ਫ਼ਿਲਮ ਦੇ ਨਿਰਮਾਤਾ ਸੋਨੀ ਨੱਢਾ, ਕਰਮਜੀਤ ਥਿੰਦ, ਪਰਵਿੰਦਰ ਨੱਢਾ ਨੇ ਕਿਹਾ ਕਿ ਪੰਜਾਬੀ ਫਿਲਮ ਇੰਡਸਟਰੀ ਵਿੱਚ ਇਹ ਪਹਿਲੀ ਹੌਰਰ ਫਿਲਮ ਹੈ ਅਤੇ ਫ਼ਿਲਮ ਦੀ ਸ਼ੂਟਿੰਗ ਵੀ ਅਜਿਹੀਆਂ ਲੋਕੇਸ਼ਨਾਂ 'ਤੇ ਕੀਤੀ ਹੈ ਜਿੰਨਾ ਦੀ ਗਿਣਤੀ ਦੇਸ਼ ਦੀਆਂ ਸਭ ਤੋਂ ਹੌਂਟਡ ਲੋਕੇਸ਼ਨਾਂ 'ਚ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਲੋਕੇਸ਼ਨਾਂ 'ਤੇ ਆਮ ਲੋਕ ਦਿਨ ਵੇਲੇ ਹੀ ਜਾਣ ਤੋਂ ਕਤਰਾਉਂਦੇ ਹਨ। ਮਲਟੀਸਟਾਰ ਕਾਸਟ ਵਾਲੀ ਇਸ ਫ਼ਿਲਮ ਵਿੱਚ ਰੌਸ਼ਨ ਪ੍ਰਿੰਸ ਅਤੇ ਈਸ਼ਾ ਰਿਖੀ ਤੋਂ ਇਲਾਵਾ ਯੋਗਰਾਜ ਸਿੰਘ, ਬੀ ਐਨ ਸ਼ਰਮਾ, ਹਾਰਬੀ ਸੰਘਾ, ਅਨੀਤਾ ਦੇਵਗਨ, ਹਰਦੀਪ ਗਿੱਲ, ਪ੍ਰਕਾਸ਼ ਗਾਧੂ, ਦਿਲਾਵਰ ਸਿੱਧੂ, ਬਾਲ ਕਲਾਕਾਰ ਅਨਮੋਲ ਵਰਗਾ, ਗੁਰਮੀਤ ਸਾਜਨ, ਸਤਿੰਦਰ ਕੌਰ, ਗੁਰਪ੍ਰੀਤ ਕੌਰ ਭੰਗੂ, ਜੱਗੀ ਧੂਰੀ, ਗੁਰਚੇਤ ਚਿੱਤਰਕਾਰ ਅਤੇ ਨਿਸ਼ਾ ਬਾਨੋਂ ਸਮੇਤ ਹੋਰ ਕਈ ਕਲਾਕਾਰ ਅਹਿਮ ਭੂਮਿਕਾਵਾਂ ਚ ਨਜ਼ਰ ਆਉਣਗੇ। ਇਸ ਫ਼ਿਲਮ ਦੇ ਗੀਤ ਗਾਇਕ ਨਿੰਜਾ, ਗੁਰਲੇਜ ਅਖ਼ਤਰ, ਰੌਸ਼ਨ ਪ੍ਰਿੰਸ, ਮੰਨਤ ਨੂਰ, ਸ਼ਿਵਜੋਤ ਨੇ ਗਾਏ ਹਨ ਜਿੰਨ੍ਹਾ ਨੂੰ ਗੀਤਕਾਰ, ਹਰਮਨਜੀਤ ਤੇ ਰਾਜੂ ਵਰਮਾ ਨੇ ਲਿਖਿਆ ਹੈ। ਇਸ ਫ਼ਿਲਮ ਵਿਚਲੇ ਹੈਰਤ-ਅੰਗੇਜ਼ ਦ੍ਰਿਸ਼ਾਂ ਨੂੰ ਕੈਮਰਾਮੈਨ ਬਰਿੰਦਰ ਸਿੱਧੂ ਨਾ ਫ਼ਿਲਮਾਇਆ ਹੈ। ਇਸ ਫ਼ਿਲਮ ਦੇ ਸਹਾਇਕ ਨਿਰਮਾਤਾ ਬਿਕਰਮ ਗਿੱਲ ਹਨ।



# ਸਿਆਸਤ 'ਚ ਆਵੇਗੀ ਕੰਗਨਾ ਰਣੌਤ



ਮੁੰਬਈ/ਏ.ਟੀ.ਨਿਊਜ਼: ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਦੇ ਰਾਜਨੀਤੀ 'ਚ ਆਉਣ ਦੀਆਂ ਕਿਆਸ ਅਰਾਈਆਂ ਲਾਈਆਂ ਜਾਂਦੀਆਂ ਰਹੀਆਂ ਹਨ ਪਰ ਅਦਾਕਾਰਾ ਨੇ ਹਮੇਸ਼ਾ ਅਜਿਹਾ ਕਰਨ ਤੋਂ ਇਨਕਾਰ ਕੀਤਾ ਹੈ ਪਰ ਹੁਣ ਕੰਗਨਾ ਨੇ ਇੱਕ ਇੰਟਰਵਿਊ 'ਚ ਕਿਹਾ ਹੈ ਕਿ ਰਾਜਨੀਤੀ ਵਿੱਚ ਆਉਣ ਦਾ ਇਹ ਸਹੀ ਸਮਾਂ ਹੈ।

ਇੱਕ ਇੰਟਰਵਿਊ ਵਿੱਚ ਕੰਗਨਾ ਨੇ ਕਿਹਾ, "ਮੈਂ ਕਈ ਫ਼ਿਲਮਾਂ ਦੇ ਸੈੱਟ ਲਈ ਸਿਆਸੀ ਪਾਰਟੀਆਂ ਨਾਲ ਲੜ ਚੁੱਕੀ ਹਾਂ। ਇਹ ਮੈਨੂੰ ਦੂਰ ਨਹੀਂ ਰੱਖਦਾ, ਇਹ ਮੈਨੂੰ ਉਹ ਕਰਨ ਲਈ ਜਗ੍ਹਾ ਨਹੀਂ ਦਿੰਦਾ, ਜੋ ਮੈਂ ਆਪਣੇ ਦੇਸ਼ ਲਈ ਕਰਨਾ ਚਾਹੁੰਦੀ ਹਾਂ ਪਰ ਜੇਕਰ ਮੈਂ ਰਾਜਨੀਤੀ ਵਿੱਚ ਆਉਣਾ ਚਾਹੁੰਦੀ ਹਾਂ ਤਾਂ ਸ਼ਾਇਦ ਮੈਨੂੰ ਲੱਗਦਾ ਹੈ ਕਿ ਇਹ ਸਹੀ ਸਮਾਂ ਹੈ।"

ਕੰਗਨਾ ਨੇ ਅੱਗੇ ਕਿਹਾ, "ਇਸ ਦੇਸ਼ ਨੇ ਮੈਨੂੰ ਬਹੁਤ ਕੁਝ ਦਿੱਤਾ ਹੈ, ਜਿਸ ਨੂੰ ਵਾਪਸ ਦੇਣ ਦੀ ਮੈਂ ਡੂੰਘੀ ਜ਼ਿੰਮੇਵਾਰੀ ਮਹਿਸੂਸ ਕਰਦੀ ਹਾਂ। ਮੈਂ ਹਮੇਸ਼ਾ ਇੱਕ ਰਾਸ਼ਟਰਵਾਦੀ ਰਹੀ ਹਾਂ ।"

ਵਰਕ ਫਰੰਟ ਦੀ ਗੱਲ ਕਰੀਏ ਤਾਂ ਕੰਗਨਾ ਰਣੌਤ ਜਲਦ ਹੀ ਫ਼ਿਲਮ 'ਐਮਰਜੈਂਸੀ' ਵਿੱਚ ਨਜ਼ਰ ਆਵੇਗੀ। ਇਸ ਫ਼ਿਲਮ ਨੂੰ ਕੰਗਨਾ ਰਣੌਤ ਨੇ ਡਾਇਰੈਕਟ ਕੀਤਾ ਹੈ। ਕੰਗਨਾ ਨੇ 'ਐਮਰਜੈਂਸੀ' ਵਿੱਚ ਭਾਰਤ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਭੂਮਿਕਾ ਨਿਭਾਈ ਹੈ।

## ਅਮਰੀਕਾ ਸਿਰ ਕਰਜ਼ਾ 34.14 ਖ਼ਰਬ ਡਾਲਰ

ਪਰ ਹਾਕਮਾਂ ਦਾ ਚਾਕਰ ਮੀਡੀਆ ਇਸ ਵਧਦੇ ਕਰਜੇ ਲਈ ਆਮ ਲੋਕਾਂ ਉੱਤੇ ਹੀ ਦੋਸ਼ ਸੁੱਟ ਰਿਹਾ ਹੈ ਕਿ ਸਰਕਾਰ ਸਿਰ ਕਰਜ਼ਾ ਵਧਣ ਦਾ ਅਸਲ ਕਾਰਨ ਲੋਕ ਭਲਾਈ ਸਕੀਮਾਂ ਉੱਤੇ ਵਧਦਾ ਖਰਚਾ ਹੈ। ਚਾਹੇ ਡੈਮੋਕ੍ਰੇਟ ਪੱਖੀ ਮੀਡੀਆ ਹੋਵੇ ਭਾਵੇਂ ਰਿਪਬਲਿਕਨ ਪਾਰਟੀ ਪੱਖੀ ਮੀਡੀਆ ਜਾਂ ਅਖੌਤੀ ਨਿਰਪੱਖ ਮੀਡੀਆ ਇਹਨਾਂ ਸਾਰਿਆਂ ਨੇ ਹੀ ਅਮਰੀਕਾ ਦੀ ਲੋਕਾਈ ਨੂੰ ਮੁਫਤਖੋਰ ਕਹਿਕੇ ਭੰਡਦਿਆਂ ਉਹਨਾਂ ਨੂੰ ਸਰਕਾਰੀ ਖਜਾਨੇ ਸਿਰ ਬੋਝ ਦੱਸਿਆ ਹੈ। ਇਸ ਗੱਲ ਨੂੰ ਉਭਾਰਿਆ ਗਿਆ ਕਿ ਅਮਰੀਕੀ ਸਰਕਾਰ ਨੂੰ ਆਪਣਾ ਕੁੱਲ ਕਰਜ਼ਾ ਘਟਾਉਣ ਦੀ ਲੋੜ ਹੈ ਤੇ ਇਹ ਸਿੱਖਿਆ, ਸਿਹਤ, ਪੈਨਸ਼ਨ, ਬੇਰੁਜਗਾਰੀ ਭੱਤੇ, ਹੋਰ ਲੋਕ ਭਲਾਈ ਸਕੀਮਾਂ ਆਦਿ ਜਹੀਆਂ ਮਦਾਂ ਉੱਤੇ ਖਰਚਾ ਘਟਾਕੇ ਹੀ ਸੰਭਵ ਹੈ। ਅਮਰੀਕਾ ਦੇ ਲੱਗਭੱਗ ਸਾਰੇ ਦੇ ਸਾਰੇ ਮੁੱਖਧਾਰਾ ਮੀਡੀਆ ਨੇ ਹੀ ਸਾਮਰਾਜੀ ਜੰਗਾਂ ਉੱਤੇ ਹੋਣ ਵਾਲ਼ੇ ਫ਼ੌਜੀ ਖਰਚੇ, ਅਮੀਰਾਂ ਦੀਆਂ ਸਬਸਿਡੀਆਂ, ਕਾਰਪੋਰੇਟ ਟੈਕਸ ਵਿੱਚ ਛੋਟਾਂ, ਬੈਂਕਾਂ ਨੂੰ ਦਿਵਾਲ਼ੀਏ ਹੋਣ ਤੋਂ ਬਚਾਉਣ ਲਈ ਜਾਰੀ ਕੀਤੇ ਜਾਣ ਵਾਲ਼ੇ ਅਰਬਾਂ ਡਾਲਰਾਂ ਦੀ ਹਵਾ ਤੱਕ ਬਾਹਰ ਨਹੀਂ ਕੱਢੀ।

***

## ਭਾਰਤ 'ਤੇ ਵੀ ਅਮਰੀਕੀ ਅਰਥਚਾਰ

ਇੰਡੀਅਨ ਐਕਸਪ੍ਰੈੱਸ ਨੇ 11 ਜਨਵਰੀ 2024 ਨੂੰ ਰਿਪੋਰਟ ਕੀਤਾ ਸੀ ਕਿ ਐਮੇਜ਼ੋਨ ਟਵਇਚ ਨੇ 35% ਸਟਾਫ ਕੱਢਣ ਦਾ ਫ਼ੈਸਲਾ ਕੀਤਾ ਹੈ। ਪੇਟੀਐੱਮ 1000 ਮੁਲਾਜ਼ਮਾਂ ਦੀ ਛਾਂਟੀ ਕਰ ਰਹੀ ਹੈ, ਫਲਿਪਕਾਰਟ 1100-1500 ਮੁਲਾਜ਼ਮ ਨੌਕਰੀ ਤੋਂ ਕੱਢ ਰਹੀ ਹੈ। ਯੂਨੀਟੀ ਸਾਫਟਵੇਅਰ 25% ਮੁਲਾਜ਼ਮਾਂ ਦੀ ਛੁੱਟੀ ਕਰ ਦੇਵੇਗੀ ਅਤੇ ਹੂਮੇਨ ਕੰਪਨੀ ਨੇ ਇਸ ਸਾਲ 4% ਮੁਲਾਜ਼ਮ ਕੱਢਣ ਦਾ ਫ਼ੈਸਲਾ ਕੀਤਾ ਹੈ। ਇਨ੍ਹਾਂ ਕੰਪਨੀਆਂ ਨੇ ਘਟ ਰਹੇ ਮੁਨਾਫਿਆਂ ਕਾਰਨ ਇਹ ਫ਼ੈਸਲਾ ਕੀਤਾ ਹੈ। ਇਸ ਦੇ ਦੋ ਕਾਰਨ ਦੱਸੇ ਹਨ: ਇੱਕ, ਕਾਰੋਬਾਰ ਵਿੱਚ ਬੇਯਕੀਨੀ ਤੇ ਦੂਜਾ ਕਾਰਨ ਕੋਵਿਡ-19 ਸਮੇਂ ਜ਼ਿਆਦਾ ਕੀਤੀਆਂ ਭਰਤੀਆਂ ਦੱਸਿਆ ਹੈ। ਇਹ ਅੰਕੜੇ ਇਸ਼ਾਰਾ ਕਰਦੇ ਹਨ ਕਿ ਵੱਡੀਆਂ ਕੰਪਨੀਆਂ ਨੂੰ ਮੁਲਾਜ਼ਮ ਰੱਖਣ ਵਿੱਚ ਕਠਿਨਾਈ ਆ ਰਹੀ ਹੈ, ਉਨ੍ਹਾਂ ਕੋਲ ਲੋੜੀਂਦਾ ਕਾਰੋਬਾਰ ਨਹੀਂ। ਛੋਟੀਆਂ ਇਕਾਈਆਂ ਖਾਸ ਕਰ ਕੇ ਮਾਈਕਰੋ, ਸਮਾਲ, ਮੀਡੀਅਮ ਐਂਟਰਪਰਾਈਜ਼ ਬਾਰੇ ਅੰਕੜਿਆਂ ਦੀ ਘਾਟ ਕਰ ਕੇ ਟਿੱਪਣੀ ਕਰਨੀ ਔਖੀ ਹੈ ਪਰ ਇਹ ਗੱਲ ਸਾਫ ਹੈ ਕਿ ਆਰਥਿਕ ਕਿਰਿਆਵਾਂ ਉਤੇ ਪ੍ਰਭਾਵ ਜ਼ਰੂਰ ਪੈਂਦਾ ਨਜ਼ਰ ਆਉਂਦਾ ਹੈ।

ਡਾਕਟਰ ਗਿੱਲ ਦਾ ਕਹਿਣਾ ਹੈ ਕਿ ਇਨ੍ਹਾਂ ਬੁਰੇ ਪ੍ਰਭਾਵਾਂ ਨੂੰ ਠੀਕ ਕਰਨ ਵਾਸਤੇ ਜ਼ਰੂਰੀ ਹੈ ਕਿ ਦੇਸ਼ ਦੀਆਂ ਕਾਰਪੋਰੇਟ ਪੱਖੀ ਆਰਥਿਕ ਨੀਤੀਆਂ ਲੋਕ ਪੱਖੀ ਬਣਾਈਆਂ ਜਾਣ। ਸੰਸਾਰ ਬੈਂਕ ਨੇ ਪਬਲਿਕ/ਸਰਕਾਰੀ ਪੂੰਜੀ ਨਿਵੇਸ਼ ਵਧਾਉਣ ਦੀ ਸਿਫਾਰਸ਼ ਕੀਤੀ ਹੈ। ਇਸ ਨਾਲ ਪ੍ਰਾਈਵੇਟ ਕੰਪਨੀਆਂ ਵੱਲੋਂ ਪੂੰਜੀ ਨਿਵੇਸ਼ ਨੂੰ ਉਤਸ਼ਾਹ ਮਿਲ ਸਕਦਾ ਹੈ। ਇਸ ਤੋਂ ਇਲਾਵਾ ਛੋਟੀਆਂ ਇਕਾਈਆਂ ਨੂੰ ਖਾਸ ਰਿਆਇਤਾਂ ਅਤੇ ਸਸਤੇ ਕਰਜ਼ੇ ਮੁਹੱਈਆ ਕਰਵਾਏ ਜਾਣ। ਖੇਤੀ ਅਰਥਚਾਰੇ ਨੂੰ ਵਧਾਉਣ ਦੇ ਹੱਕ ਵਿੱਚ ਡਾਕਟਰ ਗਿੱਲ ਨੇ ਕਿਹਾ ਕਿ ਭਾਰਤ ਦੇ ਖੇਤੀ ਸੈਕਟਰ ਵਿੱਚ ਦੇਸ਼ ਦਾ 44-45% ਰੁਜ਼ਗਾਰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਰੂਪ ਵਿੱਚ ਹੈ। ਇਸ ਸੈਕਟਰ ਦੇ ਸੰਕਟ ਨੂੰ ਦੂਰ ਕਰਨ ਦੇ ਖਾਸ ਪ੍ਰੋਗਰਾਮ ਉਲੀਕੇ ਜਾਣ। ਬੇਰੁਜ਼ਗਾਰੀ ਦੂਰ ਕਰਨ ਲਈ ਰੁਜ਼ਗਾਰ ਨੀਤੀ ਬਣਾ ਕੇ ਯੋਗ ਕਾਰਵਾਈ ਕੀਤੀ ਜਾਵੇ। ਨੌਜਵਾਨਾਂ ਦੇ ਰੁਜ਼ਗਾਰ ਦੇ ਮਿਆਰ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ। ਅਜਿਹੀ ਨੀਤੀ ਮਾੜੇ ਗਲੋਬਲੀ ਆਰਥਿਕ ਪ੍ਰਭਾਵ ਕਾਫ਼ੀ ਹੱਦ ਤੱਕ ਰੋਕ ਸਕਦੀ ਹੈ।

***

## 5 ਸਾਲਾਂ 'ਚ ਅਮੀਰ ਲੋਕਾਂ

ਦਹਾਕੇ ਵਿੱਚ ਘੜੀਆਂ ਦੀਆਂ ਕੀਮਤਾਂ ਵਿਚ 138 ਪ੍ਰਤੀਸ਼ਤ ਵਾਧਾ ਹੋਇਆ ਹੈ। ਇਸੇ ਤਰ੍ਹਾਂ ਕਲਾਕ੍ਰਿਤੀਆਂ ਦੇ ਭਾਅ 105 ਫੀਸਦੀ ਅਤੇ ਗਹਿਣਿਆਂ ਦੇ ਭਾਅ 37 ਫੀਸਦੀ ਵਧੇ ਹਨ। ਪਰ ਗਲੋਬਲ ਪੱਧਰ 'ਤੇ ਰੁਝਾਨ ਥੋੜ੍ਹਾ ਵੱਖਰਾ ਹੈ। ਦੁਨੀਆ ਦੇ ਦੂਜੇ ਦੇਸ਼ਾਂ ਵਿੱਚ ਅਮੀਰਾਂ ਲਈ ਕਲਾਕ੍ਰਿਤੀਆਂ ਨੂੰ ਸਭ ਤੋਂ ਪਸੰਦੀਦਾ ਨਿਵੇਸ਼ ਮੰਨਿਆ ਗਿਆ ਹੈ। ਉਸ ਦੇ ਬਾਅਦ ਘੜੀਆਂ ਅਤੇ ਕਲਾਸਿਕ ਕਾਰਾਂ ਦਾ ਸਥਾਨ ਹੈ। ਪਿਛਲੇ 10 ਸਾਲਾਂ 'ਚ ਅਜਿਹੀਆਂ ਕਾਰਾਂ ਦੀਆਂ ਕੀਮਤਾਂ 'ਚ 82 ਫੀਸਦੀ ਦਾ ਵਾਧਾ ਹੋਇਆ ਹੈ।

**ਭਾਰਤ 'ਚ ਇੱਕ ਸਾਲ ਵਿੱਚ ਵਧੇ 6 ਫੀਸਦੀ ਅਮੀਰ**

ਲਿਆਮ ਬੇਲੀ ਨੇ ਕਿਹਾ ਕਿ ਏਸ਼ੀਆ ਵਿਸ਼ਵ ਅਰਥਚਾਰੇ ਦਾ ਵੱਡਾ ਕੇਂਦਰ ਬਣਦਾ ਜਾ ਰਿਹਾ ਹੈ ਅਤੇ ਇਹ ਰੁਝਾਨ ਭਵਿੱਖ ਵਿੱਚ ਵੀ ਜਾਰੀ ਰਹੇਗਾ। ਬੇਲੀ ਨੇ ਕਿਹਾ ਕਿ ਸਾਲ 2028 ਤੱਕ ਏਸ਼ੀਆ ਤੋਂ ਬਾਅਦ ਸਭ ਤੋਂ ਅਮੀਰ ਲੋਕ ਪੱਛਮੀ ਏਸ਼ੀਆ ਅਤੇ ਉੱਤਰੀ ਏਸ਼ੀਆ ਵਿੱਚ ਹੋਣਗੇ। ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ 2023 'ਚ ਭਾਰਤ 'ਚ ਅਮੀਰਾਂ ਦੀ ਆਬਾਦੀ 'ਚ ਇਕ ਸਾਲ ਪਹਿਲਾਂ ਦੇ ਮੁਕਾਬਲੇ 6.1 ਫੀਸਦੀ ਦਾ ਵਾਧਾ ਹੋਇਆ ਹੈ ਅਤੇ ਇਸ ਅਰਸੇ ਦੌਰਾਨ ਦੁਨੀਆ ਭਰ 'ਚ ਅਮੀਰਾਂ ਦੀ ਗਿਣਤੀ 4.2 ਫੀਸਦੀ ਵਧ ਕੇ 6,26,619 ਹੋ ਗਈ ਹੈ। ਅਮੀਰ ਭਾਰਤੀ ਵੀ 2024 ਵਿਚ ਆਪਣੀ ਜਾਇਦਾਦ ਵਿਚ ਹੋਰ ਵਾਧੇ ਨੂੰ ਲੈ ਕੇ ਆਸਵੰਦ ਹਨ। ਰਿਪੋਰਟ 'ਚ ਕਿਹਾ ਗਿਆ ਹੈ ਕਿ 90 ਫੀਸਦੀ ਭਾਰਤੀ ਅਮੀਰ ਲੋਕਾਂ ਨੂੰ ਆਸ ਹੈ ਕਿ ਇਸ ਸਾਲ ਉਨ੍ਹਾਂ ਦੀ ਦੌਲਤ ਵਧੇਗੀ। ਉਨ੍ਹਾਂ ਵਿਚੋਂ ਲਗਭਗ 63 ਪ੍ਰਤੀਸ਼ਤ ਅਮੀਰਾਂ ਦਾ ਮੰਨਣਾ ਹੈ ਕਿ 2024 ਵਿਚ ਉਨ੍ਹਾਂ ਦੀ ਜਾਇਦਾਦ ਵਿੱਚ 10 ਪ੍ਰਤੀਸ਼ਤ ਤੋਂ ਵੱਧ ਵਧੇਗੀ।

***

## 'ਈਕੋ ਟੂਰਿਜ਼ਮ ਨੀਤੀ' ਦਾ ਫ਼ਾਇਦਾ

ਮੁੱਖ ਮੰਤਰੀ ਨੇ ਕਿਹਾ ਕਿ ਜਿਥੇ ਕਿਤੇ ਪਹਿਲਾਂ ਪੋਲਟਰੀ ਫ਼ਾਰਮ ਹੁੰਦਾ ਸੀ, ਉਸ ਨੂੰ ਮਗਰੋਂ ਸੁੱਖ ਵਿਲਾਸ ਹੋਟਲ ਵਿੱਚ ਤਬਦੀਲ ਕਰ ਦਿੱਤਾ ਗਿਆ।

ਮੁੱਖ ਮੰਤਰੀ ਨੇ ਕਿਹਾ ਕਿ ਪਿੰਡ ਪੱਲਣਪੁਰ ਵਿੱਚ ਬਣੇ ਇਸ ਰਿਜ਼ੌਰਟ ਦਾ ਅਸਲ ਨਾਮ 'ਮੈਟਰੋ ਈਕੋ ਗਰੀਨ ਰਿਜ਼ੌਰਟ' ਹੈ, ਜਿਸ ਨੂੰ ਸੁੱਖ ਵਿਲਾਸ ਦਾ ਨਾਮ ਵੀ ਦਿੱਤਾ ਗਿਆ ਜੋ ਕਿ ਅਸਲ ਵਿੱਚ ਪੰਜਾਬ ਲਈ ਦੁੱਖ ਵਿਲਾਸ ਹੈ।

ਉਨ੍ਹਾਂ ਦੱਸਿਆ ਕਿ ਮਾਰਚ 2009 ਵਿੱਚ 7.20 ਏਕੜ ਜ਼ਮੀਨ ਨੂੰ ਪੀ.ਐਲ.ਪੀ.ਏ. ਐਕਟ ਤੋਂ ਛੋਟ ਦਿੱਤੀ ਗਈ ਅਤੇ ਇਸ ਤਹਿਤ ਸਿਰਫ਼ ਬਾਦਲ ਪਰਿਵਾਰ ਦੀਆਂ ਦੋ ਕੰਪਨੀਆਂ ਨੂੰ ਮਨਜ਼ੂਰੀ ਮਿਲੀ। ਉਨ੍ਹਾਂ ਕਿਹਾ ਕਿ ਬਾਦਲਾਂ ਨੇ ਆਪਣੀਆਂ ਦੋ ਕੰਪਨੀਆਂ ਦੇ ਨਾਮ ਉੱਤੇ 21 ਏਕੜ ਜ਼ਮੀਨ ਖ਼ਰੀਦੀ, ਜੋ ਬਾਅਦ ਵਿੱਚ ਆਪਣੀ ਹੀ ਇੱਕ ਹੋਰ ਕੰਪਨੀ ਨੂੰ ਤਬਦੀਲ ਕਰ ਦਿੱਤੀ। ਮਾਨ ਨੇ ਕਿਹਾ ਕਿ ਇਸ ਕੰਪਨੀ ਦੇ ਜ਼ਿਆਦਾਤਰ ਸ਼ੇਅਰਾਂ 1,83,225 ਦਾ ਮਾਲਕ ਸੁਖਬੀਰ ਸਿੰਘ ਬਾਦਲ ਹੈ, ਜਦੋਂ ਕਿ ਹਰਸਿਮਰਤ ਬਾਦਲ ਤੇ ਡੱਬਵਾਲੀ ਟਰਾਂਸਪੋਰਟ ਕੰਪਨੀ ਦੇ ਨਾਮ ਉੱਤੇ ਵੀ ਇਸ ਕੰਪਨੀ ਵਿੱਚ ਕਾਫ਼ੀ ਸ਼ੇਅਰ ਹਨ। ਮੁੱਖ ਮੰਤਰੀ ਨੇ ਕਿਹਾ ਕਿ ਬਾਦਲ ਪਰਿਵਾਰ ਤੋਂ ਇਲਾਵਾ ਪੰਜਾਬ ਵਿੱਚ ਇਸ ਨੀਤੀ ਦਾ ਲਾਭ ਕਿਸੇ ਹੋਰ ਨੂੰ ਨਹੀਂ ਮਿਲਿਆ। ਸੁੱਖ ਵਿਲਾਸ ਹੋਟਲ ਨੂੰ ਜਾਂਦੀ ਸੜਕ ਦਾ ਨਿਰਮਾਣ ਵੀ ਗਮਾਡਾ ਵੱਲੋਂ ਕੀਤਾ ਗਿਆ। ਇਸ ਰਿਜ਼ੌਰਟ ਲਈ ਜੰਗਲਾਤ ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਵੀ ਕੀਤੀ ਗਈ ਜਦੋਂ ਕਿ ਇਹ ਰਿਜ਼ੌਰਟ ਆਪਣੇ ਇੱਕ ਕਮਰੇ ਦਾ ਚਾਰ ਤੋਂ ਪੰਜ ਲੱਖ ਰੁਪਿਆ ਕਿਰਾਇਆ ਵਸੂਲਦਾ ਹੈ। ਉਨ੍ਹਾਂ ਕਿਹਾ ਕਿ ਹੁਣ ਸ਼੍ਰੋਮਣੀ ਅਕਾਲੀ ਦਲ 'ਪੰਜਾਬ ਬਚਾਓ ਯਾਤਰਾ' ਦਾ ਢਕਵੰਜ ਕਰ ਰਿਹਾ ਹੈ। ਉਨ੍ਹਾਂ ਇਸ਼ਾਰਾ ਕੀਤਾ ਕਿ ਉਹ ਅਮਰਿੰਦਰ ਦੀ ਮਾਲਕੀ ਵਾਲੇ ਮਹਿੰਦਰਾ ਬਾਗ ਦੀ ਉਸਾਰੀ 'ਚ ਹੋਈਆਂ ਬੇਨਿਯਮੀਆਂ ਦੀ ਵੀ ਜਾਂਚ ਕਰ ਸਕਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਦੂਜੇ ਰਾਜਾਂ ਵਿੱਚ ਸਥਿਤ ਰਾਜ ਦੀਆਂ ਸਾਰੀਆਂ ਜ਼ਮੀਨਾਂ ਅਤੇ ਜਾਇਦਾਦਾਂ ਦਾ ਵੀ ਜਾਇਜ਼ਾ ਲੈ ਰਹੀ ਹੈ। ਉਨ੍ਹਾਂ ਦੱਸਿਆ ਕਿ ਗੋਆ ਵਿਚਲੀ ਅੱਠ ਏਕੜ ਜ਼ਮੀਨ ਨੂੰ ਗ਼ੈਰਕਨੂੰਨੀ ਤੌਰ 'ਤੇ ਲੀਜ਼ 'ਤੇ ਦਿੱਤਾ ਗਿਆ। ਉਹ ਕੋਲਕਾਤਾ ਵਿਚਲੀ ਮਿਲਕਫ਼ੈੱਡ ਦੀ ਮਲਕੀਅਤ ਵਾਲੀ ਪ੍ਰਮੁੱਖ ਜ਼ਮੀਨ ਦਾ ਜਾਇਜ਼ਾ ਲੈ ਰਹੇ ਹਨ।

****

## ਟੈਟੂ ਬਣਵਾਉਣੇ ਚਮੜੀ ਲਈ ਬਣ

ਦੁਆਰਾ ਸੋਖ ਲਿਆ ਜਾ ਸਕਦਾ ਹੈ ਜਿਸ ਨਾਲ ਅੰਗ 'ਤੇ ਬਣਾਉਣ ਤੋਂ ਬਾਅਦ ਆਪਣੀ ਥਾਂ 'ਤੇ ਰਹੇ, ਪਰ ਕੁਝ ਮਾਮਲਿਆਂ ਵਿੱਚ ਇਹ ਸੰਭਵ ਹੈ ਕਿ ਸਿਆਹੀ ਵਿੱਚ ਮੌਜੂਦ ਗੰਦਗੀ ਖ਼ੂਨ ਦੇ ਵਹਾਅ ਵਿੱਚ ਆ ਸਕਦੀ ਹੈ। ਇਹ ਪੂਰੇ ਸਰੀਰ ਵਿੱਚ ਫੈਲ ਜਾਵੇਗੀ, ਜਿਸ ਨਾਲ ਕਈ ਮਾੜੇ ਪ੍ਰਭਾਵਾਂ ਦਾ ਖ਼ਤਰਾ ਹੈ, ਇੱਥੋਂ ਤੱਕ ਕਿ ਕਈ ਅੰਗਾਂ ਨੂੰ ਵੀ ਨੁਕਸਾਨ ਪਹੁੰਚ ਸਕਦਾ ਹੈ।

***

## ਭਾਰਤ ਵਿੱਚ ਨ਼ਫਰਤੀ ਭਾਸ਼ਣਾਂ

ਭਰੇ ਭਾਸ਼ਣ ਦੀਆਂ ਘਟਨਾਵਾਂ ਦਾ ਲਗਭਗ 46% ਬਣਦਾ ਹੈ।

ਰਿਪੋਰਟ ਅਨੁਸਾਰ ਭਾਜਪਾ ਵਿਧਾਇਕਾਂ ਟੀ. ਰਾਜਾ ਸਿੰਘ ਅਤੇ ਨਿਤੇਸ਼ ਰਾਣੇ, ਵਿਸ਼ਵ ਹਿੰਦੂ ਪ੍ਰੀਸ਼ਦ (ਏ.ਐਚ.ਪੀ.) ਦੇ ਮੁਖੀ ਪ੍ਰਵੀਨ ਤੋਗੜੀਆ, ਸਿਆਸੀ ਆਗੂ ਕਾਜਲ ਸ਼ਿੰਗਾਲਾ, ਸੁਦਰਸ਼ਨ ਨਿਊਜ਼ ਦੇ ਮਾਲਕ ਸੁਰੇਸ਼ ਚਵਾਨਕੇ, ਹਿੰਦੂ ਧਾਰਮਿਕ ਨੇਤਾ ਯਤੀ ਨਰਸਿੰਘਾਨੰਦ, ਕਾਲੀਚਰਨ ਮਹਾਰਾਜ, ਸਾਧਵੀ ਸਰਸਵਤੀ ਮਿਸ਼ਰਾ ਜ਼ਿਆਦਾਤਰ ਨ਼ਫਰਤ ਵਾਲੇ ਭਾਸ਼ਣਾਂ ਲਈ ਜ਼ਿੰਮੇਵਾਰ ਹਨ।

ਰਿਪੋਰਟ ਵਿੱਚ ਇਸ ਨਿਰੀਖਣ ਦੇ ਨਾਲ ਸਿੱਟਾ ਕੱਢਿਆ ਗਿਆ ਕਿ ਭਾਰਤ ਦੇ ਵਧਦੇ ਧਰੁਵੀਕਰਨ ਵਾਲੇ ਜਨਤਕ ਖੇਤਰ ਦੇ ਅੰਦਰ, ਨ਼ਫਰਤ ਦੇ ਨਵੇਂ ਰੁਝਾਨ ਉੱਭਰ ਰਹੇ ਹਨ, ਜੋ ਸਥਾਪਿਤ ਅਤੇ ਹੋਰ ਨਵੇਂ ਸੰਗਠਨਾਂ ਨਾਲ ਸਹਿਯੋਗ ਕਰ ਰਹੇ ਹਨ, ਘੱਟਗਿਣਤੀ ਨ਼ਫਰਤ ਦੇ ਏਜੰਡੇ ਨੂੰ ਅੱਗੇ ਵਧਾ ਰਹੇ ਹਨ।

ਲੋਕਤੰਤਰ ਵਿੱਚ ਭਾਵੇਂ ਬੋਲਣ ਦੀ ਆਜ਼ਾਦੀ ਹੁੰਦੀ ਹੈ, ਪਰ ਇਸ ਦਾ ਇਹ ਮਤਲਬ ਨਹੀਂ ਹੈ ਕਿ ਨ਼ਫਰਤ ਭਰੇ ਭਾਸ਼ਣ ਦੇ ਕੇ ਲੋਕਾਂ ਵਿੱਚ ਦੰਗੇ ਕਰਵਾਏ ਜਾਣ ਦੇ ਯਤਨ ਕੀਤੇ ਜਾਣ। ਨ਼ਫਰਤ ਦੀ ਖੇਤੀ ਕਰਨ ਦੀ ਥਾਂ ਸਿਆਸੀ ਆਗੂਆਂ ਨੂੰ ਦੇਸ਼ ਵਿੱਚ ਅਮਨ ਸ਼ਾਂਤੀ ਕਾਇਮ ਰੱਖਣ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

***

## ਚੁਣੌਤੀਆਂ ਭਰਪੂਰ ਹੋਵੇਗਾ ਪਾਕਿ ਪ੍ਰਧਾਨ ਮੰਤਰੀ

ਲਾਹੌਰ ਵਿੱਚ ਟਰੈਫਿਕ ਦੇ ਦਬਾਅ ਨੂੰ ਘੱਟ ਕਰਨ ਲਈ ਉਹ ਸ਼ਹਿਰ ਵਿੱਚ ਮੈਟਰੋ ਬੱਸਾਂ ਚਲਾਉਣ ਦਾ ਪ੍ਰੋਜੈਕਟ ਲੈ ਕੇ ਆਇਆ। ਉਸ ਸਮੇਂ ਇਮਰਾਨ ਖਾਨ ਵਿਰੋਧੀ ਧਿਰ 'ਚ ਸਨ ਅਤੇ ਉਨ੍ਹਾਂ ਨੇ ਇਸ ਨੂੰ 'ਜੰਗਲਾ ਬੱਸ' ਕਹਿ ਕੇ ਆਲੋਚਨਾ ਕੀਤੀ ਸੀ। ਸ਼ਾਹਬਾਜ਼ ਸ਼ਰੀਫ ਨੇ ਸਾਰੀਆਂ ਆਲੋਚਨਾਵਾਂ ਅਤੇ ਵਿਰੋਧ ਦੇ ਬਾਵਜੂਦ ਮੈਟਰੋ ਬੱਸ ਪ੍ਰਾਜੈਕਟ ਨੂੰ ਪੂਰਾ ਕੀਤਾ ਅਤੇ ਇਹ ਸਫਲ ਵੀ ਰਿਹਾ। ਉਸ ਤੋਂ ਬਾਅਦ ਰਾਵਲਪਿੰਡੀ ਅਤੇ ਇਸਲਾਮਾਬਾਦ ਤੋਂ ਇਲਾਵਾ ਮੁਲਤਾਨ ਵਿੱਚ ਵੀ ਇਹੀ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਸੀ।

ਇਮਰਾਨ ਖਾਨ ਦੀ ਸਰਕਾਰ ਨੇ ਖੁਦ ਖੈਬਰ ਪਖਤੂਨਖਵਾ ਸੂਬੇ 'ਚ ਵੀ ਇਸੇ ਤਰ੍ਹਾਂ ਦੇ ਪ੍ਰੋਜੈਕਟ 'ਤੇ ਕੰਮ ਕੀਤਾ ਸੀ। ਲਾਹੌਰ 'ਚ ਔਰੇਂਜ ਲਾਈਨ ਟਰੇਨ ਚਲਾਉਣ ਦੇ ਪ੍ਰਾਜੈਕਟ ਨੂੰ ਲੈ ਕੇ ਸ਼ਾਹਬਾਜ਼ ਸ਼ਰੀਫ ਨੂੰ ਵਿਰੋਧੀ ਧਿਰ ਦੀ ਆਲੋਚਨਾ ਦਾ ਸਾਹਮਣਾ ਵੀ ਕਰਨਾ ਪਿਆ। ਇਸ ਬਾਰੇ ਵਿਰੋਧੀ ਧਿਰ ਨੇ ਕਿਹਾ ਕਿ ਇਹ ਪ੍ਰਾਜੈਕਟ ਇੰਨਾ ਮਹਿੰਗਾ ਸੀ ਕਿ ਇਸ ਨੂੰ ਸਬਸਿਡੀ 'ਤੇ ਚਲਾਉਣਾ ਸਰਕਾਰ ਲਈ 'ਵੱਡਾ ਬੋਝ' ਸੀ। ਪਰ ਬਾਅਦ ਵਿੱਚ ਇਹ ਪ੍ਰੋਜੈਕਟ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੀ ਸਰਕਾਰ ਵਿੱਚ ਚੱਲਣਾ ਸ਼ੁਰੂ ਹੋਇਆ ਅਤੇ ਹੁਣ ਤੱਕ ਚੱਲ ਰਿਹਾ ਹੈ।

ਸ਼ਾਹਬਾਜ਼ ਸ਼ਰੀਫ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਪਾਕਿਸਤਾਨ ਵਿੱਚ ਇੱਕ ਨਵੇਂ ਅਧਿਆਏ ਦੀ ਸ਼ੁਰੂਆਤ ਹੋ ਚੁੱਕੀ ਹੈ। ਪ੍ਰਧਾਨ ਮੰਤਰੀ ਵਜੋਂ ਸ਼ਾਹਬਾਜ਼ ਸ਼ਰੀਫ ਦਾ ਕਾਰਜਕਾਲ ਪੂਰਾ ਚੁਣੌਤੀਆਂ ਭਰਪੂਰ ਹੋਵੇਗਾ। ਇਹਨਾਂ ਚੁਣੌਤੀਆਂ ਦੇ ਨਾਲ ਸ਼ਹਿਬਾਜ਼ ਸ਼ਰੀਫ ਦਾ ਸਾਹਮਣਾ ਕੀ ਰੰਗ ਲਿਆਉਂਦਾ ਹੈ, ਇਹ ਆਉਣ ਵਾਲਾ ਸਮਾਂ ਦੱਸੇਗਾ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949

## ਮਸਨੂਈ ਲਿਆਕਤ ਦੇ ਦੌਰ 'ਚ

ਜਦ ਕਿ ਲਿਖਤ ਬਹੁਤੀ ਵਾਰ ਅਲਮਾਰੀ ਵਿੱਚ ਕੈਦ ਹੋ ਕੇ ਬਹੁਤਿਆਂ ਕੋਲ ਨਹੀਂ ਪਹੁੰਚਦੀ। ਅੱਜ ਈ-ਬੁੱਕਸ ਦਾ ਯੁੱਗ ਹੈ। ਇਸ ਪਾਸੇ ਸੋਚਣ ਤੇ ਅਮਲ ਕਰਨ ਦੀ ਲੋੜ ਹੈ। ਸਾਡੇ ਕੋਲ ਡਾਟੇ ਦੀ ਕਮੀ ਨਹੀਂ, ਲੋੜ ਹੈ ਇਸ ਦਾ ਮਸਨੂਈ ਲਿਆਕਤ ਲਈ ਇਸ ਦਾ ਡਿਜੀਟਲੀਕਰਨ ਦੀ।

ਪੰਜਾਬ ਵਿੱਚ ਵੱਡੀ ਪੱਧਰ 'ਤੇ ਪ੍ਰਾਈਵੇਟ ਯੂਨੀਵਰਸਿਟੀਆਂ ਤੇ ਵਿੱਦਿਅਕ ਅਦਾਰੇ ਹਨ ਜੋ ਵਿੱਦਿਆ ਦਾ ਵਪਾਰ ਕਰ ਰਹੇ ਹਨ। ਸਰਕਾਰ ਉਨ੍ਹਾਂ ਨੂੰ ਵਿੱਦਿਆ ਦੇ ਨਾਂਅ ਹੇਠ ਵਪਾਰ ਕਰਨ ਦੀ ਖੁੱਲ੍ਹ ਦਿੰਦੀ ਹੈ ਪਰ ਕਦੇ ਕਿਸੇ ਸਰਕਾਰ ਨੇ ਪੰਜਾਬੀ ਭਾਸ਼ਾ ਪ੍ਰਤੀ ਉਨ੍ਹਾਂ ਦੀ ਜਵਾਬਦੇਹੀ ਤੈਅ ਨਹੀਂ ਕੀਤੀ। ਹਾਲਾਂਕਿ ਉਨ੍ਹਾਂ ਕੋਲ ਵਿੱਤੀ ਸਾਧਨਾਂ ਦੀ ਕੋਈ ਘਾਟ ਨਹੀਂ ਤੇ ਨਾ ਹੀ ਉਨ੍ਹਾਂ ਨੂੰ ਯੋਜਨਾਬੰਦੀ ਲਈ ਕਿਸੇ ਆਗਿਆ ਦੀ ਲੋੜ ਹੁੰਦੀ ਹੈ। ਉਨ੍ਹਾਂ ਨੇ ਵੀ ਆਪਣਾ ਖੋਜ ਡਾਟਾ ਕਦੇ ਡਿਜੀਟਲ ਰੂਪ ਵਿੱਚ ਪੇਸ਼ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਸਿਵਾਏ ਆਪਣੇ ਵਪਾਰਕ ਹਿਤਾਂ ਦੇ ਪ੍ਰਚਾਰ ਦੇ। ਜਦੋਂ ਪੰਜਾਬ ਵਿੱਚ ਨਵੀਂ ਸਰਕਾਰ ਬਣੀ ਤਾਂ ਇਸਨੇ ਬਦਲਾਅ ਦਾ ਨਾਅਰਾ ਦਿੱਤਾ। ਲੋਕਾਂ ਨੂੰ ਆਸ ਸੀ ਕਿ ਪੰਜਾਬ, ਪੰਜਾਬੀ ਭਾਸ਼ਾ ਤੇ ਵਿਰਸੇ ਬਾਰੇ ਇਹ ਕੋਈ ਵੱਡੀ ਤਬਦੀਲੀ ਦਾ ਮਾਡਲ ਲੈ ਕੇ ਆਏਗੀ। ਪਰ ਦੋ ਸਾਲ ਬੀਤ ਜਾਣ 'ਤੇ ਸਿਵਾਏ ਪੰਜਾਬੀ ਵਿਚ ਬੋਰਡ ਲਿਖਵਾਉਣ ਦੇ ਹੋਰ ਕੋਈ ਤਬਦੀਲੀ ਨਜ਼ਰ ਨਹੀਂ ਆਉਂਦੀ। ਸਿੱਖਿਆ ਦੇ ਖੇਤਰ ਵਿੱਚ ਇਹ ਦਿੱਲੀ ਮਾਡਲ ਲੈ ਕੇ ਆਈ ਪਰ ਅਜੇ ਤੱਕ ਕਿਸੇ ਨੂੰ ਸਮਝ ਨਹੀਂ ਆਈ ਕਿ ਦਿੱਲੀ ਮਾਡਲ ਹੈ ਕੀ?

ਪੰਜਾਬ ਦੀਆਂ ਆਪਣੀਆਂ ਸਿੱਖਿਆ ਲੋੜਾਂ ਬਾਰੇ ਕਿਸੇ ਸਰਕਾਰ ਨੇ ਕਦੇ ਕੋਈ ਗੱਲ ਨਹੀਂ ਕੀਤੀ। ਨਵੀਂ ਸਰਕਾਰ ਨੇ ਸਕੂਲੀ ਅਧਿਆਪਕਾਂ ਤੇ ਪ੍ਰਿੰਸੀਪਲਾਂ ਨੂੰ ਵਿਦੇਸ਼ੀ ਤੇ ਦੇਸ਼ੀ ਗੇੜੇ ਲਵਾਏ ਕਿ ਸਿੱਖਿਆ ਵਿੱਚ ਇਨਕਲਾਬ ਲਿਆਉਣਾ ਹੈ ਪਰ ਲੱਗਦਾ ਇਨਕਲਾਬ ਬਦਲਾਅ ਤੋਂ ਡਰਦਾ ਕਿਤੇ ਲੁੱਕ ਕੇ ਬਹਿ ਗਿਆ ਹੈ। ਅੰਕੜਿਆਂ ਦੀ ਰਾਜਨੀਤੀ ਹੋ ਰਹੀ ਹੈ ਤੇ ਅੰਕੜੇ ਬਹੁਤੀ ਵਾਰੀ ਕਦੇ ਸੱਚੇ ਨਹੀਂ ਹੁੰਦੇ। ਚਾਹੀਦਾ ਤਾਂ ਇਹ ਸੀ ਕਿ ਹੁਣ ਤੱਕ ਸਕੂਲਾਂ ਵਿੱਚ ਮਸਨੂਈ ਲਿਆਕਤ ਇੱਕ ਵਿਸ਼ੇ ਦੇ ਤੌਰ 'ਤੇ ਲਾਗੂ ਕਰ ਦਿੱਤੀ ਜਾਂਦੀ ਤੇ ਬੱਚਿਆਂ ਵਿੱਚ ਭਵਿੱਖ ਦੇ ਸੁਪਨੇ ਬੀਜਣ ਲਈ ਉਨ੍ਹਾਂ ਨੂੰ ਤਿਆਰ ਕੀਤਾ ਜਾਂਦਾ। ਪਰ ਸਥਿਤੀ ਇਹ ਬਣ ਗਈ ਹੈ ਕਿ ਬਾਰ੍ਹਵੀਂ ਪਾਸ ਵਿਦਿਆਰਥੀ ਚੰਗੀ ਤਰ੍ਹਾਂ ਪੰਜਾਬੀ ਦੀ ਕਿਤਾਬ ਨਹੀਂ ਪੜ੍ਹ ਸਕਦਾ। ਸਕੂਲੀ ਸਿੱਖਿਆ ਵਿੱਚ ਵਿਗਿਆਨ ਤੇ ਤਕਨਾਲੋਜੀ 'ਤੇ ਜ਼ੋਰ ਦੇ ਕੇ ਹੀ ਭਵਿੱਖ ਦੇ ਪੰਜਾਬ ਨੂੰ ਬਚਾ ਸਕਦੇ ਹਾਂ। ਸੋਸ਼ਲ ਮੀਡੀਆ ਅੱਜ ਦੇ ਯੁੱਗ ਦਾ ਬੜਾ ਵੱਡਾ ਤੇ ਪ੍ਰਮੁੱਖ ਪਲੇਟਫਾਰਮ ਹੈ। ਇਸ ਦੀ ਭਰਪੂਰ ਵਰਤੋਂ ਸੂਚਨਾਵਾਂ ਦੇ ਆਦਾਨ-ਪ੍ਰਦਾਨ ਤੇ ਗਿਆਨ ਦੇ ਪ੍ਰਸਾਰ ਲਈ ਕੀਤੀ ਜਾ ਰਹੀ ਹੈ। ਫੇਸਬੁੱਕ, ਇੰਸਟਾਗ੍ਰਾਮ, ਟਵਿੱਟਰ ਹੈਂਡਲ, ਵਟਸਐਪ ਦੀ ਵਰਤੋਂ ਕਰਨ ਵਾਲੇ ਕਰੋੜਾਂ ਲੋਕ ਹਨ। ਇਨ੍ਹਾਂ ਵਿੱਚ ਭਾਸ਼ਾ ਦੀ ਵਰਤੋਂ ਦਾ ਬੜਾ ਅਹਿਮ ਸਥਾਨ ਹੈ। ਵੱਡੀਆਂ-ਵੱਡੀਆਂ ਕੰਪਨੀਆਂ ਇਸ ਦੇ ਡਾਟੇ 'ਤੇ ਘੋਖਵੀਂ ਨਜ਼ਰ ਰੱਖਦੀਆਂ ਹਨ। ਅਸੀਂ ਪੰਜਾਬੀਆਂ ਨੂੰ ਵਾਰ-ਵਾਰ ਇਸ ਬਾਰੇ ਆਗਾਹ ਕੀਤਾ ਹੈ ਕਿ ਇਨ੍ਹਾਂ ਪਲੇਟਫਾਰਮਾਂ 'ਤੇ ਵੱਧ ਤੋਂ ਵੱਧ ਪੰਜਾਬੀ ਭਾਸ਼ਾ ਦੀ ਵਰਤੋਂ ਗੁਰਮੁਖੀ ਲਿੱਪੀ ਵਿਚ ਕਰੋ। ਪਰ ਇਸ ਪਾਸੇ ਬਹੁਤੇ ਪੰਜਾਬੀ ਅਵੇਸਲੇ ਹਨ ਤੇ ਉਹ ਪੰਜਾਬੀ ਲਿਖਣ ਲਈ ਰੋਮਨ ਅੱਖਰ ਜਾਂ ਦੇਵਨਾਗਰੀ ਵਰਤਦੇ ਹਨ। ਇਸ ਤੋਂ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਇਸ ਨਾਲ ਜੁੜੀਆਂ ਕੰਪਨੀਆਂ ਸਾਡੀ ਭਾਸ਼ਾ ਲਈ ਵਿੱਤੀ ਸਾਧਨ ਤੇ ਤਕਨਾਲੋਜੀ ਵਰਤ ਸਕਣ।

ਇਸ ਦੇ ਨਾਲ ਹੀ ਪੰਜਾਬ ਵਿਚਲੀਆਂ ਸਾਹਿਤ ਅਕਾਦਮੀਆਂ, ਸਾਹਿਤ ਸਭਾਵਾਂ, ਕਲਾ ਪ੍ਰੀਸ਼ਦ ਤੇ ਹੋਰ ਸੰਸਥਾਵਾਂ ਨੇ ਵੀ ਇਸ ਪਾਸੇ ਕੋਈ ਪਹਿਲਕਦਮੀ ਨਹੀਂ ਕੀਤੀ। ਜੇ ਇਹ ਸਮੇਂ ਸਿਰ ਜਾਗੀਆਂ ਹੁੰਦੀਆਂ ਤੇ ਪੰਜਾਬੀ ਭਾਸ਼ਾ ਬਾਰੇ ਸੁਹਿਰਦ ਹੁੰਦੀਆਂ ਤਾਂ ਅੱਜ ਅਸੀਂ ਡਿਜੀਟਲ ਤੌਰ 'ਤੇ ਹੱਥਲ ਨਾ ਹੁੰਦੇ।

ਹੁਣ ਜਦੋਂ ਗੂਗਲ ਦੇ ਇਸ ਪ੍ਰਮੁੱਖ ਪਲੇਟਫਾਰਮ ਤੋਂ ਸਾਨੂੰ ਲਾਂਭੇ ਕਰ ਦਿੱਤਾ ਗਿਆ ਹੈ ਤਾਂ ਚਿੰਤਾ ਦੇ ਨਾਲ-ਨਾਲ ਇਹਦੇ ਲਈ ਕੁਝ ਵਿਚਾਰਨਯੋਗ ਨੁਕਤੇ ਹੋ ਸਕਦੇ ਹਨ। ਪਹਿਲਾ ਤਾਂ ਇਹ ਕਿ ਸਰਕਾਰ 'ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਪੰਜਾਬੀ ਦੀ ਤਕਨੀਕੀ ਉੱਨਤੀ ਲਈ ਉਹ ਲੋੜੀਂਦੇ ਫੰਡ ਮੁਹੱਈਆ ਕਰਵਾਏ। ਬਜਟ ਵਿਚ ਇਸ ਦੀ ਪੱਕੀ ਵਿਵਸਥਾ ਕੀਤੀ ਜਾਵੇ। ਦੂਜਾ, ਇਸ ਖੇਤਰ ਦੇ ਮਾਹਿਰਾਂ ਦੀਆਂ ਸੇਵਾਵਾਂ ਲੈ ਕੇ ਭਵਿੱਖ ਲਈ ਯੋਜਨਾਬੰਦੀ ਕੀਤੀ ਜਾਵੇ। ਤੀਜਾ, ਭਾਸ਼ਾ ਦੀ ਉੱਨਤੀ ਲਈ ਬਣੀਆਂ ਸੰਸਥਾਵਾਂ ਦੀ ਮਦਦ ਕਰਨ ਦੇ ਨਾਲ-ਨਾਲ ਉਨ੍ਹਾਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇ। ਚੌਥਾ, ਸਕੂਲੀ ਤੇ ਕਾਲਜ ਸਿੱਖਿਆ ਦੇ ਸਿਲੇਬਸਾਂ ਵਿਚ ਮਸਨੂਈ ਲਿਆਕਤ ਬਾਰੇ ਪ੍ਰੋਗਰਾਮ ਤਿਆਰ ਕੀਤੇ ਜਾਣ ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਇਸ ਬਾਰੇ ਜਾਗਰੂਕ ਕੀਤਾ ਜਾ ਸਕੇ। ਪੰਜਵਾਂ, ਸਰਕਾਰ ਉਨ੍ਹਾਂ ਪ੍ਰਾਈਵੇਟ ਸਿੱਖਿਆ ਅਦਾਰਿਆਂ ਨੂੰ ਹਿਦਾਇਤ ਕਰੇ ਜਿਨ੍ਹਾਂ ਕੋਲ ਵਿੱਤੀ ਸਾਧਨਾਂ ਦੀ ਕੋਈ ਕਮੀ ਨਹੀਂ, ਕਿ ਉਹ ਪੰਜਾਬੀ ਭਾਸ਼ਾ ਬਾਰੇ ਡਿਜੀਟਲ ਪ੍ਰੋਗਰਾਮ ਉਲੀਕਣ। ਛੇਵਾਂ, ਇਸ ਬਾਰੇ ਕੇਂਦਰੀ ਸਰਕਾਰ ਨੇ ਨੀਤੀ ਆਯੋਗ ਦੁਆਰਾ ਪ੍ਰਕਾਸ਼ਿਤ ਆਰਟੀਫੀਸ਼ਲ ਇੰਟੈਲੀਜੈਂਸ ਲਈ ਰਾਸ਼ਟਰੀ ਰਣਨੀਤੀ ਦੀ ਯੋਜਨਾ ਦਾ ਲਾਭ ਲੈਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸੱਤਵਾਂ, ਸਰਕਾਰ ਨੂੰ ਪੰਜਾਬੀ ਦੇ ਸਾਫਟਵੇਅਰ ਪ੍ਰੋਗਰਾਮਾਂ ਲਈ ਦਿਲ ਖੋਲ੍ਹ ਕੇ ਮਦਦ ਕਰਨੀ ਚਾਹੀਦੀ ਹੈ ਤਾਂ ਕਿ ਪੰਜਾਬੀ ਭਾਸ਼ਾ ਵਿੱਚ ਵੱਧ ਤੋਂ ਵੱਧ ਡਾਟਾ ਮੁਹੱਈਆ ਕੀਤਾ ਜਾ ਸਕੇ। ਅੱਠਵਾਂ, ਮਸਨੂਈ ਲਿਆਕਤ ਬਾਰੇ ਜਾਗ੍ਰਿਤੀ ਪੈਦਾ ਕਰਨ ਲਈ ਵਰਕਸ਼ਾਪਾਂ ਦਾ ਪ੍ਰਬੰਧ ਵਿਦਿਆ ਦੇ ਖੇਤਰ ਵਿੱਚ ਕਰਨਾ ਚਾਹੀਦਾ ਹੈ। ਸਾਡੀਆਂ ਭਾਸ਼ਾਵਾਂ ਪਹਿਲਾਂ ਹੀ ਉੱਨਤ ਭਾਸ਼ਾਵਾਂ ਦੇ ਮੁਕਾਬਲੇ ਡਿਜੀਟਲ ਤੌਰ 'ਤੇ ਪਛੜੇਵੇਂ ਦਾ ਸ਼ਿਕਾਰ ਹਨ। ਹੁਣ ਇਸ ਪ੍ਰਤੀ ਹੋਰ ਅਵੇਸਲੇ ਰਹਿ ਕੇ ਕੰਨ ਵਲੇਟਣ ਦੀ ਗੁੰਜਾਇਸ਼ ਨਹੀਂ। ਸਾਰਿਆਂ ਨੂੰ ਰਲ-ਮਿਲ ਕੇ ਹੰਭਲਾ ਮਾਰਨਾ ਚਾਹੀਦਾ ਹੈ। ਉਹ ਦਿਨ ਦੂਰ ਨਹੀਂ ਜਦੋਂ ਦੁਨੀਆ 'ਤੇ ਛਾਈ ਸਾਡੀ ਵੱਡੀ ਜ਼ੁਬਾਨ ਡਿਜੀਟਲ ਪੱਧਰ 'ਤੇ ਵੀ ਵੱਡੀ ਹੋ ਜਾਵੇ ਤੇ ਇਹ ਭਵਿੱਖ ਦੀਆਂ ਲੋੜਾਂ ਦੇ ਹਾਣ ਦੀ ਵੀ ਬਣ ਸਕੇ।

***

## ਸਮਰਥਨ ਮੁੱਲ ਦੀ ਗਾਰੰਟੀ ਨਾਲ

ਐੱਮ.ਐੱਸ.ਪੀ. ਨੂੰ ਕਾਨੂੰਨੀ ਰੁਤਬਾ ਦੇਣ ਦੇ ਲਾਭ : ਖੇਤੀ ਸੁਭਾਵਿਕ ਅਤੇ ਕੁਦਰਤੀ ਤੌਰ 'ਤੇ ਬਹੁਤ ਹੀ ਜੋਖ਼ਮ ਭਰਿਆ ਕਿੱਤਾ ਹੈ, ਜੋ ਕਿ ਮੌਸਮ ਦੇ ਹਾਲਾਤ, ਕੀੜਿਆਂ ਦੇ ਹਮਲੇ ਅਤੇ ਬਾਜ਼ਾਰ ਦੀ ਗਤੀਸ਼ੀਲਤਾ ਜਿਹੀਆਂ ਸਰਗਰਮੀਆਂ ਤੋਂ ਪ੍ਰਭਾਵਿਤ ਹੁੰਦਾ ਆਇਆ ਹੈ। ਸਾਰੀਆਂ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਜ਼ਰੂਰੀ ਬਣਾ ਦੇਣ ਨਾਲ ਹਾਲੀਆ ਚੁਣੌਤੀਆਂ ਨੂੰ ਘੱਟ ਕੀਤਾ ਜਾ ਸਕੇਗਾ ਅਤੇ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੀਆਂ ਕੀਮਤਾਂ 'ਚ ਆਉਣ ਵਾਲੇ ਅਣਕਿਆਸੇ ਉਤਰਾਅ-ਚੜ੍ਹਾਅ ਤੋਂ ਬਚਾਇਆ ਜਾ ਸਕੇਗਾ।

ਹਾਲਾਂ ਕਿ ਸਰਕਾਰ ਨੇ ਕਿਸਾਨਾਂ ਸਾਹਮਣੇ ਖਪਤ, ਮੱਕੀ, ਤੂਰ, ਮਾਂਹ ਅਤੇ ਮਸਰੀ ਦੀਆਂ ਫ਼ਸਲਾਂ ਪੰਜ ਸਾਲ ਲਈ ਉਨ੍ਹਾਂ ਤੋਂ ਸਿੱਧੇ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦਣ ਦਾ ਪ੍ਰਸਤਾਵ ਪੇਸ਼ ਕੀਤਾ ਹੈ ਅਤੇ ਉਸ ਦੀ ਮਾਤਰਾ ਤੈਅ ਨਹੀਂ ਕੀਤੀ ਗਈ ਕਿ ਕਿੰਨੀ ਉਪਜ ਖਰੀਦੀ ਜਾਵੇਗੀ। ਖ਼ਾਸ ਗੱਲ ਤਾਂ ਇਹ ਹੈ ਕਿ ਇਹ ਸਾਰੀਆਂ ਫ਼ਸਲਾਂ ਪੰਜਾਬ ਅਤੇ ਹਰਿਆਣਾ ਦੇ ਸੂਬਿਆਂ ਤੋਂ ਬਾਹਰ ਹੀ ਪੈਦਾ ਹੁੰਦੀਆਂ ਹਨ, ਜਦੋਂ ਕਿ ਇਨ੍ਹਾਂ ਦੀ ਐੱਮ.ਐੱਸ.ਪੀ. ਲਈ ਪੰਜਾਬ ਤੇ ਹਰਿਆਣਾ ਦੇ ਕਿਸਾਨ ਹੀ ਘਰੋਂ ਬਾਹਰ ਨਿਕਲ ਕੇ ਸੜਕਾਂ 'ਤੇ ਬੈਠੇ ਹੋਏ ਹਨ ਪਰ ਕੀ ਇਸ ਤੋਂ ਇਹ ਅੰਦਾਜ਼ਾ ਨਹੀਂ ਲਾਇਆ ਜਾ ਸਕੇਗਾ ਕਿ ਸਾਰੇ ਦੇਸ਼ 'ਚ ਦਾਲਾਂ ਪੈਦਾ ਕਰਨ ਵਾਲੇ ਛੋਟੇ ਕਿਸਾਨਾਂ ਨੂੰ ਇਸ ਦਾ ਲਾਭ ਮਿਲੇਗਾ? ਭਿੰਨ-ਭਿੰਨ ਕਿਸਮਾਂ ਦੀਆਂ ਫ਼ਸਲਾਂ 'ਤੇ ਐੱਮ.ਐੱਸ.ਪੀ. ਨੂੰ ਕਾਨੂੰਨੀ ਰੂਪ ਦੇਣਾ, ਇਸ ਗੱਲ ਨੂੰ ਯਕੀਨੀ ਬਣਾਉਂਦਾ ਹੈ ਕਿ ਕੀਮਤਾਂ ਦੀ ਸਥਿਰਤਾ ਦਾ ਲਾਭ ਕਿਸੇ ਖ਼ਾਸ ਕਿਸਾਨ ਤਬਕੇ ਤੱਕ ਹੀ ਸੀਮਿਤ ਨਹੀਂ ਰਹੇਗਾ।

**ਅੱਗੇ ਦਾ ਰਾਹ:** ਵਿਧਾਨਕਾਰ, ਕਿਸਾਨਾਂ ਦੀਆਂ ਗ਼ਲਤਫਹਿਮੀਆਂ ਅਤੇ ਚਿੰਤਾਵਾਂ ਨੂੰ ਦੂਰ ਕਰਕੇ ਉਨ੍ਹਾਂ ਲਈ ਹੋਰ ਜ਼ਿਆਦਾ ਸੁਰੱਖਿਅਤ ਅਤੇ ਖੁਸ਼ਹਾਲੀ ਭਰੇ ਭਵਿੱਖ ਦਾ ਰਾਹ ਪੱਧਰਾ ਕਰ ਸਕਦੇ ਹਨ। ਦਹਾਕਿਆਂ ਪੁਰਾਣੀ ਅਤੇ ਬੇਅਸਰ ਐੱਮ.ਐੱਸ.ਪੀ. ਨੀਤੀ ਨੂੰ ਕਾਨੂੰਨੀ ਗਰੰਟੀ ਵਾਲੀ ਐੱਮ.ਐੱਸ.ਪੀ. 'ਚ ਬਦਲਣ ਨਾਲ ਖੇਤੀ ਖੇਤਰ ਨੂੰ ਦਰਪੇਸ਼ ਚੁਣੌਤੀਆਂ ਦਾ ਵੱਡੇ ਪੱਧਰ 'ਤੇ ਹੱਲ ਲੱਭੇਗਾ ਅਤੇ ਇਸ ਨਾਲ ਨਾ ਸਿਰਫ਼ ਕਿਸਾਨਾਂ ਦੀਆਂ ਉਲਝਣਾਂ ਨੂੰ ਦੂਰ ਕੀਤਾ ਜਾ ਸਕੇਗਾ, ਬਲਕਿ ਇਹ ਫ਼ਸਲੀ ਵਿਭਿੰਨਤਾ ਦੇ ਨਾਲ-ਨਾਲ ਵਿੱਤੀ ਲਚਕੀਲੇਪਣ ਨੂੰ ਵੀ ਉਤਸ਼ਾਹਿਤ ਕਰ ਸਕਦਾ ਹੈ ਅਤੇ ਇਸ ਨਾਲ ਉਨ੍ਹਾਂ ਕਿਸਾਨਾਂ ਦੀ ਭਲਾਈ ਹੋ ਸਕੇਗੀ, ਜੋ ਪੇਂਡੂ ਆਰਥਿਕਤਾ ਦੀ ਖੁਸ਼ਹਾਲੀ 'ਚ ਆਪਣਾ ਅਹਿਮ ਹਿੱਸਾ ਪਾਉਂਦੇ ਹਨ।

***

## ਪੰਜਾਬੀ ਨੌਜਵਾਨਾਂ ਦੇ ਸਾਹਮਣੇ

ਸਮੇਂ ਨਾਲ ਸਮਾਜ 'ਚ ਪਈਆਂ ਇਹ ਵੰਡੀਆਂ ਡੂੰਘੀਆਂ ਹੋਣ ਲੱਗੀਆਂ।

ਅੱਜ ਸਥਿਤੀ ਇਹ ਹੈ ਕਿ ਅਸੀਂ ਇੱਕ ਵੰਡਿਆ ਹੋਇਆ ਸਮਾਜ 'ਚ ਹਾਂ, ਜਿੱਥੇ ਹਰ ਕਿਸੇ ਕੋਲ ਦੂਸਰੇ ਤੋਂ ਵੱਖ ਹੋਣ ਦਾ ਕੋਈ ਨਾ ਕੋਈ ਕਾਰਨ ਮੌਜੂਦ ਹੈ। ਸਮਾਜ ਦਾ ਇੱਕ ਤਬਕਾ ਦੂਸਰਿਆਂ 'ਤੇ ਬਹੁਤ ਭਾਰੂ ਹੈ। ਗੱਲ ਇਹ ਨਹੀਂ ਹੈ ਕਿ ਪੰਜਾਬ 'ਚ ਨਵੀਨਤਾ ਅਤੇ ਖੋਜ ਲਈ ਥਾਂ ਨਹੀਂ ਹੈ। ਸੱਚਾਈ ਇਹ ਹੈ ਕਿ ਨਵੀਂ ਬਾਤ ਪਾਉਣ ਵਾਲੇ ਅਤੇ ਖੋਜ ਕਰਨ ਵਾਲੇ ਲੋਕਾਂ ਨੂੰ ਸਮਾਜ ਦਾ ਸਹਿਯੋਗ ਨਹੀਂ ਮਿਲ ਰਿਹਾ।

ਸਾਡੇ ਨੌਜਵਾਨਾਂ ਦੇ ਸਾਹਮਣੇ ਸਹੀ ਰੋਲ ਮਾਡਲ ਨਹੀਂ ਹਨ। ਉਹ ਦੀਪਿੰਦਰ ਗੋਇਲ, ਅਲਬਿੰਦਰ ਸਿੰਘ ਢੀਂਡਸਾ ਤੇ ਭਾਵਿਸ਼ ਅਗਰਵਾਲ ਆਦਿ ਸਫ਼ਲ ਕਾਰੋਬਾਰੀਆਂ ਬਾਰੇ ਨਹੀਂ ਜਾਣਦੇ, ਜਿਨ੍ਹਾਂ ਬਾਰੇ ਸਾਰੀ ਦੁਨੀਆ ਗੱਲ ਕਰ ਰਹੀ ਹੈ। ਸਾਨੂੰ ਸਭ ਤੋਂ ਪਹਿਲਾਂ ਖ਼ੁਦ ਇਮਾਨਦਾਰ, ਮਿਹਨਤੀ ਹੋਣਾ ਪਏਗਾ। ਜਦੋਂ ਅਸੀਂ ਇਮਾਨਦਾਰ ਮੈਂਬਰ ਪੰਚਾਇਤ, ਸਰਪੰਚ ਚੁਣਨ ਲੱਗ ਗਏ, ਜਿਨ੍ਹਾਂ ਨਾਲ ਸਦਾ ਰੋਜ਼ ਵਾਹ ਪੈਂਦਾ ਹੈ, ਉਦੋਂ ਅਸੀਂ ਚੰਗੇ ਵਿਧਾਇਕ ਤੇ ਸੰਸਦ ਮੈਂਬਰ ਵੀ ਚੁਣ ਲਵਾਂਗੇ। ਉਸੇ ਦਿਨ ਚੰਗੀ ਸਰਕਾਰ ਵੀ ਚੁਣ ਲਵਾਂਗੇ। ਪਰ ਇਸ ਸਾਰੇ ਸਿਸਟਮ ਵਿੱਚ ਢਾਂਚਾਗਤ ਸੁਧਾਰ ਕਰਨਾ ਔਖਾ ਹੈ, ਜਿਸ 'ਚ ਸਮਾਂ ਲੱਗੇਗਾ। ਇੰਨੇ ਵੱਡੇ ਪੱਧਰ 'ਤੇ ਲੋਕਾਂ ਨੂੰ ਜਗਾਉਣ ਵਿੱਚ ਕੁਝ ਸਾਲ ਤਾਂ ਲੱਗਦੇ ਹੀ ਹਨ।

***

## ਟੁੱਟੇ ਵਾਅਦਿਆਂ ਦੀ ਦਾਸਤਾਨ

ਕਿਸਾਨਾਂ, ਮਜ਼ਦੂਰਾਂ ਦਾ ਅੰਦੋਲਨ ਸਿਰਫ਼ ਵਿਰੋਧ ਪ੍ਰਦਰਸ਼ਨ ਹੜਤਾਲਾਂ ਤੱਕ ਹੀ ਸੀਮਤ ਨਹੀਂ ਹੈ। ਜੇਕਰ ਸਮਾਂ ਰਹਿੰਦਿਆਂ ਕਿਸਾਨਾਂ ਦੀਆਂ ਸਮੱਸਿਆਵਾਂ, ਜੋ ਬਹੁਤ ਵੱਡੀਆਂ ਹਨ, ਦਾ ਹੱਲ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ 'ਚ ਇਸ ਦੇ ਗੰਭੀਰ ਸਿੱਟੇ ਨਿਕਲਣਗੇ। ਭਾਰਤ ਵਿੱਚ ਹੁਣ ਦੇ ਅੰਦੋਲਨ ਨਾਲ ਸਖ਼ਤੀ, ਜਾਂ ਕੁਝ ਕੁ ਰਿਆਇਤਾਂ ਦੇਣ ਦੇ ਬਿਆਨ ਜਾਂ ਕਿਸਾਨਾਂ ਨੂੰ ਤੁਛ ਜਿਹੀ ਰਾਸ਼ੀ ਸਬਸਿਡੀ ਦੇਣ ਨਾਲ ਇਹ ਅੰਦੋਲਨ ਮੱਠਾ ਪੈਣ ਵਾਲਾ ਨਹੀਂ ਜਾਪਦਾ।

ਹੁਣ ਸਮਾਂ ਆ ਗਿਆ ਹੈ ਕਿ ਵਿਸ਼ਵ ਪੱਧਰ 'ਤੇ ਕਿਸਾਨਾਂ ਦੇ ਮਸਲਿਆਂ ਸਬੰਧੀ ਗੱਲਬਾਤ ਹੋਵੇ ਅਤੇ ਇੱਕ ਇਹੋ ਜਿਹਾ ਭਵਿੱਖ ਬਣਾਉਣ ਲਈ ਮਿਲਕੇ ਕੰਮ ਕੀਤਾ ਜਾਵੇ। ਜਿਥੇ ਕਿਸਾਨ ਵਧਣ-ਫੁੱਲਣ, ਇਹਨਾਂ ਨੂੰ ਸਹੀ ਸਹੂਲਤਾਂ ਮਿਲਣ ਅਤੇ ਕਿਸਾਨ ਧਰਤੀ ਦੀ ਦੇਖਭਾਲ ਕਰ ਸਕਣ।

ਸਰਕਾਰਾਂ ਲਈ ਅੱਜ ਇਹ ਸਮਾਂ ਹੈ ਕਿ ਜਿਹੜੇ ਸ਼ਕਤੀਸ਼ਾਲੀ ਸਵਾਰਥੀ ਧਨ ਕੁਬੇਰ ਨਿਆਂ ਦੇ ਰਸਤਿਆਂ ਵਿੱਚ ਖੜ੍ਹੇ ਹਨ, ਉਹਨਾ ਨੂੰ ਨਜ਼ਰਅੰਦਾਜ਼ ਕੀਤਾ ਜਾਵੇ। ਮਜ਼ਬੂਤ ਕਿਸਾਨੀ ਨੀਤੀਆਂ ਅਤੇ ਪ੍ਰਣਾਲੀਆਂ ਵਿਕਸਤ ਕੀਤੀਆਂ ਜਾਣ। ਇਹੋ ਜਿਹੇ ਨਿਆਂਸੰਗਤ ਸਮਾਜ ਦੀ ਕਲਪਨਾ, ਕਿਸਾਨ ਦੇ ਆਤਮ ਸਨਮਾਨ ਅਤੇ ਉਹਨਾਂ ਦੇ ਬਿਹਤਰ ਜੀਵਨ ਲਈ ਚੰਗੇਰੀ ਹੋਏਗੀ।

***

## ਅਮਰੀਕੀ ਰਾਸ਼ਟਰਪਤੀ ਚੋਣਾਂ

ਮਿਸ਼ੀਗਨ ਦੇ ਗਵਰਨਰ ਗ੍ਰੇਟਚੇਨ ਵਿਟਮਰ ਸ਼ਾਮਲ ਸਨ। ਪੋਲ ਨੇ ਇਹ ਵੀ ਸੰਕੇਤ ਦਿੱਤਾ ਹੈ ਕਿ 15 ਫੀਸਦੀ ਡੈਮੋਕਰੇਟਸ ਕਮਲਾ ਹੈਰਿਸ ਨੂੰ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਵਜੋਂ ਤਰਜੀਹ ਦਿੰਦੇ ਹਨ, ਜਦੋਂ ਕਿ 12 ਫੀਸਦੀ ਹਿਲੇਰੀ ਕਲਿੰਟਨ ਅਤੇ ਡੋਨਾਲਡ ਟਰੰਪ ਵਿਚਾਲੇ ਮੁੜ ਚੋਣ ਲੜਾਈ ਹੁੰਦੀ ਦੇਖਣਾ ਚਾਹੁੰਦੇ ਹਨ। ਸਾਲ 2016 ਵਿੱਚ ਹਿਲੇਰੀ ਅਤੇ ਟਰੰਪ ਵਿਚਾਲੇ ਚੋਣ ਲੜਾਈ ਹੋਈ ਸੀ, ਜਿਸ ਵਿੱਚ ਰਿਪਬਲਿਕਨ ਨੇਤਾ ਦੀ ਜਿੱਤ ਹੋਈ ਸੀ। ਗਵਰਨਰ ਨਿਊਜ਼ੋਮ ਨੂੰ 11% ਵੋਟ ਮਿਲੇ, ਅਤੇ ਗਵਰਨਰ ਵਿਟਮਰ ਨੂੰ ਡੈਮੋਕਰੇਟਿਕ ਪਾਰਟੀ ਦੇ 9% ਵੋਟਰਾਂ ਦਾ ਸਮਰਥਨ ਪ੍ਰਾਪਤ ਹੋਇਆ।

ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਮਿਸ਼ੀਗਨ ਪ੍ਰਾਇਮਰੀ ਚੋਣਾਂ ਜਿੱਤ ਚੁੱਕੇ ਹਨ। ਬਿਡੇਨ ਨੇ ਮਿਨੇਸੋਟਾ ਦੇ ਡੀਨ ਫਿਲਿਪਸ ਨੂੰ ਹਰਾਇਆ, ਜੋ ਡੈਮੋਕ੍ਰੇਟਿਕ ਪ੍ਰਾਇਮਰੀ ਵਿੱਚ ਉਸ ਨੂੰ ਚੁਣੌਤੀ ਦੇ ਰਿਹਾ ਸੀ। ਮਿਸ਼ੀਗਨ ਪ੍ਰਾਇਮਰੀ ਜਿੱਤਣ ਦੇ ਨਾਲ-ਨਾਲ ਟਰੰਪ ਹੁਣ ਤੱਕ ਪੰਜ ਪ੍ਰਾਇਮਰੀ ਚੋਣਾਂ ਜਿੱਤ ਚੁੱਕੇ ਹਨ। ਮਿਸ਼ੀਗਨ ਵਿੱਚ ਉਨ੍ਹਾਂ ਦਾ ਸਾਹਮਣਾ ਸੰਯੁਕਤ ਰਾਸ਼ਟਰ ਵਿੱਚ ਅਮਰੀਕਾ ਦੀ ਸਾਬਕਾ ਰਾਜਦੂਤ ਨਿੱਕੀ ਹੇਲੀ ਨਾਲ ਸੀ। ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ, ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਰਿਪਬਲਿਕਨ ਉਮੀਦਵਾਰ ਬਣਨ ਦੇ ਦਾਅਵੇਦਾਰ ਸਨ, ਨੇ ਇਸ ਤੋਂ ਪਹਿਲਾਂ ਬੀਤੇ ਹਫਤੇ ਆਪਣੇ ਗ੍ਰਹਿ ਰਾਜ ਦੱਖਣੀ ਕੈਰੋਲੀਨਾ ਦੀਆਂ ਪ੍ਰਾਇਮਰੀ ਚੋਣਾਂ ਵਿੱਚ ਵਿਰੋਧੀ ਨਿੱਕੀ ਹੈਲੀ ਨੂੰ ਹਰਾਇਆ ਸੀ। ਕਿਸੇ ਵੀ ਦਾਅਵੇਦਾਰ ਨੂੰ ਪਾਰਟੀ ਦਾ ਉਮੀਦਵਾਰ ਬਣਨ ਲਈ 1,215 ਡੈਲੀਗੇਟਾਂ ਦੇ ਸਮਰਥਨ ਦੀ ਲੋੜ ਹੁੰਦੀ ਹੈ। ਬੀਤੇ ਹਫਤੇ ਹੇਲੀ ਨੇ 17 ਡੈਲੀਗੇਟਾਂ ਦਾ ਸਮਰਥਨ ਹਾਸਲ ਕਰ ਲਿਆ ਸੀ ਅਤੇ ਟਰੰਪ ਨੇ 92 ਡੈਲੀਗੇਟਾਂ ਦਾ ਸਮਰਥਨ ਹਾਸਲ ਕਰ ਲਿਆ ਸੀ।

***

## ਪੱਛਮੀ ਦੇਸ਼ਾਂ ਨੂੰ ਪੁਤਿਨ ਨੇ

ਉਸਨੇ ਆਪਣੀ ਚਿਤਾਵਨੀ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੂੰ ਯੂਰਪੀਅਨ ਨਾਟੋ ਮੈਂਬਰਾਂ ਦੁਆਰਾ ਯੂਕਰੇਨ ਵਿੱਚ ਜ਼ਮੀਨੀ ਫੌਜ ਭੇਜਣ ਦੇ ਵਿਚਾਰ ਦੇ ਪ੍ਰਤੀਕਰਮ ਵਜੋਂ ਦਿੱਤੀ। ਹਾਲਾਂ ਕਿ ਇਸ ਸੁਝਾਅ ਨੂੰ ਅਮਰੀਕਾ, ਜਰਮਨੀ, ਬ੍ਰਿਟੇਨ ਅਤੇ ਹੋਰਾਂ ਨੇ ਤੁਰੰਤ ਰੱਦ ਕਰ ਦਿੱਤਾ ਸੀ।

ਪੁਤਿਨ ਨੇ ਕਿਹਾ ਕਿ ਪੱਛਮੀ ਦੇਸ਼ਾਂ ਨੂੰ ਸਮਝਣਾ ਚਾਹੀਦਾ ਹੈ ਕਿ ਸਾਡੇ ਕੋਲ ਵੀ ਅਜਿਹੇ ਹਥਿਆਰ ਹਨ ਜੋ ਉਨ੍ਹਾਂ ਦੇ ਖੇਤਰ ਵਿਚ ਹਮਲਾ ਕਰ ਸਕਦੇ ਹਨ। ਪੁਤਿਨ ਨੇ ਕਿਹਾ- ਕੀ ਉਨ੍ਹਾਂ ਨੂੰ ਇਹ ਗੱਲ ਸਮਝ ਨਹੀਂ ਆ ਰਹੀ ਕਿ ਇਹ ਛੇੜਖ਼ਾਨੀ ਮਹਿੰਗੀ ਪਵੇਗੀ? ਤੁਹਾਨੂੰ ਦੱਸ ਦੇਈਏ ਕਿ ਰੂਸ 'ਚ 15-17 ਮਾਰਚ ਨੂੰ ਰਾਸ਼ਟਰਪਤੀ ਚੋਣਾਂ ਹੋਣ ਜਾ ਰਹੀਆਂ ਹਨ। ਇਸ ਤੋਂ ਪਹਿਲਾਂ ਉਹ ਆਪਣੇ ਦੇਸ਼ ਨੂੰ ਸੰਬੋਧਨ ਕਰ ਰਹੇ ਸਨ। ਪੁਤਿਨ ਅਗਲੇ ਛੇ ਸਾਲਾਂ ਲਈ ਚੁਣੇ ਜਾਣਗੇ। ਉਸ ਦਾ ਦੁਬਾਰਾ ਚੁਣਿਆ ਜਾਣਾ ਨਿਸ਼ਚਿਤ ਹੈ। ਪੁਤਿਨ ਅਨੁਸਾਰ ਰੂਸ ਦੇ ਕੋਲ ਵਿਸ਼ਾਲ ਆਧੁਨਿਕ ਪਰਮਾਣੂ ਹਥਿਆਰਾਂ ਦਾ ਭੰਡਾਰ ਹੈ।

***

## ਕਿਸੇ ਵੀ ਪਾਰਟੀ ਲਈ ਸੌਖਾ

ਖ਼ੈਰ! ਜੇਕਰ ਸੱਚਮੁੱਚ ਹੀ ਲੋਕ ਸਭਾ ਚੋਣਾਂ ਵਿੱਚ ਪੰਜਾਬ ਵਿੱਚ ਚਾਰਕੋਨਾ ਮੁਕਾਬਲਾ ਹੋਇਆ ਤਾਂ ਰਾਜਨੀਤਕ ਮਾਹਿਰਾਂ ਦਾ ਮੰਨਣਾ ਹੈ ਕਿ ਕਾਂਗਰਸ ਦਾ ਹੱਥ ਸਭ ਤੋਂ ਉੱਪਰ ਰਹੇਗਾ। ਵੱਖ-ਵੱਖ ਸਰਵੇਖਣਾਂ ਅਤੇ ਏਜੰਸੀਆਂ ਦੀਆਂ ਰਿਪੋਰਟਾਂ ਅਨੁਸਾਰ ਇਸ ਵੇਲੇ ਪੰਜਾਬ ਵਿੱਚ ਕਾਂਗਰਸ ਦੀ ਸਥਿਤੀ ਕਾਫ਼ੀ ਚੰਗੀ ਹੈ ਬਸ਼ਰਤੇ ਕਿ ਕਾਂਗਰਸ ਵਿੱਚ ਕੋਈ ਨਵੀਂ ਫੁੱਟ ਜਾਂ ਟਿਕਟਾਂ ਦੀ ਵੰਡ ਨੂੰ ਲੈ ਕੇ ਕੋਈ ਨਵਾਂ ਰੌਲਾ ਨਾ ਪੈ ਜਾਵੇ ਅਤੇ ਉਮੀਦਵਾਰਾਂ ਦੀ ਚੋਣ ਠੀਕ ਹੋ ਜਾਵੇ। ਜਿਥੋਂ ਤੱਕ 'ਆਪ' ਦਾ ਸੰਬੰਧ ਹੈ, ਹੁਕਮਰਾਨ ਪਾਰਟੀ ਨੂੰ ਹੁਕਮਰਾਨ ਹੋਣ ਦਾ ਫਾਇਦਾ ਤਾਂ ਹੁੰਦਾ ਹੀ ਹੈ ਪਰ ਉਸ ਦੇ ਖ਼ਿਲਾਫ਼ 'ਐਂਟੀ-ਇਨਕੁਬੈਂਸੀ' (ਸੱਤਾ ਵਿਰੋਧੀ ਭਾਵਨਾ) ਵੀ ਉਭਰਦੀ ਹੀ ਹੈ। ਜਲੰਧਰ ਉਪ ਚੋਣ ਵਿੱਚ ਜਿੱਤ ਕੋਈ ਪੈਮਾਨਾ ਨਹੀਂ ਹੈ, ਕਿਉਂਕਿ ਜਿਸ ਰਣਨੀਤੀ ਨਾਲ 'ਆਪ' ਨੇ ਉਹ ਚੋਣ ਜਿੱਤੀ ਸੀ, ਹੁਣ ਉਹ ਰਣਨੀਤੀ ਓਨਾ ਕੰਮ ਨਹੀਂ ਕਰ ਸਕੇਗੀ ਪਰ 'ਆਪ' ਮੁਕਾਬਲੇ ਤੋਂ ਬਾਹਰ ਨਹੀਂ ਹੈ। ਜਦੋਂ ਕਿ ਚਾਰਕੋਨੇ ਮੁਕਾਬਲੇ ਵਿੱਚ ਅਕਾਲੀ ਦਲ ਵੀ ਕੁਝ ਸੀਟਾਂ 'ਤੇ ਤਕੜਾ ਮੁਕਾਬਲਾ ਦੇਣ ਦੇ ਸਮਰੱਥ ਨਜ਼ਰ ਆ ਰਿਹਾ ਹੈ, ਕਿਉਂਕਿ ਉਸ ਦਾ ਕਾਡਰ ਅਜੇ ਵੀ ਉਸ ਦੇ ਨਾਲ ਖੜ੍ਹਾ ਹੈ। ਸਾਡੀ ਜਾਣਕਾਰੀ ਅਨੁਸਾਰ ਅਕਾਲੀ ਦਲ ਜਿੱਤ ਦੀਆਂ ਸੰਭਾਵਨਾਵਾਂ ਵਾਲੀਆਂ ਕੁਝ ਸੀਟਾਂ ਦੀ ਪਛਾਣ ਕਰ ਰਿਹਾ, ਜਿਥੇ ਉਹ ਅੱਡੀ ਚੋਟੀ ਦਾ ਜ਼ੋਰ ਲਾਵੇ ਗਾ। ਇਨ੍ਹਾਂ ਚੋਣਾਂ ਵਿੱਚ ਭਾਜਪਾ ਇਕੱਲਿਆਂ ਚੋਣ ਲੜ ਕੇ ਕੋਈ ਸੀਟ ਜਿੱਤਦੀ ਹੈ ਜਾਂ ਨਹੀਂ ਅਜੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਉਹ 2-3 ਸੀਟਾਂ 'ਤੇ ਮੁਕਾਬਲੇ ਵਿੱਚ ਤਾਂ ਹੋਵੇਗੀ ਹੀ। ਉਂਝ ਇਹ ਗੱਲ ਪੱਕੀ ਹੈ ਕਿ ਜੇ ਭਾਜਪਾ ਇਕੱਲੀ ਚੋਣ ਲੜਦੀ ਹੈ ਤਾਂ ਉਸ ਦੇ ਵੋਟ ਫ਼ੀਸਦੀ ਵਿੱਚ ਵੱਡਾ ਵਾਧਾ ਹੋਵੇਗਾ ਪਰ ਜੇਕਰ ਕੇਂਦਰ ਸਰਕਾਰ ਨੇ ਪੰਜਾਬ ਅਤੇ ਕਿਸਾਨਾਂ ਦੀਆਂ ਕੁਝ ਮੰਗਾਂ ਮੰਨ ਕੇ ਸਮਝੌਤਾ ਕਰ ਲਿਆ ਤੇ ਉਸ ਦਾ ਅਕਾਲੀ ਦਲ ਨਾਲ ਫਿਰ ਸਮਝੌਤਾ ਹੋ ਗਿਆ ਤੇ ਪੰਜਾਬ ਵਿੱਚ ਚੋਣ ਮੁਕਾਬਲਾ ਚਾਰਕੋਨੇ ਦੀ ਬਜਾਏ ਤਿਕੋਣਾ ਹੋ ਗਿਆ ਤਾਂ ਹਾਲਾਤ ਕਾਫ਼ੀ ਬਦਲ ਜਾਣਗੇ।

****

## ਕੀ ਮਿਲ ਸਕੇਗਾ ਸ਼ੁਭਕਰਨ ਨੂੰ ਇਨਸਾਫ਼?

ਇਸ ਨੇ ਸਾਬਿਤ ਕਰ ਦਿੱਤਾ ਹੈ ਕਿ 'ਆਪ' ਸਰਕਾਰ ਨੇ ਇਹ ਐਫ.ਆਈ.ਆਰ. ਗਲਤ ਇਰਾਦੇ ਨਾਲ ਦਰਜ ਕੀਤੀ ਹੈ।

ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਸਰਕਾਰ ਨੂੰ ਘੇਰਦਿਆਂ ਟਵੀਟ ਕੀਤਾ ਕਿ ਕਿਸਾਨ ਸ਼ੁਭਕਰਨ ਦੀ ਹੱਤਿਆ ਮਾਮਲੇ 'ਚ ਦੇਰੀ ਨਾਲ ਦਰਜ ਹੋਈ ਐਫ.ਆਈ.ਆਰ. ਬਹਿਬਲ ਕਲਾਂ ਕਾਂਡ ਦੀ ਇਕ ਦੁਹਰਾਈ ਕਹਾਣੀ ਹੈ, ਜਿਥੇ 2015 'ਚ 2 ਸਿੱਖਾਂ ਨੂੰ ਗੋਲੀਆਂ ਮਾਰਨ ਵਾਲੀ ਵਰਦੀ ਵਿੱਚ ਪੁਲਿਸ ਵੀ ਅਣਜਾਣ ਸੀ ਤੇ ਇਥੇ ਵੀ ਦੋਸ਼ੀ ਪੁਲਿਸ ਅਣਜਾਣ ਹੈ। ਉਨ੍ਹਾਂ ਆਖਿਆ ਕਿ ਭਗਵੰਤ ਮਾਨ ਨੂੰ ਐਫ.ਆਈ.ਆਰ. ਵਿੱਚ ਲਗਭਗ 10 ਦਿਨਾਂ ਦੀ ਹੋਈ ਦੇਰੀ ਅਤੇ ਉਹ ਵੀ ਅਣਪਛਾਤੇ ਵਿਰੁੱਧ ਕਿਉਂ ਕੀਤੀ ਗਈ ਅਤੇ ਹਰਿਆਣਾ ਪੁਲਿਸ ਵਲੋਂ ਜੋ ਪੰਜਾਬ ਵਿੱਚ 250 ਤੋਂ ਵੱਧ ਕਿਸਾਨਾਂ ਦੇ ਟਰੈਕਟਰਾਂ ਨੂੰ ਨੁਕਸਾਨ ਪਹੁੰਚਾਉਣ ਤੇ ਹਿੰਸਾ ਲਈ ਕੌਣ ਜ਼ਿੰਮੇਵਾਰ ਹੋਵੇਗਾ, ਬਾਰੇ ਦੱਸਣਾ ਚਾਹੀਦਾ ਹੈ।

ਹਾਈਕੋਰਟ ਦੇ ਵਕੀਲ ਰਾਜਵਿੰਦਰ ਸਿੰਘ ਬੈਂਸ ਦਾ ਕਹਿਣਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਨੂੰ ਹਰਿਆਣਾ ਦੇ ਮੁੱਖ ਮੰਤਰੀ ਨਾਲ ਗੱਲ ਕਰਨੀ ਚਾਹੀਦੀ ਹੈ ਕਿ ਉਹ ਪੰਜਾਬ ਦੇ ਨਾਗਰਿਕਾਂ ਵਿਰੁੱਧ ਅਜਿਹੀ ਕਾਰਵਾਈ ਬੰਦ ਕਰਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਨਹੀਂ ਤਾਂ ਪੰਜਾਬ ਸਰਕਾਰ ਨੂੰ ਪੁਲਿਸ ਰਾਹੀਂ ਆਪਣੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਦਮ ਚੁੱਕਣੇ ਪੈਣਗੇ।

***

## ਖੇਡਾਂ ਵਿੱਚ ਲੜਕੀਆਂ ਦੀ

+ਇੱਕ ਕਹਾਵਤ 'ਹੋਨਾਹਰ ਬਿਰਵਾਨ ਕੇ ਚਿਕਨੇ ਪਾਤ' ਪੂਰੀ ਤਰ੍ਹਾਂ ਦੂਤੀ 'ਤੇ ਲਾਗੂ ਹੁੰਦੀ ਹੈ। ਇੰਨਾ ਹੀ ਨਹੀਂ ਦੂਤੀ ਨੂੰ ਇਸ ਗੇਮ 'ਚ ਹਿੱਸਾ ਲੈਣ ਲਈ ਕਾਨੂੰਨੀ ਲੜਾਈ ਵੀ ਲੜਨੀ ਪਈ ਪਰ ਦੁਤੀ ਨੇ ਇਹ ਲੜਾਈ ਵੀ ਜਿੱਤ ਲਈ। ਅੱਜ ਦੂਤੀ ਭਾਰਤ ਦੇ ਸਭ ਤੋਂ ਤੇਜ਼ ਦੌੜਨ ਵਾਲੇ ਐਥਲੀਟਾਂ ਵਿੱਚੋਂ ਇੱਕ ਹੈ।

**ਪੀਵੀ ਸਿੰਧੂ-** ਤੇਲੰਗਾਨਾ ਦੀ ਰਹਿਣ ਵਾਲੀ ਪੀਵੀ ਸਿੰਧੂ ਸਿਰਫ਼ 21 ਸਾਲ ਦੀ ਉਮਰ ਵਿੱਚ ਰੀਓ ਉਲੰਪਿਕ ਵਿੱਚ ਚਾਂਦੀ ਦਾ ਤਗ਼ਮਾ ਜਿੱਤਣ ਵਾਲੀ ਭਾਰਤ ਦੀ ਪਹਿਲੀ ਬੈਡਮਿੰਟਨ ਖਿਡਾਰਨ ਹੈ। ਉਹ ਦੁਨੀਆਂ ਦੇ ਟਾਪ-10 ਖਿਡਾਰੀਆਂ 'ਚ ਸ਼ਾਮਲ ਹੈ। ਭਾਵੇਂ ਉਹ ਮਰਦ ਹੋਵੇ ਜਾਂ ਔਰਤ, ਸਿੰਧੂ ਤੋਂ ਪਹਿਲਾਂ ਕੋਈ ਵੀ ਭਾਰਤੀ ਖਿਡਾਰੀ ਵਿਸ਼ਵ ਬੈਡਮਿੰਟਨ ਚੈਂਪੀਅਨਸ਼ਿਪ ਨਹੀਂ ਜਿੱਤ ਸਕਿਆ ਹੈ।

**ਕੀ ਹੈ ਖੇਡਾਂ ਵਿੱਚ ਔਰਤਾਂ ਦੀ ਹਿੱਸੇਦਾਰੀ?**

ਅੰਕੜਿਆਂ ਦੀ ਗੱਲ ਕਰੀਏ ਤਾਂ ਪਿਛਲੇ ਪੰਜ ਸਾਲਾਂ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮਹਿਲਾ ਖਿਡਾਰੀਆਂ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਹੋਇਆ ਹੈ। ਖੇਡ ਮੰਤਰਾਲੇ ਦੀ ਇੱਕ ਰਿਪੋਰਟ ਦੇ ਅਨੁਸਾਰ, 2018 ਤੋਂ 2020 ਦੀ ਮਿਆਦ ਦੇ ਦੌਰਾਨ ਖੇਲੋ ਇੰਡੀਆ ਖੇਡਾਂ ਵਿੱਚ ਮਹਿਲਾ ਖਿਡਾਰੀਆਂ ਦੀ ਹਿੱਸੇਦਾਰੀ ਵਿੱਚ ਕੁੱਲ ਮਿਲਾ ਕੇ 160 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਇਸ ਦੇ ਨਾਲ ਹੀ, ਉਲੰਪਿਕ ਡੇਟਾਬੇਸ ਦੇ ਅਨੁਸਾਰ, ਸਾਲ 2000 ਵਿੱਚ, ਉਲੰਪਿਕ ਖੇਡਾਂ ਵਿੱਚ ਔਰਤਾਂ ਦੀ ਕੁੱਲ 38 ਪ੍ਰਤੀਸ਼ਤ ਹਿੱਸੇਦਾਰੀ ਦੇਖੀ ਗਈ ਸੀ, ਜੋ ਸਾਲ 2016 ਵਿੱਚ ਵੱਧ ਕੇ 45 ਪ੍ਰਤੀਸ਼ਤ ਅਤੇ ਸਾਲ 2020 ਵਿੱਚ 47 ਪ੍ਰਤੀਸ਼ਤ ਹੋ ਗਈ ਸੀ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com